
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ
# ਦੇਸ਼ ਦੁਆਬਾ

VOL -10 ISSUE - 5
May 12, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਡਾ. ਅੰਬੇਡਕਰ ਜੀ ਦਾ ਜਨਮ ਦਿਨ 16 ਮਈ 2021 ਨੂੰ ਮਨਾਇਆ ਜਾ ਰਿਹਾ ਹੈ। (ਹੋਰ ਜਾਣਕਾਰੀ ਲਈ ਦੇਖੋ ਸਫਾ 2)



ਡਾ ਅੰਬੇਦਕਰ ਦੇ ਜਨਮ ਦਿਨ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਬੋਲੀਨਾ ਵਿਖੇ ਕੰਪਿਊਟਰ ਸੈਂਟਰ ਅਤੇ ਲਾਇਬ੍ਰੇਰੀ ਦਾ ਉਦਘਾਟਨ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 24 'ਤੇ)

# ਪਾਬੰਦੀਆਂ ਤੋਂ ਬਾਅਦ ਕੋਰੋਨਾ ਇਨਫੈਕਸ਼ਨ 'ਚ ਕਮੀ

## ਨਵੇਂ ਮਰੀਜਾਂ ਦੀ ਗਿਣਤੀ ਵਿਚ ਦੋ ਦਿਨਾਂ ਤੋਂ ਗਿਰਾਵਟ ਆਈ

**ਨਵੀਂ ਦਿੱਲੀ (ਬਿਊਰੋ)-** ਦੇਸ਼ 'ਚ ਕੋਰੋਨਾ ਇਨਫੈਕਸ਼ਨ ਦੀ ਦੂਜੀ ਲਹਿਰ ਨੂੰ ਲੈ ਕੇ ਹੁਣ ਰਾਹਤ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਬੀਤੇ 4 ਦਿਨ ਲਗਾਤਾਰ 4 ਲੱਖ ਤੋਂ ਜਿਆਦਾ ਕੋਰੋਨਾ ਇਨ-ਫੈਕਸ਼ਨ ਦੇ ਨਵੇਂ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਹੁਣ ਇਸ 'ਚ ਦੋ ਦਿਨਾਂ ਤੋਂ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਅਜਿਹੇ`ਚ ਕੋਰੋਨਾ ਦੀ ਦੂਜੀ ਲਹਿਰ ਨੂੰ ਲੈ ਕੇ ਇਸ ਨੂੰ ਚੰਗਾ ਸੰਕੇਤ ਮੰਨਿਆ ਜਾ ਰਿਹਾ ਹੈ। ਵਰਣਨਯੋਗ ਹੈ ਕਿ ਸਿਹਤ ਮੰਤਰਾਲੇ ਮੁਤਾਬਿਕ ਬੀਤੇ 24 ਘੰਟਿਆਂ ਦੌਰਾਨ 3,48,421 ਕੋਰੋਨਾ ਦੇ ਨਵੇਂ ਮਾਮਲੇ ਸਾਹਮਣੇ ਆਏ ਹਨ। ਅਜਿਹੇ`ਚ ਸਿਹਤ ਜਗਤ ਨਾਲ ਜੁੜੇ ਮਾਹਰਾਂ ਦਾ ਵੀ ਮੰਨਣਾ ਹੈ ਕਿ ਸ਼ਾਇਦ ਦੇਸ਼`ਚ ਕੋਰੋਨਾ ਦੀ ਦੂਜੀ ਲਹਿਰ ਦਾ ਪੀਕ ਹੁਣ ਨਿਕਲ ਗਿਆ ਹੈ। ਸਫਦਰਜੰਗ ਹਸਪਤਾਲ ਦੇ ਕਮਿਊਨਿਟੀ ਮੈਡੀਸਨ ਡਿਪਾਰਟਮੈਂਟ ਦੇ ਮੁੱਖ ਡਾ. ਜੁਗਲ ਕਿਸ਼ੋਰ ਦਾ ਕਹਿਣਾ ਹੈ ਕਿ ਦੇਸ਼ 'ਚ ਦੂਜੀ ਲਹਿਰ ਦਾ ਸਿਖਰ ਹੁਣ ਖ਼ਤਮ ਹੋ ਚੁੱਕਾ ਹੈ। ਇਨਫੈਕਸ਼ਨ ਦੇ ਨਵੇਂ ਮਾਮਲਿਆਂ 'ਚ ਹੌਲੀ-ਹੌਲੀ ਗਿਰਾਵਟ ਦਰਜ ਕੀਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਦੂਜੀ ਲਹਿਰ ਦਾ ਪੀਕ ਜ਼ਰੂਰ ਖ਼ਤਮ ਹੋ ਚੁੱਕਾ ਹੈ ਪਰ ਸੂਬਾ ਪੱਧਰ 'ਤੇ ਵੀ ਅਜੇ ਇਹ ਪੂਰੀ ਤਰਾਂ ਨਾਲ ਖ਼ਤਮ ਨਹੀਂ ਹੋਇਆ।

**ਹੁਣ ਬੱਚਿਆਂ ਨੂੰ ਜਿਆਦਾ ਖ਼ਤਰਾ**

ਡਾ. ਜੁਗਲ ਕਿਸ਼ੋਰ ਦਾ ਕਹਿਣਾ ਹੈ ਕਿ ਤੀਜੀ ਲਹਿਰ`ਚ ਨਵਜੰਮੇ ਬੱਚੇ ਜਿਆਦਾ ਇਨਫੈਕਟਿਡ ਹੋ ਸਕਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਤੀਜੀ ਲਹਿਰ



ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਪਰ ਇਸ ਨੂੰ ਰੋਕਿਆ ਵੀ ਜਾ ਸਕਦਾ ਹੈ। ਇਸ ਲਈ ਤੇਜ਼ੀ ਨਾਲ ਵੈਕਸੀਨੇਸ਼ਨ ਕਰਨੀ ਪਵੇਗੀ। ਜਿਆਦਾ ਤੋਂ ਜਿਆਦਾ ਵੈਕਸੀਨੇਸ਼ਨ ਹੋਣ ਦੀ ਸੂਰਤ`ਚ ਵਾਇਰਸ ਦਾ ਖ਼ਤਰਨਾਕ ਰੂਪ ਬਦਲ ਜਾਵੇਗਾ ਤੇ ਅਸੀਂ ਇਸ ਨੂੰ ਠੱਲ ਪਾਈ ਜਾ ਸਕੇਗੀ।

**2-18 ਸਾਲ ਦੇ ਉਮਰ ਵਰਗ ਦੇ ਲਾਉਣ ਲਈ**

**ਟ੍ਰਾਇਲ ਦੀ ਸਿਫ਼ਾਰਸ਼**

ਮਾਹਿਰਾਂ ਦੇ ਪੈਨਲ ਨੇ ਭਾਰਤ ਬਾਇਓਟੈੱਕ ਦੀ ਕੋਵਿਡ-19 ਵੈਕਸੀਨ ਕੋਵੈਕਸਿਨ ਦਾ 2-18 ਸਾਲ ਦੀ ਉਮਰ ਵਰਗ 'ਤੇ ਟ੍ਰਾਇਲ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਹ ਟ੍ਰਾਇਲ ਏਮਜ਼ ਦਿੱਲੀ, ਏਮਜ਼ ਪਟਨਾ ਤੇ ਮੈਡੀਟੈਰਿਨਾ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਨਾਗਪੁਰ ਵਿੱਚ ਕੀਤਾ ਜਾਵੇਗਾ।

**ਆਕਸੀਜਨ ਦੀ ਕਮੀ ਦੂਰ ਹੋਵੇਗੀ**

ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਦੇਸ਼ 'ਚ ਆਕਸੀਜਨ ਦੀ ਕਮੀ ਦੂਰ ਕਰਨ ਲਈ ਸਰਕਾਰ ਜਲਦ ਪੈਰਬੰਧ ਕਰਨ ਲੱਗੀ ਹੋਈ ਹੈ। ਸਰਕਾਰ ਪੰਜ ਦੇਸ਼ਾਂ ਤੋਂ 5,805 ਟਨ ਆਕਸੀਜਨ ਦਰਾਮਦ ਕਰਨ ਜਾ ਰਹੀ ਹੈ। ਇਸ 'ਚੋਂ 3,440 ਟਨ ਯੂਐੱਸ ਤੋਂ, 1,505 ਟਨ ਕੁਵੈਤ ਤੋਂ, 600 ਟਨ ਫਰਾਂਸ ਤੋਂ, 200 ਟਨ ਸਿੰਗਾਪੁਰ ਤੋਂ ਤੇ 60 ਟਨ ਬਹਿਰੀਨ ਤੋਂ ਦਰਾਮਦ ਕੀਤੀ ਜਾਵੇਗੀ। ਇਸ ਨਾਲ ਪੀਐੱਮ ਕੇਅਰਜ਼ ਫੰਡ ਤੋਂ ਸਰਕਾਰ ਇਕ ਲੱਖ ਆਕਸੀਜਨ ਕੰਸਨਟੈਰੇਟਰ ਖਰੀਦਣ ਜਾ ਰਹੀ ਹੈ। ਆਕਸੀਜਨ ਦੀ ਸਪਲਾਈ ਨਿਸ਼ਚਿਤ ਕਰਨ ਲਈ ਸਰਕਾਰ 1,619 ਆਕਸੀਜਨ ਪਲਾਂਟ ਲਗਾਉਣ ਜਾ ਰਹੀ ਹੈ। ਸਪਲਾਈ ਵਧਾਉਣ ਲਈ ਸਰਕਾਰ ਨੇ ਆਰ-ਗੋਨ ਤੇ ਨਾਈਟੈਰੋਜਨ ਟਿਪਿੰਗ ਵਾਲੇ 408 ਟੈਂਕਰ ਨੂੰ ਆਕਸੀਜਨ ਟੈਂਕਰ 'ਚ ਬਦਲ ਦਿੱਤਾ ਹੈ।



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC

Dr. Paramjit S Takhar, MD
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com

BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.


We do Outdoor & Indoor Catering for all your Events
1600 Washington Ave. San Leandro.CA 94577
Indian Grill
Indiangrillsanleandro.com
Pal343@ yahoo.com
510-878-2704, 510-332-1074 Mobile
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



**Guru- Piari Sadh Sangat Ji,**

**May 16, 2021**
**Dr. Bhimrao Ambedkar's 130th Birth Anniversary,**

Guru Ravidass Sabha will be celebrating Baba Sahib Dr. Bhimrao Ambedkar's 130th Birth Anniversary on Sunday, **May 16, 2021**. Sukhmani Sahib Path will be followed by Guru Ka Kiran. Baba Saheb was a leader, politician and a scholar. As independent India's first law minister, he was the principal architect of the Constitution of India. He fought for women's rights and human rights for the poor people of India. You are humbly requested to come and join us in the celebration.

**May 16, 2021**
**Sukhmani Sahib Path and**
**Langar Sewa In memory of Diljaan**

Rising star, Diljaan , a famous Punjabi singer, died in a tragic car accident on his way to Amritsar from Jalandhar on **March 30, 2021.** He was a very pleasant young man with a great future. He visited this Gurughar just a few month ago. Ricky Pal will be hosting Sukhmani Sahib path for peace for the departed soul. May Gold bless his soul and give courage to his family to bear this unfortunate loss.


Jagtar Bhatia (Chairman)


Shinderpal Narabut (President)


Dharampal Chonkaria (Gen. Secretary)


Vinod Kumar (Treasurer)

## ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,


Jaila Jaggi


Salinder Bhatia

## LEGAL COMMITTEE


Ajai Paul Ram


Shashi Paul


Sri Guru Ravidass Sabha Committee Members & more

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |

# ਗੈਰ ਕਾਨੂੰਨੀ ਢੰਗ ਤਰੀਕੇ ਨਾਲ ਹਥਿਆਰ ਖਰੀਦਣ ਦੇ ਮਾਮਲੇ ਵਿਚ 3 ਫੌਜੀ ਗ੍ਰਿਫਤਾਰ

**ਸੈਕਰਾਮੈਂਟੋ 12 ਮਈ (ਹੁਸਨ ਲੜੋਆ ਬੰਗਾ)**- ਸੰਘੀ ਏਜੰਟਾਂ ਨੇ ਫੋਰਟ ਕੈਂਪਬੈਲ ਵਾਸੀ 3 ਫੌਜੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਹਥਿਆਰ ਖਰਦੀਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਹੈ। ਇਸ ਮਾਮਲੇ ਦਾ ਪਰਦਾਫਾਸ਼ ਇਨਾਂ ਹਥਿਆਰਾਂ ਦੀ ਵਰਤੋਂ ਸਮਾਜ ਵਿਰੋਧੀ ਅਨਸਰਾਂ ਵੱਲੋਂ ਕਰਨ ਉਪਰੰਤ ਹੋਇਆ ਸੀ। ਗੈਰਿਫਤਾਰ ਕੀਤੇ ਫੌਜੀਆਂ ਵਿਚ ਡੇਮਾਰਕਸ ਐਡਮਜ, ਜਾਰੀਅਸ ਬਰੂਨਸਨ ਤੇ ਬਰਾਨਡਨ ਮਿਲਰ ਸ਼ਾਮਿਲ ਹਨ। ਇਨਾਂ ਸਾਰਿਆਂ ਦੀ ਉਮਰ 22 ਸਾਲ ਦੇ ਕਰੀਬ ਹੈ। ਇਹ ਸਾਰੇ ਅਮਰੀਕੀ ਫੌਜ ਦੇ ਕਲਾਰਕਸਵਿਲੇ ਟਿਕਾਣੇ ਉਪਰ ਤਾਇਨਾਤ ਸਨ। ਗੈਰਿਫਤਾਰੀਆਂ ਦਾ ਖੁਲਾਸਾ ਅਮਰੀਕੀ ਫੌਜ ਦੀ ਕੈਰਿਮੀਨਲ ਜਾਚ ਡਵੀਜ਼ਨ ਦੇ ਕਾਰਜਕਾਰੀ ਅਟਾਰਨੀ ਮੈਰੀ ਜੇਨ ਸਟੀਵਰਟ ਨੇ ਕੀਤਾ।


ਇਸ ਮਾਮਲੇ ਦੀ ਜਾਂਚ ਇਸ ਸਾਲ 26 ਮਾਰਚ ਨੂੰ ਸ਼ੁਰੂ ਹੋਈ ਸੀ ਜਦੋਂ ਸ਼ਿਕਾਗੋ ਪੁਲਿਸ ਇਕ ਗੋਲੀਬਾਰੀ ਦੀ ਘਟਨਾ ਉਪਰੰਤ ਮੌਕੇ ਉਪਰ ਪੁੱਜੀ ਸੀ ਜਿਥੇ ਦੋ ਵਿਅਕਤੀਆਂ ਨੇ ਇਕ ਪਾਰਟੀ ਵਿਚ ਗੋਲੀਬਾਰੀ ਕੀਤੀ ਸੀ।

ਪੁਲਿਸ ਨੂੰ ਮੌਕੇ ਤੋਂ ਬਹੁਤ ਸਾਰੇ ਹਥਿਆਰ ਬਰਾਮਦ ਹੋਏ ਸਨ ਤੇ ਇਨਾਂ ਵਿਚੋਂ ਪੰਜ ਹਥਿਆਰਾਂ ਦੀ ਖਰੀਦ ਕਰਾਲਕਸਵਿਲੇ ਦੇ ਫੈਡਰਲ ਫਾਇਰਆਰਮਜ ਲਾਇੰਸੈਂਸਡ ਡੀਲਰਾਂ ਤੋਂ ਹਾਲ ਹੀ ਵਿਚ ਕੀਤੀ ਗਈ ਸੀ। ਜਾਂਚ ਉਪਰੰਤ ਪਤਾ ਲੱਗਾ ਕਿ ਬਹੁਗਿਣਤੀ ਹਥਿਆਰ ਐਡਮਜ, ਬਰੂਨਸਨ ਤੇ ਮਿਲਰ ਨੇ ਖਰੀਦੇ ਸਨ।

ਇਨਾਂ ਨੇ ਸਤੰਬਰ 2019 ਤੋਂ ਬਾਅਦ 91 ਅਗਨ ਸ਼ਸ਼ਤਰ ਖੈਰੀਦੇ। ਇਹ ਅਗਨ ਸ਼ਸ਼ਤਰ ਕਲਾਰਕਸਵਿਲੇ, ਓਕ ਗਰੋਵ, ਕੈਂਟੂਕੀ, ਹੋਪਕਿਨਸਵਿਲੇ, ਫੋਰਟ ਕੈਂਪਬੈਲ ਤੇ ਪੈਡੂਕਾਹ ਤੋਂ ਵੱਖ ਵੱਖ ਡੀਲਰਾਂ ਤੋਂ ਖਰੀਦੇ ਗਏ ਸਨ। ਜੇਕਰ ਗੈਰਿਫਤਾਰ ਫੌਜੀਆਂ ਵਿਰੁੱਧ ਲਾਏ ਦੋਸ਼ ਸਹੀ ਸਾਬਤ ਹੋ ਗਏ ਤਾਂ ਇਨਾਂ ਵਿਚੋਂ ਹਰੇਕ ਨੂੰ 20 ਸਾਲ ਜੇਲ ਦੀ ਸਜਾ ਹੋ ਸਕਦੀ ਹੈ। ਇਨਾਂ ਵਿਰੁੱਧ ਹਥਿਆਰਾਂ ਨੂੰ ਦੂਸਰੇ ਰਾਜਾਂ ਵਿਚ ਲਿਜਾਣ, ਹਥਿਆਰ ਖਰੀਦਣ ਸਮੇ ਝੂਠੇ ਬਿਆਨ ਦੇਣ, ਲਾਇਸੰਸ ਤੋਂ ਬਗੈਰ ਹਥਿਆਰਾਂ ਦਾ ਕਾਰੋਬਾਰ ਕਰਨ, ਵਾਇਰ ਫਰਾਡ ਤੇ ਕਾਲਾ ਧੰਨ ਚਿੱਟਾ ਕਰਨ ਦੇ ਦੋਸ਼ ਲਾਏ ਗਏ ਹਨ।

# ਪਾਰਟੀ ਵਿਚ ਨਾ ਸੱਦਣ ਤੋਂ ਖਫਾ ਹੋ ਕੇ ਕੀਤੀ ਸੀ ਪਰੇਮੀ ਨੇ ਗੋਲੀਬਾਰੀ-ਪੁਲਿਸ ਮੁਖੀ

**ਸੈਕਰਾਮੈਂਟੋ 12 ਮਈ (ਹੁਸਨ ਲੜੋਆ ਬੰਗਾ)**- ਕੋਲੋਰਾਡੋ ਸਪਰਿੰਗਜ ਵਿਚ ਇਕ ਜਨਮ ਦਿਨ ਦੀ ਪਾਰਟੀ ਵਿਚ ਗੋਲੀਬਾਰੀ ਕਰਕੇ ਆਪਣੀ ਪਰੇਮਿਕਾ ਸਮੇਤ 6 ਜਣਿਆਂ ਦੀ ਹੱਤਿਆ ਕਰਨ ਵਾਲਾ ਪੈਰੇਮੀ ਪਾਰਟੀ ਵਿਚ ਨਾ ਸੱਦੇ ਜਾਣ ਤੋਂ ਖਫਾ ਸੀ। ਇਹ ਖੁਲਾਸਾ ਪੁਲਿਸ ਮੁਖੀ ਲੈਫਟੀਨੈਂਟ ਜੋਅ ਫਰਾ-ਬੀਲੇ ਨੇ ਕਰਦਿਆਂ ਕਿਹਾ ਕਿ 28 ਸਾਲਾ ਪੈਰੇਮੀ ਟੀਓਡੋਰੋ ਮੈਕੀਅਸ ਮਾਰੇ ਗਏ 6 ਵਿਅਕਤੀਆਂ ਵਿਚ ਸ਼ਾਮਿਲ ਸਾਂਡਰਾ ਇਬਾਰਾ ਨਾਲ ਪਿਆਰ ਕਰਦਾ ਸੀ। ਦੋਨੋਂ ਤਕਰੀਬਨ ਇਕ ਸਾਲ ਤੋਂ ਇਕ ਦੂਸਰੇ ਨੂੰ ਮਿਲਦੇ ਆ ਰਹੇ ਸਨ। ਪਾਰਟੀ ਵਿਚ ਨਾ ਸੱਦਣ 'ਤੇ ਉਹ ਤੈਸ਼ ਵਿਚ ਆ ਗਿਆ ਤੇ



ਉਸ ਨੇ ਬਿਨਾਂ ਸੋਚੇ ਸਮਝੇ ਆਪਣੀ ਪੈਰੇ-ਮਿਕਾ ਸਣੇ ਇਕੋ ਪਰਿਵਾਰ ਦੇ 6 ਜੀਆਂ ਦੀ ਗੋਲੀਆਂ ਮਾਰ ਕੇ ਹਤਿਆ ਕਰ ਦਿੱਤੀ ਉਪਰੰਤ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਕੇ ਖੁਦਕੁੱਸ਼ੀ ਕਰ ਲਈ।

ਪਾਰਟੀ ਵਿਚ ਸ਼ਾਮਿਲ 3 ਬੱਚੇ ਜਿਨਾਂ ਦੀ ਉਮਰ 2, 5 ਤੇ 11 ਸਾਲਾਂ ਦੀ ਸੀ, ਨੂੰ ਹਮਲਾਵਰ ਨੇ ਨਿਸ਼ਾਨਾ ਨਹੀਂ ਬਣਾਇਆ। ਪਾਰਟੀ ਵਿਚ ਸ਼ਾਮਿਲ ਇਕ ਹੋਰ ਵਿਅਕਤੀ ਬਚ ਗਿਆ ਸੀ। ਮਾਰੇ ਗਏ 6 ਪਰਿਵਾਰ ਦੇ ਜੀਆਂ ਵਿਚ ਜੋਆਨਾ ਕਰੂਜ਼, ਜੋਸ ਗੁਟੀਰੇਜ਼, ਜੋਸ ਇਬਾਰਾ, ਮੈਲਵਿਨ ਪਰੇਜ਼, ਮਾਇਰਾ ਪਰੇਜ਼ ਤੇ ਸਾਂਡਰਾ ਇਬਾਰਾ ਸ਼ਾਮਿਲ ਹਨ।

# ਪੰਜਾਬ ਦੇ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਦਾ ਦੇਹਾਂਤ

ਚੰਡੀਗੜ- ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਇੰ-ਦਰਜੀਤ ਸਿੰਘ ਜ਼ੀਰਾ ਦੀ ਬੁੱਧਵਾਰ ਨੂੰ ਮੁਹਾਲੀ ਦੇ ਨਿੱਜੀ ਹਸਪਤਾਲ ਵਿੱਚ ਕੈਂਸਰ ਨਾਲ ਮੌਤ ਹੋ ਗਈ। ਉਹ 63 ਸਾਲ ਦੇ ਸਨ। ਉਨੈਹਾਂ ਦੇ ਪਰਿਵਾਰ ਵਿੱਚ ਪਤਨੀ ਅਤੇ ਦੋ ਬੇਟੇ ਹਨ। ਉਨੈਹਾਂ ਦਾ ਵੱਡਾ ਬੇਟਾ ਕੁਲਬੀਰ ਸਿੰਘ ਜ਼ੀਰਾ ਰਾਜ ਦੇ ਜ਼ੀਰਾ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਵਿਧਾਇਕ ਹੈ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ।



ਸ੍ਰੀ ਇੰਦਰਜੀਤ ਸਿੰਘ ਜ਼ੀਰਾ ਦੇ ਦੇਹਾਂਤ ਕਾਰਨ ਪੰਜਾਬ ਸਰਕਾਰ ਨੇ ਅੱਜ ਦੇ ਬਾਕੀ ਰਹਿੰਦੇ ਸਮੇਂ ਲਈ ਸਮੂਹ ਸਰਕਾਰੀ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਕੀਤਾ ਹੈ। ਇਨੈਹਾਂ ਅਦਾਰਿਆਂ ਵਿੱਚ ਪੰਜਾਬ ਸਰਕਾਰ ਦੇ ਸਮੂਹ ਦਫਤਰ ਕਾਰਪੋਰੇਸ਼ਨਾਂ, ਬੋਰਡ ਅਤੇ ਵਿੱਦਿਅਕ ਸੰਸਥਾਵਾਂ ਨਾਲ ਸਬੰਧਤ ਦਫ਼ਤਰ ਸ਼ਾਮਲ ਹਨ। ਇਸ ਸੰਬੰਧੀ ਪੰਜਾਬ ਸਰਕਾਰ ਨੇ ਰਾਜ ਦੇ ਸਮੂਹ ਡਿਵੀਜ਼ਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਵੀ ਜਾਰੀ ਕੀਤਾ ਹੈ। ਸਨੌਰ ਦੇ ਵਿਧਾਇਕ ਹਰਿੰਦਰਪਾਲ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜੀ, ਅਗਜੈਕਟਿਵ ਮੈਂਬਰ ਸਤਵਿੰਦਰ ਸਿੰਘ ਟੌਹੜਾ, ਜਸਮੇਰ ਸਿੰਘ ਲਾਛੜੂ ਜਗਜੀਤ ਸਿੰਘ ਕੋਹਲੀ, ਬਹਾਦਰਗੜੈਹ ਸਰਕਲ ਦੇ ਪੈਰਧਾਨ ਕੁਲਦੀਪ ਹਰਪਾਲਪੁਰ, ਗੁਰਜੰਟ ਨੂਰਖੇੜੀਆਂ, ਬਲਵਿੰਦਰ ਸਿੰਘ ਦੌਣਕਲਾਂ ਨੇ ਸ੍ਰੀ ਜ਼ੀਰਾ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕੀਤਾ ਹੈ।

# ਜੈਵਿਕ ਹਥਿਆਰ ਨਾਲ ਜੁੜੇ ਦਸਤਾਵੇਜ਼ ਬਾਰੇ ਚੀਨ ਨੇ ਦਿੱਤੀ ਸਫਾਈ, ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ 'ਚ ਅਮਰੀਕਾ

**ਬੀਜਿੰਗ-** ਕੋਰੋਨਾ ਵਾਇਰਸ ਨੂੰ ਜੈਵਿਕ ਹਥਿਆਰ ਵਾਂਗ ਵਿਕਸਿਤ ਕਰਨ ਦੀ ਤਿਆਰੀ ਨਾਲ ਜੁੜੇ ਦਸਤਾਵੇਜ਼ ਬਾਰੇ ਚੀਨ ਨੇ ਸਫਾਈ ਦਿੱਤੀ ਹੈ। ਚੀਨ ਨੇ ਦਾਅਵਿਆਂ ਨੂੰ ਝੂਠਾ ਦੱਸਦੇ ਹੋਏ ਇਸ ਨੂੰ ਉਸ ਦੇ ਅਕਸ ਨੂੰ ਖ਼ਰਾਬ ਕਰਨ ਦੀ ਅਮਰੀਕਾ ਦੀ ਕੋਸ਼ਿਸ਼ ਦੱਸਿਆ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੂੰ ਚੀਨ ਦੇ ਸੈਨਿਕ ਵਿਗਿਆਨੀਆਂ ਅਤੇ ਮੈਡੀਕਲ ਅਧਿਕਾਰੀਆਂ ਦਾ ਲਿਖਿਆ ਦਸਤਾਵੇਜ਼ ਮਿਲਿਆ ਹੈ। ਇਸ ਦੇ ਮੁਤਾਬਕ 2015 'ਚ ਚੀਨ ਦੇ ਵਿਗਿਆਨੀ ਕੋਰੋਨਾ ਵਾਇਰਸ ਨੂੰ ਜੈਵਿਕ ਹਥਿਆਰ ਦੇ ਰੂਪ 'ਚ ਵਿਕਸਤ ਕਰਨ 'ਤੇ ਵਿਚਾਰ ਕਰ ਰਹੇ ਸਨ। ਚੀਨੀ ਵਿਦੇਸ਼ ਮੰਤਰਾਲੇ ਦੀ ਬੁਲਾਰਨ ਹੁਆ ਚਨਿਯੰਗ ਨੇ ਕਿਹਾ, ਮੈਂ ਰਿਪੋਰਟ ਦੇਖੀ ਹੈ। ਕੁਝ ਲੋਕ ਚੀਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਸਪੱਸ਼ਟ ਹੈ ਕਿ ਤੱਥਾਂ ਨੂੰ ਗਲਤ ਤਰੀਕੇ ਨਾਲ ਵਰਤਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਚੀਨ ਆਪਣੀ ਲੈਬੋਰਟਰੀ 'ਚ ਸੁਰੱਖਿਆ ਦਾ ਪੂਰਾ ਧਿਆਨ ਰੱਖਦਾ ਹੈ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਐਫ ਬੀ ਆਈ ਨੇ ਸਨ ਫਰਾਂਸਿਸਕੋ ਵਿਚ ਨਫਰਤੀ ਅਪਰਾਧ ਰੋਕਣ ਲਈ ਅਪਣਾਈ ਨਵੀਂ ਰਣਨੀਤੀ

**ਸੈਕਰਾਮੈਂਟੋ 8 ਮਈ –** ਇਸ ਹਫਤੇ ਦੇ ਸ਼ੁਰੂ ਵਿਚ ਏਸ਼ੀਅਨ ਮੂਲ ਦੀਆਂ ਦੋ ਔਰਤਾਂ ਉਪਰ ਹੋਏ ਹਮਲੇ ਉਪਰੰਤ ਨਫਰਤੀ ਅਪਰਾਧਾਂ ਨਾਲ ਨਜਿੱਠਣ ਲਈ ਸਨ ਫਰਾਂਸਿਸਕ ਵਿਚ ਐਫ ਬੀ ਆਈ ਨੇ ਨਵੀਂ ਰਣਨੀਤੀ ਅਪਣਾਈ ਹੈ। ਐਫ ਬੀ ਆਈ ਦੀ ਸਨ ਫਰਾਂਸਿਸਕੋ ਡਵੀਜਨ ਨੇ ਐਲਾਨ ਕੀਤਾ ਹੈ ਕਿ ਉਹ ਨਫਰਤੀ ਅਪਰਾਧਾਂ ਸਬੰਧੀ ਜਾਂਚ ਸਾਧਨਾਂ ਨੂੰ ਵਧਾਵੇਗੀ, ਲਾਅ ਇਨਫੋਰਸਮੈਂਟ ਭਾਈਵਾਲਾਂ ਨਾਲ ਤਾਲਮੇਲ ਵਿਚ ਸੁਧਾਰ ਕੀਤਾ ਜਾਵੇਗਾ, ਏਸ਼ੀਅਨ ਭਾਈਚਾਰੇ ਨਾਲ ਮੇਲ ਮਿਲਾਪ ਵਧਾਇਆ ਜਾਵੇਗਾ ਤੇ ਨਫਰਤੀ ਅਪਰਾਧਾਂ ਬਾਰੇ ਜਨਤਿਕ ਜਾਗਰੂਕਤਾ ਵਧਾਈ ਜਾਵੇਗੀ। ਐਫ ਬੀ ਆਈ ਦੇ ਅਸਿਸਟੈਂਟ ਸਪੈਸ਼ਲ




ਏਜੰਟ ਇੰਚਾਰਜ ਸਿਡ ਪਟੇਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਐਫ ਬੀ ਆਈ ਨਫਰਤੀ ਅਪਰਾਧਾਂ ਨਾਲ ਨਜਿੱਠਣ ਲਈ ਆਪਣੇ ਸਾਧਨਾਂ ਵਿਚ ਵਾਧਾ ਕਰੇਗੀ ਤੇ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਮਾਮਲਿਆਂ ਦੀ ਜਾਂਚ ਲਈ ਸੰਘੀ ਕਾਨੂੰਨ ਦੁਆਰਾ ਦਿੱਤੇ ਸਾਰੇ ਅਧਿਕਾਰਾਂ ਦੀ ਵਰਤੋਂ ਸਖਤੀ ਨਾਲ ਕੀਤੀ ਜਾਵੇਗੀ।

ਉਨਾਂ ਕਿਹਾ ਕਿ ਮੈ ਆਪਣੇ ਭਾਈਚਾਰੇ ਨੂੰ ਬੇਨਤੀ ਕਰਦਾ ਹਾਂ ਕਿ ਉਹ ਨਫਰਤੀ ਅਪਰਾਧ ਦੀਆਂ ਘਟਨਾਵਾਂ ਸਬੰਧੀ ਸਥਾਨਕ ਜਾਂ ਸੰਘੀ ਲਾਅ ਇਨਫੋਰਸਮੈਂਟ ਏਜੰਸੀ ਕੋਲ ਰਿਪੋਰਟ ਦਰਜ ਕਰਵਾਉਣ ਤਾਂ ਜੋ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਕੀਤਾ ਜਾ ਸਕੇ।

# ਫਰੀਮਾਂਟ ਦੇ ਹਸਪਤਾਲ ਵਿਚ 14 ਭਾਰਤੀ ਕੋਵਿਡ ਮਰੀਜ਼ਾਂ ਦੇ ਦਾਖਲ ਹੋਣ ਦੀ ਖਬਰ ਅਫਵਾਹ ਨਿਕਲੀ

**ਸੈਕਰਾਮੈਂਟੋ 9 ਮਈ –** ਸੈਨ ਫਰਾਂਸਿਸਕੋ ਈਸਟ ਬੇਅ ਖੇਤਰ ਵਿਚ ਰਹਿੰਦੇ ਭਾਰਤੀ ਖਾਸ ਕਰਕੇ ਪੰਜਾਬੀ ਸੋਸ਼ਲ ਮੀਡੀਆ ਉਪਰ ਇਹ ਖਬਰ ਪੜ ਕੇ ਫਿਕਰਮੰਦ ਹੋ ਗਏ ਕਿ ਫਰੀਮਾਂਟ, ਕੈਲੀਫੋਰਨੀਆ ਦੇ ਵਾਸ਼ਿੰਗਟਨ ਹਸਪਤਾਲ ਵਿਚ ਭਾਰਤੀ ਮੂਲ ਦੇ 14 ਅਮਰੀਕੀਆਂ ਨੂੰ ਕੋਵਿਡ ਤੋਂ ਪੈਰਭਾਵਿਤ ਹੋਣ ਕਾਰਨ ਦਾਖਲ ਕੀਤਾ ਗਿਆ ਹੈ ਜੋ ਭਾਰਤ ਤੋਂ ਵਾਪਿਸ ਆਏ ਸਨ। ਈਸਟ ਬੇਅ ਖੇਤਰ ਦੇ ਇਕ ਭਾਰਤੀ ਮੂਲ ਦੇ ਅਮਰੀਕੀ ਨੇ ਫੇਸ ਬੁੱਕ ਉਪਰ ਲਿਖਿਆ ਕਿ ਉਸ ਨੂੰ ਇਕ ਗਵਾਂਢੀ ਵੱਲੋਂ ਸੁਨੇਹਾ ਭੇਜਿਆ ਗਿਆ ਹੈ ਜਿਸ ਨੇ ਵਾਸ਼ਿੰਗਟਨ ਹਸਪਤਾਲ ਦੇ ਇਕ ਸੂਤਰ ਦੇ ਹਵਾਲੇ ਨਾਲ ਕਿਹਾ ਹੈ ਕਿ ਹਸਪਤਾਲ ਵਿਚ 16 ਕੋਵਿਡ ਪੌਜੇਟਿਵ ਮਰੀਜ਼ ਹਨ ਇਨਾਂ ਵਿਚ 14 ਮਰੀਜ਼ ਉਹ ਹਨ ਜੋ ਭਾਰਤ ਤੋਂ ਪਰਤੇ ਹਨ।

ਇਨਾਂ ਵਿਚੋਂ 3 ਮਰੀਜ਼ ਆਈ ਸੀ ਯੂ ਵਿਚ ਦਾਖਲ ਹਨ। ਸੋਸ਼ਲ ਮੀਡੀਆ ਉਪਰ ਇਹ ਖਬਰ ਪੜ ਕੇ ਹਸਪਤਾਲ ਦੇ ਡਾਕਟਰ ਵੀ ਹੈਰਾਨ ਹਨ। ਵਸ਼ਿੰਗਟਨ ਹਸਪਤਾਲ ਦੇ ਜਨ ਸੰਪਰਕ ਡਾਇਰੈਕਟਰ ਗਿਸੇਲਾ ਹਰਨੰਦੇਜ਼ ਨੇ ਸਪਸ਼ਟ ਕੀਤਾ ਹੈ ਕਿ ਇਹ ਖਬਰ ਬਿਲਕੁੱਲ ਝੂਠੀ ਹੈ ਤੇ ਕੋਰੀ ਅਫਵਾਹ ਹੈ। ਉਨਾਂ ਸਪਸ਼ਟ ਕੀਤਾ ਹੈ ਕਿ ਹਸਪਤਾਲ ਵਿਚ ਕੋਵਿਡ ਦੇ 6 ਮਰੀਜ਼ ਹਨ ਜਿਨਾਂ ਵਿਚੋਂ ਕੇਵਲ ਇਕ ਮਰੀਜ਼ ਆਈ ਸੀ ਯੂ ਵਿਚ ਹੈ। ਉਨਾਂ ਕਿਹਾ ਕਿ ਮੈਨੂੰ ਬਹੁਤ ਸਾਰੇ ਲੋਕਾਂ ਦੇ ਫੋਨ ਆਏ ਹਨ ਜਿਨਾਂ ਨੇ ਸੋਸ਼ਲ ਮੀਡੀਆ ਉਪਰ ਇਹ ਖਬਰ ਪੜੀ ਸੀ। ਮੈ ਸਪਸ਼ਟ ਕਰਦੀ ਹਾਂ ਕਿ ਹਾਲ ਹੀ ਵਿਚ ਕੋਈ ਵੀ ਭਾਰਤ ਤੋਂ ਪਰਤਿਆ ਵਿਅਕਤੀ ਹਸਪਤਾਲ ਵਿਚ ਦਾਖਲ ਨਹੀਂ ਹੋਇਆ ਹੈ। ਹਸਪਤਾਲ ਨੇ ਆਪਣੀ ਵੈੱਬਸਾਈਟ ਉਪਰ ਪਾਏ ਬਿਆਨ ਵਿਚ ਵੀ ਕਿਹਾ ਹੈ ਕਿ ਹਾਲ ਹੀ ਵਿਚ ਹਸਪਤਾਲ ਵਿਚ ਕੋਵਿਡ ਮਰੀਜਾਂ ਦੇ ਦਾਖਲ ਕਰਨ ਦੀ ਨੌਬਤ ਨਹੀਂ ਆਈ ਜਦ ਕਿ ਇਸ ਸਾਲ ਦੇ ਸ਼ੁਰੂ ਵਿਚ ਜਰੂਰ ਭਾਰੀ ਤਦਾਦ ਵਿਚ ਕੋਵਿਡ ਮਰੀਜ਼ ਹਸਪਤਾਲ ਪੁੱਜੇ ਸਨ।

# ਬਾਲਟੀਮੋਰ ਕਾਊਂਟੀ ਵਿਚ ਗੋਲੀਬਾਰੀ ਵਿਚ 3 ਮੌਤਾਂ, ਸ਼ੱਕੀ ਹਮਲਾਵਰ ਵੀ ਮਾਰਿਆ ਗਿਆ

**ਸੈਕਰਾਮੈਂਟੋ 9 ਮਈ –** ਬਾਲਟੀਮੋਰ ਕਾਊਂਟੀ ਵਿਚ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੀ ਮੌਤ ਹੋ ਗਈ ਤੇ ਇਕ ਹੋਰ ਜ਼ਖਮੀ ਹੋ ਗਿਆ। ਬਾਲਟੀਮੋਰ ਕਾਊਂਟੀ ਦੇ ਪੁਲਿਸ ਦੇ ਬੁਲਾਰੇ ਜੋਏ ਸਟੀਵਰਟ ਨੇ ਕਿਹਾ ਹੈ ਕਿ ਪੁਲਿਸ ਤੇ ਅੱਗ ਬੁਝਾਊ ਵਿਭਾਗ ਦੇ ਅਮਲੇ ਨੂੰ ਲੰਘੇ ਦਿਨ ਤੜਕਸਾਰ 6.40 ਵਜੇ ਦੇ ਆਸ ਪਾਸ ਵੁੱਡਲਾਅਨ ਵਿਚ ਗੋਲੀ ਚੱਲਣ ਤੇ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਇਸ ਉਪੰਰਤ ਤੁਰੰਤ ਅਧਿਕਾਰੀ ਮੌਕੇ ਉਪਰ ਪੁੱਜੇ। ਉਨਾਂ ਨੇ ਇਕ ਸ਼ੱਕੀ ਹਥਿਆਰਬੰਦ ਵਿਅਕਤੀ ਵੇਖਿਆ ਜਿਸ ਨੂੰ ਪੁਲਿਸ ਨੇ ਮੌਕੇ 'ਤੇ ਹੀ ਖਤਮ ਕਰ ਦਿੱਤਾ।



ਉਸ ਨੇ ਦਸਿਆ ਕਿ ਮਾਰਿਆ ਗਿਆ ਸ਼ੱਕੀ ਹਮਲਾਵਰ ਬਾਲਗ ਮਰਦ ਹੈ ਜਦ ਕਿ ਦੋ ਬਾਲਗ ਮਰਦ ਤੇ ਇਕ ਬਾਲਗ ਔਰਤ ਗੋਲੀਬਾਰੀ ਵਿਚ ਮਾਰੀ ਗਈ ਹੈ। ਬਾਲਟੀ-ਮੋਰ ਕਾਊਂਟੀ ਪੁਲਿਸ ਵੱਲੋਂ ਜਾਰੀ ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਗੋਲੀਬਾਰੀ ਵਿਚ ਜਖਮੀ ਹੋਇਆ ਵਿਅਕਤੀ ਖਤਰੇ ਤੋਂ ਬਾਹਰ ਹੈ। ਪੁਲਿਸ ਗੋਲੀਬਾਰੀ ਤੇ ਅੱਗ ਲੱਗਣ ਵਿਚਾਲੇ ਕੋਈ ਸਬੰਧ ਹੋਣ ਦੀ ਵੀ ਜਾਂਚ ਕਰ ਰਹੀ ਹੈ। ਜਿਥੇ ਅੱਗ ਲੱਗੀ ਸੀ ਉਹ ਢਾਂਚਾ ਪੂਰੀ ਤਰਾਂ ਸੜ ਗਿਆ ਤੇ ਨਾਲ ਲੱਗਦੀਆਂ ਰਿਹਾਇਸ਼ੀ ਇਮਾਰਤਾਂ ਨੂੰ ਵੀ ਨੁਕਸਾਨ ਪੁੱਜਾ ਹੈ।

# ਫਲਸਤੀਨੀ ਹਮਲੇ 'ਚ ਭਾਰਤੀ ਔਰਤ ਦੀ ਮੌਤ



**ਯੇਰੂਸ਼ਲਮ–** ਗਾਜ਼ਾ ਤੋਂ ਫਲਸਤੀਨੀ ਕੱਟੜਪੰਥੀਆਂ ਦੇ ਰਾਕੇਟ ਹਮਲੇ ਵਿਚ ਇਜ਼ਰਾਈਲ ਵਿਚ 30 ਸਾਲਾ ਭਾਰਤੀ ਔਰਤ ਦੀ ਮੌਤ ਹੋ ਗਈ। ਕੇਰਲਾ ਦੇ ਇਡੂੱਕੀ ਜ਼ੈਲੈਹੇ ਦੀ ਵਸਨੀਕ ਸੌਮਿਆ ਸੰਤੋਸ਼ ਇਜ਼ਰਾਈਲ ਦੇ ਅਸ਼ਕੇਲੌਨ ਤੱਟੀ ਸ਼ਹਿਰ ਵਿਚ ਇਕ ਘਰ ਵਿਚ ਬਜ਼ੁਰਗ ਔਰਤ ਦੀ ਦੇਖਭਾਲ ਕਰਦੀ ਸੀ। ਫਿਲਸਤੀਨੀ ਕੱਟੜਪੰਥੀਆਂ ਨੇ ਗਾਜ਼ਾ ਪੱਟੀ ਦੀ ਸਰਹੱਦ ਨਾਲ ਲੱਗਦੇ ਅਸ਼ਕੇਲੌਨ ਵਿਚ ਹਮਲਾ ਕੀਤਾ। ਗਾਜ਼ਾਂ ਦੇ ਕੱਟੜਪੰਥੀਆਂ ਨੇ ਸੋਮਵਾਰ ਸ਼ਾਮ ਤੋਂ ਇਜ਼ਰਾਈਲ 'ਤੇ ਸੈਂਕੜੇ ਰਾਕੇਟ ਦਾਗੇ ਤੇ ਮੰਗਲਵਾਰ ਰਾਤ ਨੌਂ ਵਜੇ ਤੱਕ ਹਿੰਸਾ ਵਿੱਚ ਘੱਟੋ ਘੱਟ 31 ਜਾਨਾਂ ਜਾ ਚੁੱਕੀਆਂ ਹਨ।ਇਸ ਦੌਰਾਨ ਇਜ਼ਰਾਈਲ ਵੱਲੋਂ ਗਾਜ਼ਾ 'ਤੇ ਕੀਤੇ ਹਵਾਈ ਹਮਲੇਵ ਵਿੱਚ ਮਰਨ ਵਾਲਿਆਂ ਦੀ ਗਿਣਤੀ 43 ਤੱਕ ਪੁੱਜ ਗਈ ਹੈ। ਇਹਨਾਂ ਵਿੱਚ 13 ਬੱਚੇ ਸ਼ਾਮਲ ਹਨ।






# ਜਨਮ ਦਿਨ ਪਾਰਟੀ ਮੌਕੇ ਔਰਤ ਦੇ ਪ੍ਰੇਮੀ ਵੱਲੋਂ ਚਲਾਈ ਗੋਲੀ ਵਿੱਚ ਪ੍ਰੇਮਿਕਾ ਸਣੇ 6 ਮੌਤਾਂ

**ਸੈਕਰਾਮੈਂਟੋ 10 ਮਈ–** ਕੋਲੋਰਾਡੋ ਸਪਰਿੰਗ, ਕੋਲੋਰਾਡੋ ਵਿਚ ਇਕ ਸ਼ੱਕੀ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ 6 ਵਿਅਕਤੀ ਮਾਰੇ ਗਏ ਤੇ ਬਾਅਦ ਵਿਚ ਸ਼ੱਕੀ ਵਿਅਕਤੀ ਨੇ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ ਤੇ ਉਸ ਦੀ ਮੌਤ ਹੋ ਗਈ। ਇਕ ਮੋਬਾਈਲ ਹੋਮ ਪਾਰਕ ਵਿਚ ਗੋਲੀਬਾਰੀ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪੁੱਜੀ ਤਾਂ 6 ਵਿਅਕਤੀਆਂ ਦੀ ਮੌਤ ਹੋ ਚੁੱਕੀ ਸੀ ਤੇ ਇਕ ਵਿਅਕਤੀ ਗੰਭੀਰ ਜਖਮੀ ਸੀ ਜੋ ਬਾਅਦ ਵਿਚ ਹਸਪਤਾਲ ਜਾ ਕੇ ਦਮ ਤੋੜ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮੋਬਾਈਲ ਹੋਮ ਪਾਰਟੀ ਵਿਚ ਇਕ ਜਨਮ ਦਿਨ ਪਾਰਟੀ ਚੱਲ ਰਹੀ ਸੀ। ਸ਼ੱਕੀ ਹਮਲਾਵਰ ਪਾਰਟੀ ਵਿਚ ਸ਼ਾਮਿਲ ਇਕ ਔਰਤ ਦਾ ਪ੍ਰੇਮੀ ਸੀ । ਪਾਰਟੀ ਵਿਚ ਹੋਰ ਵੀ ਮਿੱਤਰ - ਦੋਸਤ , ਪਰਿਵਾਰਕ ਮੈਂਬਰ ਤੇ ਬੱਚੇ ਸ਼ਾਮਿਲ ਸਨ



ਜੋ ਪਾਰਟੀ ਦਾ ਆਨੰਦ ਲੈ ਰਹੇ ਸਨ। ਇਸੇ ਦੌਰਾਨ ਪ੍ਰੇਮੀ ਅੰਦਰ ਦਾਖਲ ਹੋਇਆ ਤੇ ਉਸ ਨੇ ਆਤਮ ਹੱਤਿਆ ਕਰਨ ਤੋਂ ਪਹਿਲਾਂ ਆਪਣੀ ਦੋਸਤ ਔਰਤ ਸਣੇ 6ਲੋਕਾਂ ਦੀ ਗੋ-ਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਅਨੁਸਾਰ ਘਟਨਾ ਵਿਚ ਕਿਸੇ ਬੱਚੇ ਨੂੰ ਕੋਈ ਨੁਕਸਾਨ ਨਹੀਂ ਪੁੱਜਾ। ਪਰਿਵਾਰਕ ਮੈਂਬਰ ਫਰੈਡੀ ਮਾਰਕੁਏਜ਼ ਨੇ ਦਸਿਆ ਕਿ ਉਹ ਵੀ ਪਾਰਟੀ ਵਿਚ ਸ਼ਾਮਿਲ ਸੀ। ਮਾਰੇ ਗਏ ਸਾਰੇ ਵਿਅਕਤੀ ਇਕ ਹੀ ਪਰਿਵਾਰ ਨਾਲ ਸਬੰਧ ਰਖਦੇ ਹਨ ਜੋ ਮੇਰੀ ਪਤਨੀ ਤੇ ਸਾਲੇ ਦਾ ਜਨਮ ਦਿਨ ਮਨਾ ਰਹੇ ਸਨ। ਅਚਾਨਕ ਬਾਹਰੋਂ ਆਏ ਇਕ ਵਿਅਕਤੀ ਨੇ ਗੋਲੀਬਾਰੀ ਕਰਕੇ ਜਸ਼ਨਾਂ ਨੂੰ ਸੋਗ ਵਿਚ ਬਦਲ ਦਿੱਤਾ। ਉਸ ਨੇ ਦਸਿਆ ਕਿ ਉਸ ਦਾ ਪਰਿਵਾਰ ਪਾਰਟੀ ਵਿਚੋਂ ਜਲਦੀ ਆ ਗਿਆ ਸੀ ਕਿਉਂਕਿ ਉਸ ਦੀ ਪਤਨੀ ਨੇ ਅਗਲੇ ਦਿਨ ਛੇਤੀ ਕੰਮ 'ਤੇ ਜਾਣਾ ਸੀ। ਉਸ ਦੀ ਪਤਨੀ ਸਵੇਰੇ 4 ਵਜੇ ਕੰਮ 'ਤੇ ਜਾਣ ਲਈ ਉੱਠੀ ਤਾਂ ਘਟਨਾ ਬਾਰੇ ਪਤਾ ਲੱਗਾ। ਗੋਲੀਬਾਰੀ ਵਿਚ ਉਸ ਦੀ ਮਾਂ ਤੇ ਦੋ ਭਰਾਵਾਂ ਦੀ ਮੌਤ ਹੋ ਗਈ। ਉਸ ਨੇ ਕਿਹਾ ਕਿ ਇਹ ਨਿਰਾ ਪਾਗਲਪਣ ਹੈ। ਮਾਂ ਦਿਵਸ 'ਤੇ ਅਜਿਹਾ ਵਾਪਰ ਜਾਣ ਬਾਰੇ ਅਸੀਂ ਕਦੀ ਸੋਚਿਆ ਵੀ ਨਹੀਂ ਸੀ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਸ਼ੱਕੀ ਹਮਲਾਵਰ ਦੇ ਪਿਛੋਕੜ ਬਾਰੇ ਛਾਣਬੀਣ ਕੀਤੀ ਜਾ ਰਹੀ ਹੈ।

# ਫਾਈਜ਼ਰ ਵੈਕਸੀਨ 12 ਤੋਂ 15 ਸਾਲ ਦੇ ਬੱਚਿਆਂ ਲਈ ਸੁਰੱਖਿਅਤ ਤੇ ਅਸਰਦਾਇਕ-ਐਫ ਡੀ ਏ

**ਸੈਕਰਾਮੈਂਟੋ 11 ਮਈ (ਹੁਸਨ ਲੜੋਆ ਬੰਗਾ)** ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ) ਨੇ ਕਿਹਾ ਹੈ ਕਿ ਫਾਈਜ਼ਰ ਤੇ ਉਸ ਦੇ ਜਰਮਨ ਦੇ ਭਾਈਵਾਲ ਬਾਇਨਟੈੱਕ ਵੱਲੋਂ ਤਿਆਰ ਵੈਕਸੀਨ ਨਬਾਲਗਾਂ ਦੇ ਲਾਉਣ ਲਈ ਸੁਰੱਖਿਅਤ ਤੇ ਅਸਰਦਾਇਕ ਹੈ। ਇਸ ਦੀ ਵਰਤੋਂ ਦੀ ਪ੍ਰਵਾਨਗੀ ਦਿੰਦਿਆਂ ਐਫ ਡੀ ਏ ਨੇ ਕਿਹਾ ਹੈ ਕਿ 12 ਤੋਂ 15 ਸਾਲ ਦੇ ਨਬਾਲਗ ਇਹ ਟੀਕਾ ਲਵਾਉਣ ਦੇ ਯੋਗ ਹੋਣਗੇ। ਸੈਂਟਰ ਫਾਰ ਡਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ ਦੀ ਸਲਾਹਕਾਰ ਕਮੇਟੀ ਦੀ 12 ਮਈ ਨੂੰ ਹੋ ਰਹੀ ਮੀਟਿੰਗ ਤੋਂ ਬਾਅਦ ਇਸ ਤੋਂ ਅਗਲੇ ਦਿਨ ਵੀਰਵਾਰ ਨੂੰ ਨਬਾਲਗ ਟੀਕਾ ਲਗਾ ਸਕਣਗੇ।&; ਇਸੇ ਦੌਰਾਨ ਐਫ ਡੀ ਏ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਟੀਕਾਕਰਣ ਦੇ ਪਹਿਲੇ ਪੜਾਵਾਂ ਦੀ ਤੁਲਨਾ ਵਿਚ ਇਹ ਪੜਾਅ ਵਧੇਰੇ ਗੁੰਝਲਦਾਰ ਹੈ ਕਿਉਂਕਿ ਹਰ ਰਾਜ ਦੇ ਆਪਣੇ ਨਿਯਮ ਹੋ ਸਕਦੇ ਹਨ ਕਿ ਕੌਣ ਟੀਕਾਕਰਣ ਕਰੇਗਾ। ਇਸ ਲਈ ਇਹ ਜਰੂਰੀ ਨਹੀਂ ਹੈ ਕਿ ਬਾਲਗਾਂ ਦੇ ਟੀਕੇ ਲਾ ਰਹੀਆਂ ਸਾਰੀਆਂ ਫਾਰਮੇਸੀਆਂ ਜਾਂ ਵੈਕਸੀਨੇਸ਼ਨ ਸਥਾਨ ਨਬਾਲਗਾਂ ਦੇ ਟੀਕਾਕਰਣ ਲਈ ਉਪਲਬੱਧ ਹੋਣਗੇ। ਦਸੰਬਰ ਵਿਚ ਪ੍ਰਵਾਨਗੀ ਮਿਲਣ ਉਪਰੰਤ 16 ਤੇ 17 ਸਾਲਾਂ ਦੇ ਯੁਵਕਾਂ ਨੂੰ ਪਹਿਲਾਂ ਹੀ ਫਾਈਜ਼ਰ ਟੀਕਾ ਲਵਾਉਣ ਦੀ ਖੁਲ ਦਿੱਤੀ ਹੋਈ ਹੈ। ਇਥੇ ਵਰਣਨਯੋਗ ਹੈ ਕਿ ਅਮਰੀਕਾ ਵਿਚ ਵਰਤੋਂ ਲਈ ਅਧਿਕਾਰਤ ਦੋ ਹੋਰ ਵੈਕਸੀਨਾਂ ਜੋ ਮੋਡਰਨਾ ਤੇ ਜੌਹਨਸਨ ਐਂਡ ਜੌਹਨਸਨ ਕੰਪਨੀਆਂ ਦੀਆਂ ਹਨ, ਨਬਾਲਗਾਂ ਦੇ ਨਹੀਂ ਲਾਈਆਂ ਜਾ ਰਹੀਆਂ ਕਿਉਂਕਿ ਇਸ ਸਬੰਧੀ ਅਧਿਅਨ ਅਜੇ ਮੁਕੰਮਲ ਨਹੀਂ ਹੋਇਆ। ਪਿਛਲੇ ਹਫਤੇ



ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਸੀ ਕਿ ਲੋੜੀਂਦੀ ਪ੍ਰਵਾਨਗੀ ਮਿਲਣ ਉਪਰੰਤ ਨਬਾਲਗਾਂ ਦੇ ਕੋਵਿਡ-19 ਟੀਕਾਕਰਣ ਸ਼ੁਰੂ ਕਰਨ ਲਈ 20000 ਫਾਰਮੇਸੀ ਕੇਂਦਰ ਤਿਆਰ ਬਰ ਤਿਆਰ ਹਨ। ਬਾਈਡੇਨ ਨੇ ਕਿਹਾ ਸੀ ਕਿ ਹਾਲਾਂ ਕਿ ਇਸ ਦੀ ਸੰਭਾਵਨਾ ਬਹੁਤ ਘੱਟ ਹੈ ਪਰ ਜੇਕਰ ਬੱਚੇ ਕੋਵਿਡ-19 ਤੋਂ ਪ੍ਰਭਾਵਿਤ ਹੋ ਜਾਂਦੇ ਹਨ ਤਾਂ ਉਹ ਇਹ ਲਾਗ ਤੇਜੀ ਨਾਲ ਅੱਗੇ ਫੈਲਾਅ ਸਕਦੇ ਹਨ। ਇਸ ਲਈ ਨਬਾਲਗਾਂ ਦੇ ਟੀਕਾਕਰਣ ਦੀ ਪ੍ਰਵਾਨਗੀ ਮਿਲਣ ਉਪਰੰਤ ਮੈ ਆਸ ਕਰਦਾ ਹਾਂ ਕਿ ਮਾਪੇ ਆਪਣੇ ਬੱਚਿਆਂ ਨੂੰ ਜਿੰਨੀ ਛੇਤੀ ਸੰਭਵ ਹੋ ਸਕੇ ਟੀਕੇ ਲਗਵਾਉਣਗੇ। ਰਾਸ਼ਟਰਪਤੀ ਬਾਇਡਨ ਰਾਜਪਾਲਾਂ ਨਾਲ ਕਰਨਗੇ ਗੱਲਬਾਤ- ਰਾਸ਼ਟਰਪਤੀ ਜੋਅ ਬਾਇਡਨ ਕੋਵਿਡ-19 ਟਾਕਾਕਰਣ ਵਿਚ ਤੇਜੀ ਲਿਆਉਣ ਲਈ 6 ਰਾਜਾਂ ਦੇ ਗਵਰਨਰਾਂ ਨਾਲ ਗੱਲਬਾਤ ਕਰਨਗੇ। ਇਨਾਂ ਵਿਚ ਤਿੰਨ ਡੈਮੋਕਰੈਟਿਕ ਤੇ ਤਿੰਨ ਰਿਪਬਲੀਕਨ ਗਵਰਨਰ ਸ਼ਾਮਿਲ ਹਨ। ਬਾਈਡਨ ਬਹੁਤ ਛੇਤੀ ਓਹੀਓ, ਉਟਾਹ, ਮਾਸਾਚੂਸੈਟਸ, ਮੇਨੇ, ਮਿਨੀਸੋਟਾ ਤੇ ਨਿਊ ਮੈਕਸੀਕੋ ਦੇ ਗਵਰਨਰਾਂ ਨਾਲ ਵਰਚੂਅਲ ਗੱਲਬਾਤ ਕਰਨਗੇ ਤੇ ਉਹ 4 ਜੁਲਾਈ ਤੱਕ 70% ਬਾਲਗਾਂ ਦੇ ਟੀਕਾਕਰਣ ਲਈ ਕਦਮ ਚੁੱਕਣ ਵਾਸਤੇ ਕਹਿਣਗੇ। ਮਾਸਾਚੂਸੈਟਸ, ਮੇਨੇ ਤੇ ਨਿਊ ਮੈਕਸੀਕੋ ਵਿਚ ਅਧਿਉਂ ਵਧ ਲੋਕਾਂ ਦੇ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ ਜਦ ਕਿ ਓਹੀਓ ਤੇ ਉਟਾਹ ਵਿਚ ਟੀਕਾਕਰਣ ਸੁਸਤ ਰਫਤਾਰ ਨਾਲ ਹੋ ਰਿਹਾ ਹੈ। ਬਾਇਡਨ ਦਾ ਮੰਨਣਾ ਹੈ ਕਿ ਗਵਰਨਰ ਟੀਕਾਕਰਣ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ ਤੇ ਉਨਾਂ ਦਾ ਟੀਕਾਕਰਣ ਮੁਹਿਮ ਵਿਚ ਵੱਡਮੁਲਾ ਯੋਗਦਾਨ ਹੈ।

# ਯੂਕੇ ਨੇ ਯਾਤਰਾ ਲਈ ਹਰੀ ਸੂਚੀ ਵਾਲੇ ਦੇਸ਼ਾਂ ਦੇ ਨਾਮ ਕੀਤੇ ਜਾਰੀ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਬਰਤਾਨਵੀ ਲੋਕਾਂ ਲਈ ਬਿਨਾਂ ਇਕਾਂਤਵਾਸ ਦੀਆਂ ਪਾਬੰਦੀਆਂ ਦੇ ਯਾਤਰਾ ਵਾਲੇ ਹਰੀ ਸੂਚੀ ਵਾਲੇ ਦੇਸ਼ਾਂ ਦੇ ਨਾਮ ਜਾਰੀ ਕੀਤੇ ਗਏ ਹਨ। ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਦੇਸ਼ਾਂ ਲਈ 'ਟ੍ਰੈਫਿਕ ਲਾਈਟ' ਆਧਾਰ 'ਤੇ ਕੁੱਝ ਚੁਣਵੇਂ ਦੇਸ਼ਾਂ ਨੂੰ ਇਸ ਹਰੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਹਨਾਂ ਵਿੱਚ ਮੁੱਖ ਤੌਰ 'ਤੇ ਪੁਰਤਗਾਲ, ਅਜ਼ੋਰਸ ਅਤੇ ਮਡੇਈਰਾ ਸ਼ਾਮਿਲ ਹੋਣਗੇ ਜਿੱਥੇ ਕਿ ਬਰਤਾਨਵੀ ਨਾਗਰਿਕ 17 ਮਈ ਤੋਂ ਅਜ਼ਾਦ ਤੌਰ 'ਤੇ ਆਉਣ ਦੇ ਯੋਗ ਹੋਣਗੇ। ਇਸਦੇ ਨਾਲ ਹੀ ਗਿਬਰਾਲਟਰ, ਇਜ਼ਰ-ਾਈਲ, ਆਈਸਲੈਂਡ, ਫੈਰੋ ਟਾਪੂ, ਸਿੰਗਾਪੁਰ ਅਤੇ ਬਰੂਨੇਈ ਵੀ ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਨਾਲ ਹਰੀ ਸੂਚੀ ਵਿੱਚ ਹਨ। ਇਸਦੇ ਇਲਾਵਾ ਫਾਕਲੈਂਡਜ਼, ਦੱਖਣੀ ਜਾਰਜੀਆ ਅਤੇ ਦੱਖਣੀ ਸੈਂਡਵਿਚ ਆਈਲੈਂਡਜ਼, ਸੇਂਟ ਹੇਲੇਨਾ, ਅਸੈਂਸੇਨ ਆਈਲੈਂਡ ਅਤੇ ਟ੍ਰਿਸਟਨ ਡਾ ਕੂਨਹਾ ਦੇ ਦੂਰ ਦੁਰਾਡੇ ਇਲਾਕੇ ਵੀ ਸ਼ਾਮਿਲ ਹਨ। ਇਸ ਹਰੀ ਸੂਚੀ ਵਿੱਚ ਹੋਣ ਦੇ ਬਾਵਜੂਦ ਲੋਕ ਆਸਟਰੇਲੀਆ, ਨਿਊਜ਼ੀਲੈਂਡ ਜਾਂ ਸਿੰਗਾਪੁਰ ਨਹੀਂ ਜਾ ਸਕਣਗੇ ਕਿਉਂਕਿ ਇਹ ਦੇਸ਼ ਬਰਤਾਨਵੀ ਸੈਲਾਨੀਆਂ ਲਈ ਬੰਦ ਹਨ। ਹਾਲਾਂਕਿ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਨੇ ਇਹ ਨਹੀਂ ਦੱਸਿਆ ਕਿ ਉਹ ਆਪਣੇ ਸਖਤ ਯਾਤਰਾ ਦੇ ਨਿਯਮਾਂ ਨੂੰ ਕਦੋਂ ਸੌਖਾ ਕਰ ਸਕਦੇ ਹਨ। ਹਰੀ ਸੂਚੀ ਵਾਲੇ ਦੇਸ਼ਾਂ ਦੇ ਯਾਤਰੀਆਂ ਨੂੰ ਆਪਣੀ ਵਾਪਸੀ 'ਤੇ ਇਕਾਂਤਵਾਸ ਹੋਣ ਦੀ ਜ਼ਰੂਰਤ ਨਹੀਂ ਹੋਵੇਗੀ, ਪਰ ਉਨ੍ਹਾਂ ਨੂੰ ਆਪਣੀ ਯਾਤਰਾ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੋਵਿਡ ਟੈਸਟ ਕਰਵਾਉਣ ਦੀ ਜ਼ਰੂਰਤ ਹੋਵੇਗੀ। ਜਦਕਿ ਲਾਲ ਸੂਚੀ ਵਾਲੇ ਯਾਤਰੀਆਂ ਲਈ ਸਖਤ ਨਿਯਮ ਹਨ। ਸਿਰਫ ਯੂਕੇ ਜਾਂ ਆਇਰਿਸ਼ ਨਾਗਰਿਕ, ਜਾਂ ਯੂਕੇ ਦੇ ਵਸਨੀਕਾਂ ਨੂੰ ਹੀ ਵਾਪਿਸ ਆਉਣ ਦੀ ਆਗਿਆ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਹੋਟਲ ਵਿੱਚ 10 ਦਿਨਾਂ ਦੀ ਇਕਾਂਤਵਾਸ ਦੀ ਰਿਹਾਇਸ਼ ਲਈ ਭੁਗਤਾਨ ਕਰਨਾ ਲਾਜ਼ਮੀ ਹੈ। ਇਹਨਾਂ ਦੇਸ਼ਾਂ ਤੋਂ ਵਾਪਿਸ ਆਉਣ ਵਾਲੇ ਲੋਕਾਂ ਨੂੰ ਪ੍ਰਤੀ ਯਾਤਰੀ ਲਈ 1,750 ਪੌਂਡ ਦੀ ਕੀਮਤ 'ਤੇ ਹੋਟਲ ਵਿੱਚ ਠਹਿਰਨਾ ਹੋਵੇਗਾ। ਯਾਤਰਾ ਸੰਬੰਧੀ ਦੇਸ਼ਾਂ ਨੂੰ ਉਨ੍ਹਾਂ ਦੇ ਕੋਵਿਡ ਕੇਸਾਂ ਦੀ ਗਿਣਤੀ ਅਤੇ ਟੀਕੇ ਦੇ ਰੋਲਆਊਟ ਦੀ ਸਫਲਤਾ ਦੇ ਅਧਾਰ 'ਤੇ ਸ਼੍ਰੇਣੀਬੱਧ ਕੀਤਾ ਗਿਆ ਹੈ ਅਤੇ ਇਸ ਟ੍ਰੈਫਿਕ ਲਾਈਟ ਪ੍ਰਣਾਲੀ ਦੀ ਹਰ ਤਿੰਨ ਹਫ਼ਤਿਆਂ ਵਿੱਚ ਸਮੀ-ਖਿਆ ਵੀ ਕੀਤੀ ਜਾਵੇਗੀ।


## ਵਰ ਦੀ ਲੋੜ

ਬਾਲਮੀਕ ਗਿੱਲ, ਅਮਰੀਕਨ ਸਿਟੀਜਨ, ਉਮਰ 32 ਸਾਲ, ਕੱਦ 5 ਫੁੱਟ ਚਾਰ ਇੰਚ, LVN ਨਰਸ ਦੀ ਨੌਕਰੀ ਕਰਦੀ ਲੜਕੀ ਲਈ ਚੰਗੇ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਜ਼ਰੂਰਤ ਹੈ। ਸੰਪਰਕ ਲਈ ਫੋਨ ਨੰਬਰ 530-740-3056


# ਅਮਰੀਕੀ ਨੇਵੀ ਨੇ ਸਮੁੰਦਰੀ ਜਹਾਜ਼ ਵਿੱਚੋਂ ਬਰਾਮਦ ਕੀਤੇ ਹਜ਼ਾਰਾਂ ਹਮਲਾਵਰ ਹਥਿਆਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆ), 10 ਮਈ 2021–** ਅਮਰੀਕਾ ਦੀ ਨੇਵੀ ਨੇ ਹਜ਼ਾਰਾਂ ਅਸਾਲਟ ਹਥਿਆਰ, ਮਸ਼ੀਨ ਗਨ ਅਤੇ ਸਨਾਈਪਰ ਰਾਈਫਲਾਂ ਨੂੰ ਇੱਕ ਸਮੁੰਦਰੀ ਜਹਾਜ਼ ਵਿੱਚੋਂ ਬਰਾਮਦ ਕੀਤਾ ਹੈ, ਜੋ ਕਿ ਨੇਵੀ ਅਨੁਸਾਰ ਇਰਾਨ ਵੱਲੋਂ ਯਮਨ ਵਿੱਚ ਯੁੱਧ 'ਚ ਸਹਾਇਤਾ ਲਈ ਭੇਜੇ ਹੋਏ ਮੰਨੇ ਜਾਂਦੇ ਹਨ। ਮਿਜ਼ਾਈਲ ਕਰੂਜ਼ਰ ਯੂ ਐਸ ਮੋਨਟੇਰੀ ਨੇ ਇਹਨਾਂ ਲੁਕੇ ਹੋਏ ਹਥਿਆਰਾਂ ਦੀ ਖੋਜ ਕੀਤੀ। ਇਹ ਇਕ ਰਵਾਇਤੀ ਮੀਡਿਆਸਟ ਸਮੁੰਦਰੀ ਜਹਾਜ਼ ਸੀ ਜੋ ਕਿ ਓਮਾਨ ਅਤੇ ਪਾਕਿਸਤਾਨ ਤੋਂ ਬਾਹਰ ਅਰਬ ਸਾਗਰ ਦੇ ਉੱਤਰੀ ਹਿੱਸੇ ਵਿੱਚ ਪਾਇਆ ਗਿਆ ਸੀ।



ਹਥਿਆਰਾਂ ਦੀ ਇਹ ਵਿਸ਼ਾਲ ਖੇਪ ਡੇਕ ਦੇ ਹੇਠਾਂ ਪਾਈ ਗਈ, ਜਿਸ ਨੂੰ ਜ਼ਿਆਦਾਤਰ ਹਰੇ ਪਲਾਸਟਿਕ ਵਿੱਚ ਲਪੇਟਿਆ ਗਿਆ ਸੀ। ਨੇਵੀ ਨੇ ਦੱਸਿਆ ਕਿ ਇਸ ਵਿੱਚ ਲੱਗਭਗ 3,000 ਚੀਨੀ ਟਾਈਪ 56 ਅਸਾਲਟ ਰਾਈਫਲਾਂ, ਸੈਂਕੜੇ ਹੋਰ ਭਾਰੀ ਮਸ਼ੀਨਗਨ ਅਤੇ ਸਨਾਈਪਰ ਰਾਈਫਲਾਂ ਵੀ ਸ਼ਾਮਿਲ ਹਨ। ਇਸਦੇ ਇਲਾਵਾ ਦਰਜਨਾਂ ਐਡਵਾਂਸਡ, ਰੂਸ ਦੀਆਂ ਬਣੀਆਂ ਐਂਟੀ-ਟੈਂਕ ਗਾਈਡਡ ਮਿਜ਼ਾਈਲਾਂ, ਅਤੇ ਕਈ ਸੌ ਰਾਕੇਟ ਨਾਲ ਚੱਲਣ ਵਾਲੇ ਗ੍ਰਨੇਡ ਲਾਂਚਰ ਵੀ ਸਨ। ਅਧਿਕਾਰੀਆਂ ਅਨੁਸਾਰ ਜਹਾਜ਼ ਸਟੇਟ ਰਹਿਤ ਸੀ, ਅਤੇ ਮੁੱਢਲੀ ਜਾਂਚ ਵਿੱਚ ਪਾਇਆ ਗਿਆ ਕਿ ਇਹ ਈਰਾਨ ਤੋਂ ਯਮਨ ਜਾ ਰਿਹਾ ਸੀ। ਅਧਿਕਾਰਤ ਤੌਰ 'ਤੇ, ਨੇਵੀ ਨੇ ਕਿਹਾ ਕਿ ਹਥਿਆਰਾਂ ਦਾ ਅਸਲ ਸਰੋਤ ਅਤੇ ਉਦੇਸ਼ ਇਸ ਸਮੇਂ ਜਾਂਚ ਅਧੀਨ ਹੈ। ਸਿਤੰਬਰ, 2014 ਤੋਂ ਸ਼ੁਰੂ ਹੋਈ ਯਮਨ ਦੀ ਲੜਾਈ ਵਿੱਚ ਟਾਰਗੇਟ ਹਮਲਿਆਂ ਵਿੱਚ ਮਾਰੇ ਗਏ 13,000 ਤੋਂ ਵੱਧ ਨਾਗਰਿਕਾਂ ਸਮੇਤ ਲੱਗਭਗ 130,000 ਲੋਕਾਂ ਦੀ ਮੌਤ ਹੋਈ ਹੈ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928


# ਕੋਲੋਰਾਡੋ 'ਚ ਜਨਮ ਦਿਨ ਦੀ ਪਾਰਟੀ ਦੌਰਾਨ ਹੋਈ ਗੋਲੀਬਾਰੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆ), 10 ਮਈ 2021–** ਅਮਰੀਕਾ ਦੇ ਕੋਲੋਰਾਡੋ ਸਪ੍ਰਿੰਗਜ਼, ਦੀ ਜਨਮ ਦਿਨ ਦੀ ਪਾਰਟੀ ਵਿੱਚ ਹੋਈ ਗੋਲੀਬਾਰੀ ਤੋਂ ਬਾਅਦ ਸ਼ੱਕੀ ਬੰਦੂਕਧਾਰੀ ਸਮੇਤ ਸੱਤ ਲੋਕ ਮਾਰੇ ਗਏ ਹਨ। ਪੁਲਿਸ ਅਧਿਕਾਰੀਆਂ ਨੇ ਐਤਵਾਰ ਸਵੇਰੇ ਇੱਕ ਮੋਬਾਈਲ ਹੋਮ ਪਾਰਕ ਵਿੱਚ ਗੋਲੀਬਾਰੀ ਦੀ ਸੂਚਨਾ ਮਿਲਦਿਆਂ ਕਾਰਵਾਈ ਕੀਤੀ ਅਤੇ ਛੇ ਬਾਲਗ ਵਿਅਕਤੀਆਂ ਨੂੰ ਮ੍ਰਿਤਕ ਅਤੇ ਇੱਕ ਵਿਅਕਤੀ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਪਾਇਆ, ਜਿਸ ਦੀ ਬਾਅਦ&; ਵਿੱਚ ਹਸਪਤਾਲ 'ਚ ਮੌਤ ਹੋ ਗਈ। ਇਸ ਗੋਲੀਬਾਰੀ ਦਾ ਸ਼ੱਕੀ ਸ਼ੂਟਰ ਪਾਰਟੀ ਵਿੱਚ ਇੱਕ ਪੀੜਤ ਲੜਕੀ ਦਾ ਦੋਸਤ ਸੀ , ਜਿਸ ਵਿੱਚ ਦੋਸਤਾਂ, ਪਰਿਵਾਰ ਅਤੇ ਬੱਚਿਆਂ ਨੇ ਸ਼ਿਰਕਤ ਕੀਤੀ ਸੀ। ਪੁਲਿਸ ਨੇ ਦੱਸਿਆ ਕਿ ਹਮਲਾਵਰ ਪਾਰਟੀ ਵਿੱਚ ਅੰਦਰ ਚਲਾ ਗਿਆ ਸੀ ਅਤੇ ਖੁਦਕੁਸ਼ੀ ਤੋਂ ਪਹਿਲਾਂ ਗੋਲੀਬਾਰੀ ਕੀਤੀ। ਇੱਕ ਮੁੱਢਲੀ ਰਿਪੋਰਟ ਵਿੱਚ, ਪੁਲਿਸ ਨੇ ਕਿਹਾ ਕਿ ਗੋਲੀ ਮਾਰਨ ਵਾਲਾ ਪੀੜਤਾਂ ਨੂੰ ਜਾਣਦਾ ਸੀ।&; ਪੁਲਿਸ ਨੇ ਮ੍ਰਿਤਕਾਂ ਦੇ ਨਾਮ ਜਾਰੀ ਨਹੀਂ ਕੀਤੇ ਹਨ ਅਤੇ&; ਵਿਭਾਗ ਦੁਆਰਾ ਗੋਲੀਬਾਰੀ ਦੇ ਉਦੇਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਕੋਲੋਰਾਡੋ ਸਪ੍ਰਿੰਗਜ਼ ਦੇ ਮੇਅਰ ਜੌਹਨ ਸਾਥਰਜ਼ ਨੇ ਇਸ ਗੋਲੀਬਾਰੀ ਵਿੱਚ ਪੀੜਤ ਪਰਿਵਾਰਾਂ ਨਾਲ ਅਫਸੋਸ ਪ੍ਰਗਟ ਕੀਤਾ ਹੈ। ਕੋਲੋਰਾਡੋ ਸਪ੍ਰਿੰਗਜ਼ ਡੇਨਵਰ ਤੋਂ ਲਗਭਗ 70 ਮੀਲ ਦੱਖਣ ਵੱਲ ਸਥਿਤ ਹੈ। ਇਹ ਡੇਨਵਰ ਦੇ ਬਾਅਦ, ਕੋਲੋਰਾਡੋ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ। ਕੋਲੋਰਾਡੋ ਵਿੱਚ ਯੂ ਐਸ ਏ ਟੂਡੇ, ਨੌਰਥ ਈਸਟਨ ਯੂਨੀਵਰਸਿਟੀ ਅਤੇ ਦਿ ਐਸੋਸੀਏਟਡ ਪ੍ਰੈਸ ਦੁਆਰਾ ਮਾਰਚ ਵਿਚ ਤਿਆਰ ਕੀਤੇ ਗਏ ਇੱਕ ਡੇਟਾਬੇਸ ਅਨੁਸਾਰ ਸਾਰੇ ਰਾਜਾਂ ਵਿੱਚੋਂ ਛੇਵੀ ਸਭ ਤੋਂ ਵੱਧ ਜਨਤਕ ਕਤਲੇਆਮ ਦੀ ਦਰ ਹੈ।

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ।

**– ਪ੍ਰੇਮ ਕੁਮਾਰ ਚੁੰਬਰ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਆਦਿ- ਧਰਮ ਲਹਿਰ ਬਾਰੇ ਮੁੱਖ ਗੱਲਾਂ



ਐਮ. ਐਲ. ਮਹੇ, ਐਮ .ਏ.

ਆਦਿ- ਧਰਮ ਲਹਿਰ ਪੰਜਾਬ ਵਿਚ ਸ਼ਾਇਦ 20ਵੀਂ ਸਦੀ ਦੀ ਪਹਿਲੀ ਇਸ ਤਰ੍ਹਾਂਦੀ ਲਹਿਰ ਸੀ, ਜਿਸ ਨੇ ਪੰਜਾਬ ਦੇ ਪੱਛੜੇ ਲੋਕਾਂ ਨੂੰ ਇਕੱਠੇ ਕਰਨ ਲਈ ਪਹਿਲੀ ਵਾਰ ਯਤਨ ਕੀਤਾ। ਉਹਨਾਂ ਲੋਕਾਂ ਨੂੰ ਜਥੇਬੰਦ ਕਰਨ ਦਾ ਭਾਰ ਚੁੱਕਿਆ ਜੋ ਕਿ ਭਾਰਤ ਵਿਚ ਅੰਗਰੇਜ਼ਾਂ ਦੇ ਗੁਲਾਮਾਂ ਦੇ ਵੀ ਗੁਲਾਮ ਸਨ। ਆਦਿ- ਧਰਮ ਮੰਡਲ ਦਾ ਮੁੱਖ ਮੰਤਵ ਪੰਜਬ ਵਿਚ (ਅਛੂਤਾਂ) ਦਲਿਤਾਂ ਨੂੰ ਜਥੇਬੰਦ ਕਰਕੇ ਰਾਜਸੀ ਅਤੇ ਸਮਾਜੀ ਹੱਕ ਪ੍ਰਾਪਤ ਕੀਤੇ ਜਾਣ। ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਆਦਿ ਧਰਮ ਦੇ ਬਾਨੀ ਸਨ। ਆਦਿ-ਧਰਮ ਦੀਆਂ ਉਸ ਵੇਲੇ ਦੀਆਂ ਮੁੱਖ ਮੰਗਾਂ ਵਿਚ ਕੁਝ ਰਾਜਸੀ ਹੱਕ, ਜ਼ਮੀਨ



ਸਬੰਧੀ ਅਤੇ ਸਿੱਖਿਆ ਦੇਖੇਤਰ ਵਿਚ ਦਲਿਤਾਂ ਲਈ ਸਹੂਲਤਾਂ ਪ੍ਰਾਪਤ ਕਰਨਾ ਸੀ। ਇਸ ਤੋਂ ਇਲਾਵਾ ਇਕ ਹੋਰ ਗੱਲ ਜਿਹੜੀ ਆਦਿ-ਧਰਮ ਲਹਿਰ ਵਿਚ ਉਭਰ ਕੇ ਆਈ ਕਿ ਆਦਿ-ਧਰਮੀ ਆਦਿ- ਧਰਮੀ ਹਿੰਦੂ ਨਹੀਂ। ਬਲਕਿ ਇਸ ਦੇਸ਼ ਦੇ ਸਭ ਤੋਂ ਪੁਰਾਣੇ ਅਤੇ ਆਦਿ ਵਾਸੀ ਹਨ ਅਤੇ ਇਹਨਾਂ ਦਾ ਧਰਮ ਆਦਿ-ਧਰਮ ਹੈ।

ਮੈਨੂੰ ਆਦਿ- ਧਰਮ ਲਹਿਰ ਦੇ ਬਾਰੇ ਜ਼ਿਆਦਾ ਜਾਣਕਾਰੀ ਸੁਆਮੀ ਸ਼ੁਦਰਾਨੰਦ ਜੀ ਤੋਂ ਮਿਲੀ ਜੋ ਕਾਫੀ ਸਮੇਂ ਤੱਕ ਸਾਡੇ ਪਾਸ ਰਹੇ। ਉਸ ਸਮੇਂ ਮੈਂ ਕਾਲਜ ਵਿਚ ਜਾਂਦਾ ਸੀ ਅਤੇ ਜਦ ਕਦੇ ਵੀ ਮੌਕਾ ਮਿਲਦਾ ਮੈਂ ਉਹਨਾਂ ਪਾਸੋਂ ਆਦਿ-ਧਰਮ ਲਹਿਰ ਦੀਆਂ ਸਰਗਰਮੀਆਂ ਅਤੇ ਉਸ ਵਿਚ ਲਗਨ ਦੇ ਨਾਲ ਮਿਹਨਤ ਕਰਨ ਵਾਲਿਆਂ ਬਜ਼ੁਰਗਾਂ ਦੇ ਬਾਰੇ ਪੁੱਛਿਆ ਕਰਦਾ। ਸੁਆਮੀ ਸ਼ੂਦਰਾਨੰਦ ਜੀ ਦੀ ਰਾਜਨੀਤਿਕ ਸੂਝ ਬੂਝ ਅਤੇ ਦੂਰ ਦਰਸ਼ਿਤਾ ਕਾਰਨ ਮੈਂ ਉਹਨਾ ਦੀ ਸ਼ਖਸੀਅਤ ਤੋਂ ਕਾਫੀ ਪ੍ਰਭਾਵਿਤ ਹੋਇਆ। ਕਿਸੇ ਵੀ ਕੌਮ ਦੀ ਤਰੱਕੀ ਲਈ ਜ਼ਰੂਰੀ ਹੈ ਕਿ ਉਸ ਵਿਚ ਇਕ ਸੁਚੇਤ ਵਰਗ ਹੋਵੇ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਦਿ ਧਰਮ ਲਹਿਰ ਦੇ ਸਮੇਂ ਕੌਮ ਦੇ ਇਸ ਤਰ੍ਹਾਂ ਦੇ ਬਜ਼ੁਰਗਾਂ ਨੇ ਇਹ ਕੰਮ ਕੀਤਾ, ਜਿਹਨਾਂ ਵਿਚ ਜ਼ਿਆਦਾ ਪੜ੍ਹੇ ਲਿਖੇ ਨਹੀਂ ਸਨ। ਪਰ ਉਹ ਪੜ੍ਹਾਈ ਅਤੇ ਸਿੱਖਿਆ ਦੇ ਮਹੱਤਵ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਆਦਿ ਧਰਮ ਮੰਡਲ ਦਾ ਇਕ ਜਿੰਦਾ ਜਾਗਦਾ ਸਬੂਤ ਜਲੰਧਰ ਵਿਖੇ ਗੁਰੂ ਰਵਿਦਾਸ ਹਾਈ ਸਕੂਲ ਹੈ। ਜਿਸ ਨੂੰ ਅੱਜ ਵੀ ਪੁਰਾਣੇ ਬਜ਼ੁਰਗ ਧਰਮ ਮੰਡਲ ਦੇ ਨਾਂ ਨਾਲ ਪੁਕਾਰਦੇ ਹਨ। ਆਦਿ ਧਰਮ ਲਹਿਰ ਵਿਚ ਸੇਠ ਲੱਭੂ ਰਾਮ, ਸੇਠ ਸੁੰਦਰ ਦਾਸ (ਮੇਰੇ ਦਾਦਾ ਜੀ) ਸ੍ਰੀ ਕਨਿਯਾ ਲਾਲ ਆਦਿ ਬਜ਼ੁਰਗਾਂ ਦਾ ਯੋਗਦਾਨ ਵੀ ਸ਼ਲਾਘਾਯੋਗ ਹੈ।

ਮੈਨੂੰ ਆਦਿ ਧਰਮ ਲਹਿਰ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਉਸ ਵੇਲੇ ਮਿਲਿਆ ਜਦੋਂ ਮੈਂ ਪਹਿਲੀ ਵਾਰ 1972 ਈ: ਵਿਚ ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ (ਹੁਣ ਡਾ:) ਮਾਰਕ ਨੂੰ ਮਿਲਿਆ। ਪ੍ਰੋਫੈਸਰ ਮਾਰਕ ਉਦੋਂ ਪੰਜਾਬ ਯੂਨੀਵਰਸਿਟੀ ਵਿਚ ਵਿਜ਼ਿਟਿੰਗ ਪ੍ਰੋਫੈਸਰ ਦੇ ਤੌਰ ਤੇ ਆਏ ਸਨ ਪਰ ਉਹਨਾਂ ਨੇ ਆਦਿ-ਧਰਮ ਲਹਿਰ ਦੇ ਇਤਿਹਾਸ ਨੂੰ ਖੋਜਣ ਦਾ ਕੰਮ ਸ਼ੁਰੂ ਕੀਤਾ। ਪ੍ਰੋਫੈਸਰ ਮਾਰਕ ਨੇ ਜਿਸ ਢੰਗ ਅਤੇ ਲਗਨ ਦੇ ਨਾਲ ਕਈ ਵਾਰ ਭਾਰਤ ਆ ਕੇ ਇਸ ਖੋਜ ਦਾ ਕੰਮ ਪੂਰਾ ਕੀਤਾ, ਉਹ ਸ਼ਲਾਘਾਯੋਗ ਹੈ। ਮੈਂ ਵੀ ਉਹਨਾਂ ਦੇ ਨਾਲ ਕਈ ਜਗ੍ਹਾ ਗਿਆ। ਉਹਨਾਂ ਵਿਚੋਂ ਆਦਿ-ਧਰਮ ਲਹਿਰ ਦੇ ਬਾਨੀ ਪ੍ਰਧਾਨ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨਾਲ ਉਹਨਾਂ ਦੇ ਫਾਰਮ ਗੜ੍ਹਸ਼ੰਕਰ ਤੇ ਹੋਈ ਮੁਲਾਕਾਤ ਕਾਫੀ ਦਿਲਚਸਪ ਸੀ।

ਪ੍ਰੋਫੈਸਰ ਮਾਰਕ ਨੇ ਉਸ ਦਿਨ ਉਹਨਾਂ ਨੂੰ ਕਰੀਬ 3 ਘੰਟੇ ਤੱਕ ਕਈ ਸਵਾਲ ਅਤੇ ਪੁਰਾਣੀਆਂ ਯਾਦਾਂ ਦੇ ਬਾਰੇ ਪੁੱਛਿਆ। ਜਿਸ ਨੂੰ ਵਿਸਥਾਰ ਨਾਲ ਉਹਨਾਂ ਨੇ ਆਪਣੀ ਪੁਸਤਕ ਵਕ;ਜਪਜਰਅ 1ਤ ਛਰਫਜ਼; ਙਜਤਜਰਅ ਵਿਚ ਲਿਖਿਆ ਹੈ। ਜਿਸ ਵਿਚ ਪੰਜਾਬ ਦੇ ਆਦਿ-ਧਰਮੀ ਅਤੇ ਆਦਿ-ਧਰਮ ਲਹਿਰ ਤੇ ਕਈ ਪਹਿਲੂਆਂ ਤੇ ਰੌਸ਼ਨੀ ਪਾਈ ਗਈ ਹੈ।

ਪੰਜਾਬ ਵਿਚ ਆਦਿ ਧਰਮ ਦੀਆਂ ਕਾਰਵਾਈਆਂ ਮੰਨੀਆਂ ਹੋਣ ਦੇ ਨਾਲ ਇਕ ਬਹੁਤ ਵੱਡਾ ਖਲਾਅ ਪੈਦਾ ਹੋ ਗਿਆ ਜਿਸ ਨੂੰ ਪੂਰਾ ਕਰਨਾ ਅੱਜ ਸਮੇਂ ਦੀ ਮੰਗ ਹੈ। ਅੱਜ ਕੰਮ ਹੀ ਆਰਥਿਕ, ਸਮਾਜਿਕ ਅਤੇ ਰਾਜਨੀਤਕਿ ਤਰੱਕੀ ਲਈ ਆਦਿ ਧਰਮ ਮੰਡਲ ਵਰਗੀ ਕਿਸੇ ਜਥੇਬੰਦੀ ਦੀ ਹੋਂਦ ਜ਼ਰੂਰੀ ਹੈ।

ਜਿਸ ਦੀ ਸੇਧ ਅਸੀਂ ਆਪਣੇ ਗੁਰੂ ਰਵਿਦਾਸ, ਰਿਸ਼ੀ ਬਾਲਮੀਕੀ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਅਤੇ ਡਾ: ਅੰਬੇਦਕਰ ਆਦਿ ਮਹਾਂਪੁਰਖਾਂ ਤੋਂ ਸਿਰਫ ਇਕ ਚੰਗੀ ਅਤੇ ਸੁਚੱਜੀ ਜਥੇਬੰਦੀ ਨਾਲ ਹੀ ਅਸੀਂ ਭਾਰਤੀ ਸਮਾਜ ਵਿਚ ਆਪਣੀ ਯੋਗ ਅਤੇ ਸਹੀ ਥਾਂ ਪ੍ਰਾਪਤ ਕਰਨ ਲਈ ਸੰਘਰਸ਼ ਜਾਰੀ ਰੱਖ ਸਕਦੇ ਹਾਂ। ਇਹ ਹੀ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

Source Courtesy: Babu Mangu Ram Mugowalia
Souvenir 1985 published by C. L. Chumber

## ਜਿਸ ਕੌਮ ਦੇ ਨਹੀਂ ਅਖ਼ਬਾਰ ਹੁੰਦੇ

ਉਹ ਕੌਮ ਨਹੀਂ ਬਹੁਤ ਚਿਰ ਜੀ ਸਕਦੀ, ਜਿਸ ਕੋਲ ਨਹੀਂ ਅਣਖੀ ਵਿਚਾਰ ਹੁੰਦੇ।
ਬਲ, ਵਿੱਦਿਆ, ਏਕੇ ਤੋਂ ਰਹਿਣ ਖਾਲੀ, ਪਾਟੋ-ਧਾੜ ਦੇ ਸਦਾ ਸ਼ਿਕਾਰ ਹੁੰਦੇ।
ਨਹੀਂ ਪੁੱਛਦਾ ਕੋਈ ਸਮਾਜ ਅੰਦਰ, ਨਾ ਹੀ ਰਾਜ ਦਰਬਾਰ ਅਧਿਕਾਰ ਹੁੰਦੇ।
ਪੱਖ ਆਪਣਾ ਪੇਸ਼ ਨਹੀਂ ਕਰ ਸਕਦੇ, ਅਸਮਰਥ ਹੁੰਦੇ, ਮੋਨਧਾਰ ਹੁੰਦੇ।
ਜੀਂਦੇ ਸਦਾ ਗੁਲਾਮ ਦੀ ਜ਼ਿੰਦਗੀ ਉਹ, ਪੈਦਾਵਾਰ ਦੇ ਨਾ ਮੁਖਤਿਆਰ ਹੁੰਦੇ।
ਉਹ ਨਹੀਂ ਮੰਜ਼ਿਲ ਤਰੱਕੀ ਦੀ ਛੂਹ ਸਕਦੇ, ਜਿਸ ਕੌਮ ਦੇ ਨਹੀਂ ਅਖ਼ਬਾਰ ਹੁੰਦੇ।

**– ਸਵਰਗੀ ਮੇਹਰ ਚੰਦ 'ਮੇਹਰ'** ਬੜਾ ਪਿੰਡ, ਗੁਰਾਇਆਂ

# ਲੋਕ ਮਰ ਰਹੇ ਹਨ- ਡਾਕਟਰ ਹੜਤਾਲ 'ਤੇ ਹਨ



ਫਰੈਡੀ ਜੋਸਫ

ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਕਰਿਸਚੀਅਨ ਮੈਡੀਕਲ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ ਸੀ ਜਿਸ ਤੇ ਪ੍ਰਿੰਸੀਪਲ ਨੇ ਮੈਡੀਕਲ ਵਿਦਿਆਰਥੀਆਂ ਦੇ ਬੋਰੀਏ ਬਿਸਤਰੇ ਚੁੱਕ ਕੇ ਸੜਕ ਤੇ ਰਖਵਾ ਦਿੱਤੇ ਅਤੇ ਉਨ੍ਹਾਂ ਦੇ ਕਮਰਿਆਂ ਨੂੰ ਤਾਲੇ ਲਾ ਦਿੱਤੇ। ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪੋ ਆਪਣੇ ਘਰਾਂ ਨੂੰ ਚਲੇ ਜਾਣ, ਉਨ੍ਹਾਂ ਨੂੰ ਇਸ ਕਾਲਜ ਵਿੱਚ ਨਹੀਂ ਪੜ੍ਹਾਇਆ ਜਾਵੇਗਾ। ਸ਼ਾਮ ਨੂੰ ਲੁਧਿਆਣਾ ਦਾ ਡੀ.ਸੀ. ਆਇਆ ਤੇ ਉਸਨੇ ਪ੍ਰਿੰਸੀਪਲ ਨੂੰ ਕਾਲਜ ਖੋਲਣ ਲਈ ਆਖਿਆ ਪਰ ਪ੍ਰਿੰਸੀਪਲ ਨੇ ਸਾਫ ਇਨਕਾਰ ਕਰ ਦਿੱਤਾ। ਉਸਨੇ ਕਿਹਾ – ਮੈਂ ਹੜਤਾਲ ਕਰਨ ਵਾਲੇ ਵਿਦਿਆਰਥੀਆਂ ਨੂੰ ਬਿਲਕੁਲ ਨਹੀਂ ਪੜ੍ਹਾਵਾਂਗਾ। ਅਗਲੇ ਦਿਨ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋ ਖੁਦ ਆਏ ਪਰ ਪ੍ਰਿੰਸੀਪਲ ਨੇ ਕਿਹਾ ਕਿ ਕਲ੍ਹ ਨੂੰ ਇਹ ਡਾਕਟਰ ਬਣ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨਗੇ, ਇਸ ਕਰਕੇ ਮੈਂ ਇਨ੍ਹਾਂ ਨੂੰ ਡਾਕਟਰ ਨਹੀਂ ਬਣਨ ਦੇਵਾਂਗਾ। ਮੁਖ ਮੰਤਰੀ ਕੈਰੋਂ ਬਹੁਤ ਸਖਤ ਮੁਖ ਮੰਤਰੀ ਸਨ। ਉਨ੍ਹਾਂ ਨੇ ਸ਼ਾਇਦ ਆਪਣੀ ਸਰਕਾਰੀ ਤਾਕਤ ਦਾ ਰੋਅਬ ਦਿਖਾਇਆ ਹੋਵੇਗਾ ਜਿਸਦੇ ਉੱਤਰ ਵਿੱਚ ਪ੍ਰਿੰਸੀਪਲ ਨੇ ਕਿਹਾ ਕਿ ਤੁਸੀਂ ਸਾਨੂੰ ਕੀ ਦਿੰਦੇ ਹੋ, ਅਸੀਂ ਆਪਣੇ ਪੈਸੇ ਨਾਲ ਕਾਲਜ ਚਲਾ ਰਹੇ ਹਾਂ। ਤੁਹਾਡੇ ਦੇਸ਼ ਦੀ ਮਦਦ ਕਰ ਰਹੇ ਹਾਂ। ਸਾਡੀ ਮਰਜ਼ੀ ਹੈ – ਕਾਲਜ ਚਲਾਈਏ ਜਾਂ ਨਾ ਚਲਾਈਏ। ਆਖਿਰ ਵਿੱਚ ਪ੍ਰਿੰਸੀਪਲ ਇਸ ਗੱਲ ਤੇ ਮੰਨੇ ਕਿ ਇਹ ਸਾਰੇ ਵਿਦਿਆਰਥੀ ਹਲਫਨਾਮਾ ਦੇਣ ਕਿ ਅਸੀਂ ਜ਼ਿੰਦਗੀ ਵਿੱਚ ਕਦੀ ਵੀ ਹੜਤਾਲ ਨਹੀਂ ਕਰਾਂਗੇ ਤਦ ਹੀ ਮੈਂ ਇਨ੍ਹਾਂ ਨੂੰ ਅੰਦਰ ਵੜਨ ਦੇਵਾਂਗਾ। ਸਾਰੇ ਵਿਦਿਆਰਥੀਆਂ ਤੋਂ ਹਲਫਨਾਮਾ ਲੈ ਕੇ ਮਾਫੀ ਮੰਗਵਾ ਕੇ ਹੀ ਉਨ੍ਹਾਂ ਨੂੰ ਕਾਲਜ ਅੰਦਰ ਦਾਖਲ ਹੋਣ ਦਿੱਤਾ ਗਿਆ।

ਅੱਜ ਪੂਰੀ ਦੁਨੀਆਂ ਉੱਤੇ ਜਦ ਕੋਰੋਨਾ ਦੀ ਭਿਆਨਕ ਆਫਤ ਛਾਈ ਹੋਈ ਹੈ – ਲੱਖਾਂ ਲੋਕ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਸ਼ਮਸ਼ਾਨ ਭੂਮੀਆਂ ਵਿੱਚ ਇੰਨੀਆਂ ਲਾਸ਼ਾਂ ਪੁੱਜ ਰਹੀਆਂ ਹਨ ਕਿ ਉਨ੍ਹਾਂ ਨੂੰ ਅਗਨੀ ਸਪੁਰਦ ਕਰਨ ਦੀ ਵਾਰੀ ਨਹੀਂ ਆ ਰਹੀ। ਲਕੜਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ। ਕਬਰਸਤਾਨਾਂ ਵਿੱਚ ਜਗ੍ਹਾ ਬਹੁਤ ਘੱਟ ਹੋ ਰਹੀ ਹੈ। ਕਬਰਾਂ ਉਤੇ ਹੀ ਕਬਰਾਂ ਬਣ ਰਹੀਆਂ ਹਨ। ਕਈ ਲੋਕਾਂ ਨੂੰ ਆਪਣੇ ਮੁਰਦੇ ਸੜਕਾਂ ਕਿਨਾਰੇ ਪਈ ਜਗ੍ਹਾ ਵਿੱਚ ਦਬਣੇ ਪਏ ਹਨ। ਕ੍ਰੋੜਾਂ ਦੀ ਗਿਣਤੀ ਵਿੱਚ ਲੋਕ ਹਸਪਤਾਲਾਂ ਵਿੱਚ ਪਏ ਹਨ। ਕੋਰੋਨਾ ਦੇ ਇਲਾਜ ਲਈ ਲੋਕਾਂ ਨੂੰ ਆਪਣੇ ਘਰ ਵੇਚਣੇ ਪੈ ਰਹੇ ਹਨ। ਲੋਕ ਕੰਗਾਲ ਹੋ ਰਹੇ ਹਨ। ਅਜੇਹੇ ਹਾਲਾਤ ਵਿੱਚ ਜੇ ਡਾਕਟਰ ਹੜਤਾਲ ਕਰ ਰਹੇ ਹਨ ਤਾਂ ਇਹ ਬਹੁਤ ਹੀ ਦੁੱਖ ਦੀ ਗੱਲ ਹੈ।

ਕੋਰੋਨਾ ਦਾ ਟੀਕਾ ਲਗਾਉਣ ਆ ਰਹੇ ਲੋਕ ਮਾਯੂਸ ਹੋ ਕੇ ਹਸਪਤਾਲਾਂ ਵਿਚੋਂ ਬਿਨਾ ਟੀਕਾ ਲਗਵਾਏ ਵਾਪਸ ਜਾ ਰਹੇ ਹਨ। ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਡਾਕਟਰਾਂ ਨੂੰ ਤਨਖਾਹ ਨਹੀਂ ਮਿਲੀ, ਇਸ ਕਰਕੇ ਉਹ ਹੜਤਾਲ ਤੇ ਹਨ।

ਡਾਕਟਰਾਂ ਲਈ ਤਾਂ ਸ਼ਰਮ ਦੀ ਗੱਲ ਹੈ ਹੀ ਪਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਡਾਕਟਰਾਂ ਸਮੇਤ ਹੋਰ ਮੈਡੀਕਲ ਸਟਾਫ ਜੋ ਜਾਨ ਤੇ ਖੇਲ ਕੇ ਕੋਰੋਨਾ ਨਾਲ ਲੜ ਰਹੇ ਹਨ, ਉਨ੍ਹਾਂ ਦੀਆਂ ਮੰਗ ਵੱਲ ਤੁਰੰਤ ਧਿਆਨ ਦੇਵੇ ਤੇ ਉਨ੍ਹਾਂ ਦੇ ਮਸਲੇ ਹਲ ਕਰੇ। ਜੇਕਰ ਦੋਹਾਂ ਪਾਸਿਓਂ ਟਕਰਾ ਰਿਹਾ ਤਾਂ ਇਸ ਤੋਂ ਵੱਧ ਦੁਖਦਾਈ ਤੇ ਸ਼ਰਮ ਦੀ ਗੱਲ ਕੋਈ ਹੋਰ ਨਹੀਂ ਹੋਵੇਗੀ! ਇਥੇ ਇਹ ਵੀ ਵਰਣਨਯੋਗ ਹੈ ਕਿ ਡਾਕਟਰ ਦੇ ਪੇਸ਼ੇ ਨੂੰ ਅੱਜ ਦੌਲਤ ਇੱਕਠੀ ਕਰਨ ਵਾਲਾ ਪੇਸ਼ਾ ਸਮਝਿਆ ਜਾ ਰਿਹਾ ਹੈ-ਲੋਕਾਂ ਦੀ ਸੇਵਾ ਦਾ ਪੇਸ਼ਾ ਨਹੀਂ। ਲੋਕਾਂ ਨੂੰ ਆਪਣੇ ਰਿਸ਼ਤੇਦਾਰਾਂ ਦੀ ਜਾਨ ਬਚਾਉਣ ਲਈ ਘਰ ਤੱਕ ਵੇਚਣੇ ਪੈ ਰਹੇ ਹਨ। ਇਸ ਗੱਲ ਤੇ ਵੀ ਬਹੁਤ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕੌਮੀ ਚੌਕਸੀ ਵਧਣ ਦੇ ਬਾਵਜੂਦ ਏਸ਼ੀਅਨਾਂ ਵਿਰੁੱਧ ਹਿੰਸਾ ਦੇ ਮਾਮਲੇ ਵਧੇ

**ਸੈਕਰਾਮੈਂਟੋ 7 ਮਈ-** ਏਸ਼ੀਅਨਾਂ ਵਿਰੁੱਧ ਨਫਰਤੀ ਅਪਰਾਧਾਂ ਨੂੰ ਰੋਕਣ ਲਈ ਰਾਜਸੀ ਤੌਰ 'ਤੇ ਕੌਮੀ ਚੌਕਸੀ ਵਧਣ ਤੇ ਇਸ ਸਬੰਧੀ ਕਾਰਵਾਈ ਕਰਨ ਦੇ ਬਾਵਜੂਦ ਏਸ਼ੀਅਨ ਮੂਲ ਦੇ ਅਮ-ਰੀਕੀਆਂ ਤੇ ਏਸ਼ੀਅਨਾਂ ਵਿਰੁੱਧ ਹਿੰਸਾ ਦੇ ਮਾਮਲੇ ਘੱਟਣ ਦੀ ਬਜਾਏ ਵਧੇ ਹਨ। ਕੈਲੀਫੋਰੀਨੀਆ ਸਟੇਟ ਯੂਨੀਵਰਸਿਟੀ ਦੇ ਸੈਂਟਰ ਫਾਰ ਸਟੱਡੀ ਆਫ ਹੇਟ ਐਂਡ ਐਕਸਟ੍ਰੀਮਿਜਮ ਦੀ ਇਕ ਰਿਪੋਰਟ ਅਨੁਸਾਰ 16 ਪ੍ਰਮੁੱਖ ਸ਼ਹਿਰਾਂ ਵਿਚ ਪਿਛਲੇ ਸਾਲ ਦੀ ਤੁਲਨਾ ਵਿੱਚ 2021 ਦੀ ਪਹਿਲੀ ਤਿਮਾਹੀ ਦੌਰਾਨ ਏਸ਼ੀਅਨਾਂ ਵਿਰੁੱਧ ਨਫਰਤੀ ਅਪਰਾਧਾਂ ਵਿਚ 164% ਤੋਂ ਵਧ ਵਾਧਾ ਹੋਇਆ ਹੈ।

ਏਸ਼ੀਅਨਾਂ ਉਪਰ ਹਮਲੇ ਵਧਣ ਦੇ ਮੱਦੇਨਜਰ ਪਿਛਲੇ ਸਾਲ ਗਠਿਤ ਕੀਤੀ ਸੰਸਥਾ ' ਏਸ਼ੀਅਨ ਅਮੈਰੀਕਨਜ ਐਂਡ ਪੈਸੀਫਿਕ ਆਈਸਲੈਂਡਰ' ਅਨੁਸਾਰ ਅਮਰੀਕਾ ਵਿਚ ਕੋਵਿਡ ਮਹਾਂਮਾਰੀ ਤੋਂ ਬਾਅਦ ਇਕ ਸਾਲ ਵਿਚ ਏਸ਼ੀਅਨਾਂ ਵਿਰੁੱਧ ਨਫਰਤੀ ਹਿੰਸਾ ਦੀਆਂ 6600 ਘਟਨਾਵਾਂ ਹੋਈਆਂ। ਇਨਾਂ ਵਿਚੋਂ ਇਕ ਤਿਹਾਈ ਤੋਂ ਵੀ ਵਧ ਘਟਨਾਵਾਂ ਇਸ ਸਾਲ ਮਾਰਚ ਵਿਚ ਹੋਈਆਂ। ਇਹ ਨਵੇਂ ਅਕੰੜੇ ਪਿਛਲੇ ਦਿਨਾਂ ਵਿੱਚ ਏਸ਼ੀਅਨਾਂ ਉਪਰ ਵਧੇ ਹਮਲਿਆਂ ਉਪਰੰਤ ਜਾਰੀ ਹੋਏ ਹਨ। ਹਾਲਾਂ ਕਿ ਪੁਲਿਸ ਤੇ ਹੋਰ ਏਜੰਸੀਆਂ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਰਦੀਆਂ ਹਨ ਪਰ ਫਿਰ ਵੀ ਸ਼ਰਾਰਤੀ ਅਨਸਰ ਬਾਜ ਨਹੀਂ ਆ ਰਹੇ।

**ਔਰਤਾਂ 'ਤੇ ਹਮਲੇ ਦੇ ਮਾਮਲੇ ਵਿੱਚ ਇਕ ਗ੍ਰਿਫਤਾਰ**

ਡਾਊਨ ਟਾਊਨ ਸਨ ਫਰਾਂਸਿਸਕੋ ਵਿਚ ਬਿਨਾਂ ਕਿਸੇ ਭੜਕਾਹਟ ਦੇ ਦੋ ਏਸ਼ੀਅਨ ਔਰਤਾਂ ਉਪਰ ਚਾਕੂ ਨਾਲ ਹਮਲਾ ਕਰਨ ਦੇ ਮਾਮਲੇ ਵਿਚ ਲੰਘੇ ਦਿਨ ਪੁਲਿਸ ਨੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।

ਪਿਛਲੇ ਹਫਤੇ ਦੇ ਅੰਤ 'ਤੇ ਨਿਯੂਯਾਰਕ ਸ਼ਹਿਰ ਵਿਚ ਇਕ ਔਰਤ ਵੱਲੋਂ ਦੋ ਏਸ਼ੀਅਨ ਔਰਤਾਂ ਉਪਰ ਹਮਲਾ ਕੀਤਾ ਗਿਆ। ਇਸ ਸਿਰ ਫਿਰੀ ਔਰਤ ਨੇ ਏਸ਼ੀਅਨ ਔਰਤਾਂ ਨੂੰ ਮਾਸਕ ਲਾਹੁਣ ਲਈ ਕਿਹਾ ਤੇ ਬਾਅਦ ਵਿਚ ਉਸ ਨੇ ਇਕ ਔਰਤ ਦੇ ਸਿਰ ਵਿਚ ਹਥੌੜਾ ਮਾਰਿਆ। ਇਸ ਔਰਤ ਦੀ ਅਜੇ ਗ੍ਰਿਫਤਾਰੀ ਨਹੀਂ ਹੋਈ। ਏਸ਼ੀਅਨਾਂ ਵਿਰੁੱਧ ਹਮਲਿਆਂ ਦੀਆਂ ਇਹ ਦੋ ਤਾਜਾ ਘਟਨਾਵਾਂ ਹਨ।

ਮਾਰਚ ਵਿਚ ਅਟਲਾਂਟਾ ਵਿਚ ਗੋਲੀਬਾਰੀ ਕਰਕੇ 6 ਏਸ਼ੀਅਨ ਔਰਤਾਂ ਸਮੇਤ 8 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ। ਉਸ ਤੋਂ ਬਾਅਦ ਬਾਇਡਨ ਪ੍ਰਸ਼ਾਸਨ ਸਖਤੀ ਵਰਤਣ ਦੇ ਰੌਅ ਵਿਚ ਦਿਸਿਆ ਸੀ ਪਰ ਅਮਲੀ ਰੂਪ ਵਿਚ ਇਹ ਸਖਤੀ ਅਜੇ ਨਜਰ ਨਹੀਂ ਆਈ। ਦਰਅਸਲ ਦੋਸ਼ੀਆਂ ਵਿਰੁੱਧ ਕਾਨੂੰਨ ਵਿੱਚ ਸਖਤ ਸਜਾ ਦੀ ਵਿਵਸਥਾ ਕਰਕੇ ਹੀ ਨਫਰਤੀ ਅਪਰਾਧਾਂ ਨੂੰ ਨੱਥ ਪਾਈ ਜਾ ਸਕਦੀ ਹੈ।

# ਮਾਰਚ 2011 ਵਿਚ ਮਾਰੇ ਗਏ ਦੋ ਸਿੱਖਾਂ ਦੀ ਯਾਦ ਵਿਚ ਪਾਰਕ ਦਾ ਉਦਘਾਟਨ

**ਸੈਕਰਾਮੈਂਟੋ 7 ਮਈ-** 4 ਮਾਰਚ 2011 ਨੂੰ ਗੋਲੀ ਮਾਰ ਕੇ ਮਾਰ ਦਿੱਤੇ ਗਏ ਦੋ ਸਿੱਖਾਂ ਦੀ ਯਾਦ ਵਿਚ ਐਲਕ ਗਰੋਵ, ਕੈਲੀਫੋਰਨੀਆ ਵਿਚ ਇਕ ਪਾਰਕ ਦਾ ਉਦਘਾਟਨ ਕੀਤਾ ਗਿਆ। ਗੁਰਮੇਜ ਸਿੰਘ ਅਟਵਾਲ ਤੇ ਸੁਰਿੰਦਰ ਸਿੰਘ ਦੀਆਂ ਹਤਿਆਵਾਂ ਦੇ ਮਾਮਲ ਦੀ ਜਾਂਚ ਪੁਲਿਸ ਨੇ ਸੰਭਾਵੀ ਨਫਰਤੀ ਅਪਰਾਧ ਦੇ ਨਜਰੀਏ ਤੋਂ ਕੀਤੀ ਸੀ ਪਰ ਸਿੱਟਾ ਕੁਝ ਨਹੀਂ ਨਿਕਲਿਆ। 5 ਏਕੜ ਵਿਚ ਬਣੇ ਇਸ ਪਾਰਕ ਦਾ ਨਾਂ 'ਸਿੰਘ ਐਂਡ ਕੌਰ' ਰਖਿਆ ਗਿਆ ਹੈ ਤੇ ਇਹ ਪੋਂਟਾ ਡੇਲਗਡੋ ਡਰਾਈਵ ਦੇ ਨਾਲ






ਸਥਿੱਤ ਹੈ। ਐਲਕ ਗਰੋਵ ਦੇ ਭਾਰਤੀ ਮੂਲ ਦੇ ਅਮਰੀਕੀ ਮੇਅਰ ਬੌਬੀ ਸਿੰਘ-ਐਲਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਪਾਰਕ ਸੁਰਿੰਦਰ ਸਿੰਘ ਤੇ ਗੁਰਮੇਜ ਸਿੰਘ ਨੂੰ ਸ਼ਾਨਦਾਰ ਸ਼ਰਧਾਂਜਲੀ ਹੈ। ਇਥੇ ਜਿਕਰਯੋਗ ਹੈ ਕਿ 2019 ਵਿਚ ਪੁਲਿਸ ਨੇ ਇਸ ਮਾਮਲੇ ਨੂੰ ਨਵੇਂ ਸਿਰੇ ਤੋਂ ਖੋਲਣ ਦਾ ਐਲਾਨ ਕੀਤਾ ਸੀ । ਐਲਕ ਗਰੋਵ ਪੁਲਿਸ ਮੁੱਖੀ ਟਿਮ ਬਰਾਈਟ ਨੇ ਕਿਹਾ ਸੀ ਇਹ ਅਣਸੁਲਝਿਆ ਮਾਮਲਾ ਪੁਲਿਸ ਤੇ ਸਥਾਨਕ ਭਾਈਚਾਰੇ ਲਈ ਮਹੱਤਵ ਪੂਰਨ ਹੈ । ਮਾਮਲਾ ਅਜੇ ਵੀ ਜਾਂਚ ਅਧੀਨ ਹੈ।

# ਬਿੱਲ ਗੇਟਸ ਨੇ 24 ਬਿਲੀਅਨ ਡਾਲਰ ਮੇਲਿੰਡਾ ਗੇਟਸ ਦੇ ਖਾਤੇ ਵਿਚ ਕੀਤੇ ਤਬਦੀਲ

## ਬਿੱਲ ਗੇਟਸ ਅਜੇ ਵੀ ਦੁਨੀਆ ਦਾ ਚੌਥਾ ਅਮੀਰ ਵਿਅਕਤੀ

**ਸੈਕਰਾਮੈਂਟੋ 8 ਮਈ-** ਇਸ ਹਫਤੇ ਦੇ ਸ਼ੁਰੂ ਵਿਚ ਵਿਸ਼ਵ ਦੇ ਅਮੀਰ ਵਿਅਕਤੀਆਂ ਵਿਚ ਸ਼ੁਮਾਰ ਬਿੱਲ ਗੇਟਸ ਤੇ ਮੇਲਿੰਡਾ ਗੇਟਸ ਵੱਲੋਂ ਤਲਾਕ ਦਾ ਐਲਾਨ ਕਰਨ ਉਪਰੰਤ ਉਸੇ ਦਿਨ ਹੀ ਮੇਲਿੰਡਾ ਗੇਟਸ ਅਰਬਪੱਤੀ ਬਣ ਗਈ ਸੀ। ਬਿੱਲ ਗੇਟਸ ਦੀ ਨਿਵੇਸ਼ ਕੰਪਨੀ 'ਕੈਸਕੇਡ ਇਨਵੈਸਟਮੈਂਟ ਨੇ ਮੇਲਿੰਡਾ ਗੇਟਸ ਦੀਆਂ ਸਕਿਉਰਟੀਜ਼ (ਸ਼ੇਅਰ ਬਜਾਰ) ਵਿਚ ਤਕਰੀਬਨ 2. 4 ਅਰਬ ਡਾਲਰ ਤਬਦੀਲ ਕੀਤੇ। ਫੋਰਬਸ ਅਨੁਸਾਰ ਇਸ ਨਾਲ ਬਿੱਲ ਗੇਟਸ ਦੀ ਅਸਲ ਪੂੰਜੀ 130.4 ਬਿਲੀਅਨ ਡਾਲਰ ਤੋਂ ਮਾਮੂਲੀ ਘੱਟ ਕੇ 128.1 ਬਿਲੀਅਨ ਡਾਲਰ ਰਹਿ ਗਈ ਪਰੰਤੂ ਇਸ ਦੇ ਬਾਵਜੂਦ ਉਸ ਦਾ ਵਿਸ਼ਵ ਵਿਚ ਚੌਥੇ ਅਮੀਰ ਵਜੋਂ



ਸਥਾਨ ਕਾਇਮ ਹੈ। ਪਹਿਲੇ ਤਿੰਨ ਸਥਾਨਾਂ ਉਪਰ ਜੈਫ ਬੇਜੋਸ (177 ਬਿਲੀਅਨ ਡਾਲਰ), ਏਲਨ ਮਸਕ (157 ਬਿਲੀਅਨ ਡਾਲਰ), ਤੇ ਬਰਨਾਰਡ ਅਰਨੌਲਟ (150 ਬਿਲੀਅਨ ਡਾਲਰ) ਹਨ। ਫੋਰਬਸ ਅਨੁਸਾਰ ਮੇਲਿੰਡਾ ਨੂੰ ਆਟੋਨੇਸ਼ਨ ਦੇ 2.94 ਮਿਲੀਅਨ ਸ਼ੇਅਰ ਤੇ ਕੈਨੇਡੀਅਨ ਨੈਸ਼ਨਲ ਰੇਲਵੇ ਕੰਪਨੀ ਦੇ 14.1 ਮਿਲੀਅਨ ਸ਼ੇਅਰ ਮਿਲੇ ਹਨ। ਆਟੋ ਨੇਸ਼ਨ ਦੀ ਪੂੰਜੀ&; 309 ਮਿਲੀਅਨ ਡਾਲਰ ਤੇ ਕੈਨੇਡੀਅਨ ਨੈਸ਼ਨਲ ਰੇਲਵ ਕੰਪਨੀ ਦੀ ਪੂੰਜੀ ਅਨੁਮਾਨਤ 1.5 ਬਿਲੀਅਨ ਡਾਲਰ ਹੈ। ਇਸ ਤੋਂ ਇਲਾਵਾ ਮੇਲਿੰਡਾ ਗੇਟਸ ਨੂੰ ਮੈਕਸੀਕੋ ਵਿਚਲੀ ਕੰਪਨੀ ਕੋਕਾ-ਕੋਲਾ ਫੇਮਸਾ ਦੇ 25.8 ਮਿਲੀਅਨ ਸ਼ੇਅਰ (ਕੀਮਤ 120 ਮਿਲੀਅਨ ਡਾਲਰ) ਤੇ ਮੈਕਸੀਕਨ ਬਰਾਡਕਾਸਟਰ ਗਰੁਪੋ ਟੈਲੀਵੀਜਾ ਐਸ ਏ ਦੇ 155.4 ਮਿਲੀਅਨ ਸ਼ੇਅਰ ਮਿਲੇ ਹਨ ਜਿਨਾਂ ਦੀ ਕੀਮਤ 386 ਮਿਲੀਅਨ ਡਾਲਰ ਹੈ।

ਜੱਜ ਨੂੰ ਕੀਤੀ ਬੇਨਤੀ- ਬਿੱਲ ਗੇਟਸ ਤੇ ਮੇਲਿੰਡਾ ਗੇਟਸ ਨੇ ਵਾਸ਼ਿਗਟਨ ਰਾਜ ਦੇ ਇਕ ਜੱਜ ਨੂੰ ਕਿਹਾ ਹੈ ਕਿ ਉਹ ਤਲਾਕ ਦੇ ਸਮਝੌਤੇ ਅਨੁਸਾਰ ਅਸਾਸਿਆਂ ਦੀ ਵੰਡ ਕਰ ਦੇਣ। ਇਹ ਬੇਨਤੀ ਉਸ ਹਾਲਾਤ ਵਿਚ ਕੀਤੀ ਜਾਂਦੀ ਹੈ ਜਦੋਂ ਪਤੀ-ਪਤਨੀ ਅਲੱਗ ਰਹਿੰਦੇ ਹੋਣ ਪਰੰਤੂ ਤਲਾਕ ਨਾ ਹੋਇਆ ਹੋਵੇ। ਦੋਨਾਂ ਵਿਚਾਲੇ ਤਲਾਕ ਦੀਆਂ ਸ਼ਰਤਾਂ ਤੇ ਨਿਯਮਾਂ ਨੂੰ ਜਨਤਿਕ ਨਹੀਂ ਕੀਤਾ ਗਿਆ ਹੈ। ਇਥੇ ਜਿਕਰਯੋਗ ਹੈ ਕਿ 27 ਸਾਲ ਪਹਿਲਾਂ 1994 ਵਿਚ ਮੇਲਿੰਡਾ ਗੇਟਸ ਜੋ ਮਾਈਕਰੋਸਾਫਟ ਵਿਚ ਪ੍ਰੋਡੱਕਟ ਮੈਨੇਜਰ ਵਜੋਂ ਕੰਮ ਕਰਦੀ ਸੀ, ਬਿੱਲ ਗੇਟਸ ਨੂੰ ਨਿਊਯਾਰਕ ਵਿਚ ਕਾਰੋਬਾਰੀਆਂ ਦੇ ਰਾਤ ਦੇ ਖਾਣੇ 'ਤੇ ਮਿਲੀ ਸੀ। ਦੋਨਾਂ ਨੇ ਇਸੇ ਸਾਲ ਹੀ ਵਿਆਹ ਕਰਵਾ ਲਿਆ ਸੀ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ





Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691
Email: myfuturetruck@gmail.com

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਕੈਲੀਫੋਰਨੀਆ ਦੀ ਸੁਪਰੀਮ ਕੋਰਟ ਵਿੱਚ ਪਹਿਲੇ ਲੈਤੀਨੋ ਜਸਟਿਸ ਕਰੂਜ਼ ਰੇਨੋਸੋ ਦਾ ਹੋਇਆ 90 ਸਾਲ ਦੀ ਉਮਰ ਵਿੱਚ ਦੇਹਾਂਤ

**ਫਰਿਜ਼ਨੋ (ਕੈਲੀਫੋਰਨੀਆ), 8 ਮਈ 2021-** ਇੱਕ ਪਰਵਾਸੀ ਖੇਤ ਮਜ਼ਦੂਰ ਦਾ ਪੁੱਤਰ ਕਰੂਜ਼ ਰੇਨੋਸੋ, ਜੋ ਕਿ ਆਪਣੀ ਮਿਹਨਤ ਨਾਲ ਕਾਨੂੰਨ ਪ੍ਰਣਾਲੀ ਦੇ ਸਿਖਰ ਤੇ ਪਹੁੰਚਿਆ ਅਤੇ ਕੈਲੀਫੋਰਨੀਆ ਦੀ ਸੁਪਰੀਮ ਕੋਰਟ ਦਾ ਪਹਿਲਾ ਲੈਤੀਨੋ ਜਸਟਿਸ ਸੀ, ਸ਼ੁੱਕਰਵਾਰ ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਹੈ। ਰੇਨੋਸੋ 90 ਸਾਲਾਂ ਦੇ ਸਨ ਅਤੇ ਹਾਲ ਹੀ ਵਿੱਚ ਓਰਵਿਲ ਵਿੱਚ ਹੋਸਪੀਸ ਦੇਖਭਾਲ ਵਿੱਚ ਸਨ ਜਦਕਿ ਉਹਨਾਂ ਦੀ ਮੌਤ ਦੇ ਕਿਸੇ ਕਾਰਨ ਦਾ ਅਜੇ ਖੁਲਾਸਾ ਨਹੀਂ ਕੀਤਾ ਗਿਆ। ਰੇਨੋਸੋ ਸਿਵਲ ਰਾਈਟਸ ਬਾਰੇ ਅਮਰੀਕੀ ਕਮਿਸ਼ਨ ਦੇ ਵਾਈਸ ਚੇਅਰਮੈਨ ਰਹੇ ਅਤੇ ਸੰਨ 2000 ਵਿੱਚ ਰਾਸ਼ਟਰਪਤੀ ਬਿੱਲ ਕਲਿੰਟਨ ਤੋਂ ਪਰੈਜੀਡੈਂਟਲ ਮੈਡਲ ਆਫ ਫਰੀਡਮ ਵੀ ਪ੍ਰਾਪਤ ਕੀਤਾ। ਰੇਨੋਸੋ ਮੈਕਸੀਕਨ ਪ੍ਰਵਾਸੀਆਂ ਦਾ



ਪੁੱਤਰ ਹੈ ਜਿਸ ਨੇ ਸਾਨ ਜੋਆਕੁਇਨ ਵੈਲੀ ਦੇ ਖੇਤਰਾਂ ਵਿੱਚ ਆਪਣੇ ਪਰਿਵਾਰ ਨਾਲ ਗਰਮੀਆਂ ਵਿੱਚ ਜੀਵਨ ਬਿਤਾਇਆ। ਉਹ ਓਰੇਂਜ ਕਾਉਂਟੀ ਵਿੱਚ ਪੈਦਾ ਹੋਇਆ ਸੀ ਅਤੇ ਆਪਣੇ ਪਰਿਵਾਰ ਨੂੰ ਪੈਸਾ ਕਮਾਉਣ ਵਿੱਚ ਸਹਾਇਤਾ ਲਈ ਪੂਰੇ ਕੈਲੀਫੋਰਨੀਆ ਵਿੱਚ ਖੇਤ ਵਿੱਚ ਕੰਮ ਕਰਦਾ ਸੀ। ਰੇਨੋਸੋ ਨੇ ਫੁੱਲਰਟਨ ਕਮਿਊਨਿਟੀ ਕਾਲਜ ਅਤੇ ਪੋਮੋਨਾ ਕਾਲਜ ਵਿੱਚ ਸਿੱਖਿਆ ਪ੍ਰਾਪਤ ਕਰਨ ਦੇ ਨਾਲ ਆਰਮੀ ਵਿੱਚ ਵੀ ਸੇਵਾ ਕੀਤੀ। ਫਿਰ ਉਹ ਕੈਲੀਫੋਰਨੀਆ ਵਾਪਸ ਆਇਆ ਅਤੇ ਯੂ ਸੀ ਬਰਕਲੇ ਸਕੂਲ ਆਫ਼ ਲਾਅ ਤੋਂ ਗ੍ਰੈਜੂਏਟ ਹੋਇਆ ਅਤੇ ਏਲ ਸੈਂਟਰੋ, ਇੰਪੀਰੀਅਲ ਕਾਉਂਟੀ ਚਲਾ ਗਿਆ ਅਤੇ ਆਪਣੇ ਕਾਨੂੰਨੀ ਕੈਰੀਅਰ ਦੀ ਉਸਾਰੀ ਕੀਤੀ। ਰੇਨੋਸੋ ਕੈਲੀਫੋਰਨੀਆ ਰੂਰਲ ਕਾਨੂੰਨੀ ਸਹਾਇਤਾ, ਜੋ ਕਿ 1966 ਵਿੱਚ ਸਥਾਪਿਤ ਕੀਤਾ ਗਿਆ ਸੀ, ਦਾ ਡਾਇਰੈਕਟਰ ਬਣਿਆ ਜਿਸ ਦਾ ਮਿਸ਼ਨ,ਪੇਂਡੂ ਭਾਈਚਾਰਿਆਂ ਦੀ ਮਦਦ ਕਰਨਾ ਸੀ।1982 ਵਿੱਚ, ਗਵਰਨਰ ਜੈਰੀ ਬ੍ਰਾਊਨ ਨੇ ਰੇਨੋਸੋ ਨੂੰ ਰਾਜ ਦੀ ਸੁਪਰੀਮ ਕੋਰਟ ਵਿੱਚ ਨਿਯੁਕਤ ਕੀਤਾ, ਜੋ ਕਿ ਪਹਿਲਾ ਲੈਤੀਨੋ ਸੀ ਜੋ ਰਾਜ ਦੇ ਉੱਚ ਬੈਂਚ ਲਈ ਨਾਮਜ਼ਦ ਕੀਤਾ ਗਿਆ ਸੀ।

# ਅਮਰੀਕਾ: ਸਟਾਪ ਦੌਰਾਨ 18 ਪਹੀਆ ਟਰੱਕ ਦੇ ਪਿਛਲੇ ਪਾਸੇ ਬੰਦ ਦਰਜਨਾਂ ਵਿਅਕਤੀ ਹੋਏ ਰਫੂ ਚੱਕਰ

**ਫਰਿਜ਼ਨੋ (ਕੈਲੀਫੋਰਨੀਆ), 7 ਮਈ 2021-** ਅਮਰੀਕਾ ਵਿੱਚ ਮਨੁੱਖੀ ਤਸਕਰੀ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸੈਂਕੜੇ ਵਿਅਕਤੀ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸਿਸ ਕਰਦੇ ਹਨ। ਅਜਿਹੇ ਹੀ ਇੱਕ ਮਾਮਲੇ ਵਿੱਚ ਪੁਲਿਸ ਉਹਨਾਂ ਦਰਜਨਾਂ ਲੋਕਾਂ ਦੀ ਭਾਲ ਕਰ ਰਹੀ ਹੈ , ਜੋ ਕਿ ਸੰਭਾਵਿਤ ਤੌਰ ਤੇ ਪ੍ਰਵਾਸੀ ਮੰਨੇ ਜਾਂਦੇ ਹਨ। ਇਹ ਲੋਕ ਸੈਨ ਐਂਟੋਨੀਓ ਵਿੱਚ ਇੱਕ ਟਰੱਕ ਸਟਾਪ ਉੱਤੇ 18 ਪਹੀਆ ਵਾਹਨ ਦੇ ਪਿਛਲੇ ਪਾਸਿਓਂ ਨਿੱਕਲ ਕੇ ਪੈਦਲ ਭੱਜ ਗਏ ਸਨ। ਇਸ ਸੰਬੰਧੀ ਵੀਰਵਾਰ ਨੂੰ ਸ਼ਾਮ 6 ਵਜੇ ਤੋਂ ਬਾਅਦ ਸਿਟੀ ਐਮਰਜੈਂਸੀ ਯੂਨਿਟਾਂ ਨੇ ਆਈ -10 ਤੇ ਇੱਕ ਟਰੱਕ ਸਟਾਪ ਲਈ ਕਾਰਵਾਈ ਕੀਤੀ।

ਸੈਨ ਐਂਟੋਨੀਓ ਪੁਲਿਸ ਵਿਭਾਗ ਨੇ ਦੱਸਿਆ ਕਿ ਪੁਲਿਸ ਨੂੰ ਇੱਕ ਡਰਾਈਵਿੰਗ ਕਰਨ ਵਾਲੇ ਵਿਅਕਤੀ ਦਾ ਇੱਕ ਫੋਨ ਆਇਆ ਜਿਸਨੇ ਇੱਕ ਵੱਡੇ ਟਰੱਕ ਦੇ ਬਾਰੇ ਆਪਣਾ ਸ਼ੱਕ ਪ੍ਰਗਟ ਕੀਤਾ ਕਿ ਟ੍ਰੇਲਰ ਵਿੱਚ ਅਜਿਹੇ ਲੋਕ ਵੀ ਹਨ ਜੋ ਸੰਭਾਵਤ ਤੌਰ ਤੇ ਤਸਕਰੀ ਕੀਤੇ ਜਾ ਰਹੇ ਸਨ।

ਇਸ ਦੌਰਾਨ ਅਧਿਕਾਰੀਆਂ ਨੇ ਇੱਕ ਟ੍ਰੈਫਿਕ ਸਟਾਪ ਸ਼ੁਰੂ ਕੀਤਾ ਅਤੇ ਇਹ ਟਰੱਕ ਸਟਾਪ ਤੇ ਗਿਆ। ਉਸੇ ਵਕਤ, ਪੁਲਿਸ ਅਨੁਸਾਰ 80 ਤੋਂ 100 ਬਾਲਗ ਵਿਅਕਤੀ ਟਰੱਕ ਤੋਂ ਛਾਲ ਮਾਰ ਕੇ ਭੱਜ ਗਏ। ਪੁਲਿਸ ਨੇ ਕਾਰਵਾਈ ਕਰਦਿਆਂ ਸਵੇਰੇ 8: 45 ਵਜੇ ਤੱਕ ਤਕਰੀਬਨ 29 ਆਦਮੀ ਅਤੇ ਔਰਤਾਂ ਨੂੰ ਫੜ ਲਿਆ ਹੈ ਜਦਕਿ ਬਾਕੀ ਅਜੇ ਫਰਾਰ ਹਨ। ਟਰੱਕ ਦਾ ਡਰਾਈਵਰ, ਜਿਸਦੀ ਪਛਾਣ ਕੇਵਲ 49 ਸਾਲਾਂ ਵਿਅਕਤੀ ਵਜੋਂ ਹੋਈ ਹੈ, ਹਿਰਾਸਤ ਵਿੱਚ ਹੈ, ਅਤੇ ਅਮਰੀਕਾ ਦੇ ਹੋਮਲੈਂਡ ਸਿਕਿਓਰਿਟੀ ਅਧਿਕਾਰੀ ਇਸ ਮਾਮਲੇ ਦੀ ਜਾਂਚ ਦੀ ਅਗਵਾਈ ਕਰ ਰਹੇ ਹਨ।



ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਅਮਰੀਕਾ: ਬਾਲਟੀਮੋਰ ਵਿੱਚ ਗੋਲੀਬਾਰੀ ਅਤੇ ਅੱਗ ਨਾਲ 4 ਵਿਅਕਤੀਆਂ ਦੀ ਹੋਈ ਮੌਤ ਹੋ ਗਈ, 1 ਜ਼ਖਮੀ

**ਫਰਿਜ਼ਨੋ (ਕੈਲੀ-ਫੋਰਨੀਆ), 9 ਮਈ 2021-** ਅਮਰੀਕਾ ਦੇ ਸੂਬੇ ਮੈਰੀਲੈਂਡ ਦੀ ਬਾਲਟੀਮੋਰ ਕਾਉਂਟੀ ਦੇ ਇੱਕ ਘਰ ਸਾਹ-ਮਣੇ ਹੋਈ ਗੋਲੀਬਾਰੀ ਅਤੇ ਅੱਗ ਲੱਗਣ ਦੀ ਘਟਨਾ ਵਿੱਚ ਚਾਰ ਵਿਅਕਤੀ ਮਾਰੇ ਗਏ ਹਨ, ਜਿਹਨਾਂ ਵਿੱਚ ਇੱਕ ਸ਼ੱਕੀ ਸੂਟਰ ਵੀ ਸ਼ਾਮਿਲ ਹੈ ਅਤੇ ਇੱਕ ਹੋਰ ਵਿਅਕਤੀ ਜ਼ਖਮੀ ਹੋਇਆ ਹੈ। ਬਾਲਟੀਮੋਰ ਦੇ ਪੱਛਮ ਵਿੱਚ, ਵੁਡਲਾਵਨ ਦੇ ਗੁਆਂਢ ਵਿੱਚ ਸ਼ਨੀਵਾਰ ਸਵੇਰੇ 6:40 ਵਜੇ ਦੇ ਕਰੀਬ ਪੁਲਿਸ ਨੇ ਗੋਲੀਬਾਰੀ ਦੀ ਸੂਚਨਾ ਮਿਲਣ ਉਪਰੰਤ ਜਵਾਬੀ ਕਾਰਵਾਈ ਕੀਤੀ। ਜਿੱਥੇ ਪੁਲਿਸ ਅਧਿਕਾਰੀਆਂ ਦਾ ਸਾਹਮਣਾ ਅੱਗ ਲੱਗੇ ਹੋਏ ਘਰ ਦੇ ਸਾਹਮਣੇ ਇੱਕ ਹਥਿਆਰਬੰਦ ਵਿਅਕਤੀ ਨਾਲ ਹੋਇਆ। ਜਿਸ ਉਪਰੰਤ ਪੁਲਿਸ ਨੇ ਸ਼ੱਕੀ ਵਿਅਕਤੀ ਨੂੰ ਗੋਲੀ ਮਾਰ ਕੇ ਜਾਨ ਤੋਂ ਮਾਰ ਦਿੱਤਾ। ਅਧਿਕ-



ਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਫਿਲਹਾਲ ਸ਼ੱਕੀ ਦੀ ਜਨਤਕ ਤੌਰ 'ਤੇ ਪਛਾਣ ਨਹੀਂ ਹੋ ਸਕੀ ਹੈ। ਇਸ ਸ਼ੱਕੀ ਵਿਅਕਤੀ ਤੋਂ ਇਲਾਵਾ ਤਿੰਨ ਹੋਰ ਵਿਅਕਤੀਆਂ, ਦੋ ਆਦਮੀ ਅਤੇ ਇੱਕ ਔਰਤ ਦੀ ਮੌਤ ਹੋ ਗਈ ਹੈ ਅਤੇ ਇੱਕ ਹੋਰ ਵਿਅਕਤੀ ਜਖਮੀ ਹੋਇਆ ਹੈ। ਬਾਲਟੀਮੋਰ ਕਾਉਂਟੀ ਫਾਇਰ ਵਿਭਾਗ ਦੇ ਬੁਲਾਰੇ, ਟਿਮ ਰੋਸਟਕੋਵਸਕੀ ਨੇ ਦੱਸਿਆ ਕਿ ਅੱਗ ਨੇ ਦੋ ਘਰਾਂ ਨੂੰ ਤਬਾਹ ਕਰ ਦਿੱਤਾ ਅਤੇ ਤੀਜੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ ਅਤੇ ਇਸ ਅੱਗ ਦਾ ਕਾਰਨ ਕੁਦਰਤੀ ਗੈਸ ਦੇ ਲੀਕ ਹੋਣ ਨੂੰ ਦੱਸਿਆ ਗਿਆ ਹੈ, ਪਰ ਫਿਰ ਵੀ ਇਸਦੀ ਜਾਂਚ ਚੱਲ ਰਹੀ ਹੈ। ਇਸ ਹਥਿਆਰਬੰਦ ਵਿਅਕਤੀ ਅਤੇ ਅੱਗ ਲੱਗਣ ਦੀ ਕਾਲ ਇੱਕੋ ਸਮੇਂ ਆਈ, ਅਤੇ ਅਧਿਕਾਰੀ ਜਾਂਚ ਕਰ ਰਹੇ ਹਨ ਕਿ ਕੀ ਦੋਵਾਂ ਘਟਨਾਵਾਂ ਸਬੰਧਿਤ ਹਨ ਜਾਂ ਨਹੀਂ।

# ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਹੋਈ ਗੋਲੀਬਾਰੀ, 4 ਸਾਲਾਂ ਬੱਚੀ ਸਮੇਤ ਦੋ ਔਰਤਾਂ ਜਖਮੀ

**ਫਰਿਜ਼ਨੋ (ਕੈਲੀਫੋਰਨੀਆ), 9 ਮਈ 2021-** ਨਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਸ਼ਨੀਵਾਰ ਨੂੰ ਵਾਪਰੀ ਗੋਲੀਬਾਰੀ ਨਾਲ ਤਿੰਨ ਲੋਕ ਜਖਮੀ ਹੋਏ ਹਨ, ਜਿਹਨਾਂ ਵਿੱਚ ਇੱਕ ਚਾਰ ਸਾਲ ਦੀ ਲੜਕੀ ਅਤੇ ਦੋ ਔਰਤਾਂ ਸ਼ਾਮਿਲ ਹਨ। ਨਿਊਯਾਰਕ ਪੁਲਿਸ ਵਿਭਾਗ ਨੇ ਇਸ ਘਟਨਾ ਬਾਰੇ ਦੱਸਿਆ ਕਿ ਇੱਕ 4 ਸਾਲਾ ਲੜਕੀ ਖਿਡੌਣਿਆਂ ਦੀ ਖਰੀਦਦਾਰੀ ਕਰ ਰਹੀ ਸੀ ਅਤੇ ਦੋ ਹੋਰ ਮੌਜੂਦ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ।

ਇਹ ਸ਼ੂਟਿੰਗ ਵੈਸਟ 45 ਵੀਂ ਸਟ੍ਰੀਟ ਅਤੇ ਸ਼ਹਿਰ ਦੇ ਸੈਰ-ਸਪਾਟਾ ਜ਼ੋਨ ਵਿੱਚ 7 ਵੇਂ ਐਵੀਨਿਊ ਵਿਖੇ ਹੋਈ। ਪੁਲਿਸ ਕਮਿਸ਼ਨਰ ਦਰਮੋਟ ਸ਼ੀਆ ਨੇ ਦੱਸਿਆ ਕਿ ਫਿਲਹਾਲ ਕੋਈ ਵੀ ਸ਼ੱਕੀ ਵਿਅਕਤੀ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ । ਪੁਲਿਸ ਅਨੁਸਾਰ ਇਹ ਤਿੰਨ ਜਖਮੀ ਗੋਲੀਬਾਰੀ ਦਾ



ਟਾਰਗੇਟ ਨਹੀਂ ਸਨ ਜੋ ਕਿ ਚਾਰ ਬੰਦਿਆਂ ਵਿਚਕਾਰ ਹੋਏ ਝਗੜੇ ਕਾਰਨ ਹੋਈ ਸੀ। ਜਦਕਿ ਪੁਲਿਸ ਨੇ ਸੰਕੇਤ ਦਿੱਤਾ ਹੈ ਕਿ ਇਸ ਦੌਰਾਨ ਸਿਰਫ ਇੱਕ ਵਿਅਕਤੀ ਨੇ ਗੋਲੀ ਚਲਾਈ ਸੀ। ਇਸਦੇ ਇਲਾਵਾ ਬੱਚੀ ਉਸ ਸਮੇਂ ਆਪਣੇ ਪਰਿਵਾਰ ਨਾਲ ਸੀ ਅਤੇ ਪੀੜਤ ਇਕ-ਦੂਜੇ ਨੂੰ ਨਹੀਂ ਜਾਣਦੇ ਸਨ।

ਪੁਲਿਸ ਨੇ ਦੱਸਿਆ ਕਿ ਲੜਕੀ, ਜਿਸਦੀ ਪਛਾਣ ਸਕਾਈ ਮਾਰਟੀਨੇਜ਼ ਵਜੋਂ ਹੋਈ ਹੈ, ਦੀ ਇੱਕ ਲੱਤ ਵਿੱਚ ਸੱਟ ਲੱਗੀ ਹੈ ਅਤੇ 23 ਸਾਲਾਂ ਦੀ ਵੇਂਡੀ ਮੈਗ੍ਰੀਨਾਟ ਨੂੰ ਪੱਟ ਵਿੱਚ ਜਦਕਿ 43 ਸਾਲਾ ਮਰਸੇਲਾ ਅਲਡਾਨਾ ਨੂੰ ਇੱਕ ਪੈਰ ਵਿੱਚ ਸੱਟ ਲੱਗੀ ਹੈ। ਨਿਊਯਾਰਕ ਦਾ ਟਾਈਮਜ਼ ਸਕੁਏਅਰ ਆਪਣੇ ਸਾਲਾਨਾ ਨਵੇਂ ਸਾਲ ਦੇ ਜਸ਼ਨ, ਥੀਏਟਰਾਂ ਦੀ ਬ੍ਰੌਡਵੇ ਸਟ੍ਰਿਪ ਅਤੇ ਸੈਲਾਨੀਆਂ ਦੇ ਅਨੁਕੂਲ ਰਿਆਇਤਾਂ ਦੀਆਂ ਦੁਕਾਨਾਂ ਲਈ ਜਾਣਿਆ ਜਾਂਦਾ ਹੈ।

# ਅਮਰੀਕਾ: ਟਾਰਗੇਟ ਸਟੋਰ ਕਰ ਰਿਹਾ ਹੈ ਕੋਰੋਨਾ ਟੀਕਾ ਲਗਵਾਉਣ ਲਈ 5 ਡਾਲਰ ਦੇ ਕੂਪਨ ਦੀ ਪੇਸ਼ਕਸ਼

**ਫਰਿਜ਼ਨੋ (ਕੈਲੀਫੋਰਨੀਆ), 8 ਮਈ 2021-** ਅਮ-ਰੀਕਾ ਵਿੱਚ ਕੋਰੋਨਾ ਟੀਕਾਕਰਨ ਨੂੰ ਉਤਸ਼ਾਹਿਤ ਅਤੇ ਤੇਜ਼ ਕਰਨ ਲਈ ਟਾਰਗੇਟ ਸਟੋਰ ਨੇ ਮੰਗਲਵਾਰ ਨੂੰ ਐਲਾਨ ਕਰਦਿਆਂ ਦੱਸਿਆ ਕਿ ਇਸ ਹਫਤੇ ਤੋਂ ਇਸਦੇ ਸਟੋਰਾਂ ਅੰਦਰ ਸੀ ਵੀ ਐਸ ਫਾਰਮੇਸੀਆਂ ਵਿੱਚ ਕੋਵਿਡ -19 ਦੇ ਟੀਕੇ ਲਗਵ-ਾਉਣ ਵਾਲੇ ਬਾਲਗਾਂ ਨੂੰ 5 ਡਾਲਰ ਦੇ ਕੂਪਨ ਦਿੱਤੇ ਜਾਣਗੇ। ਟਾਰਗੇਟ ਆਪਣੇ ਸਟੋਰਾਂ ਦੇ ਅੰਦਰ ਲੱਗਭਗ 600 ਤੋਂ ਵੱਧ ਸੀ ਵੀ ਐਸ ਫਾਰਮੇਸੀਆਂ ਤੇ ਟੀਕਾਕਰਨ ਸ਼ਾਟਸ ਦੀ ਪੇਸ਼ਕਸ਼ ਕਰਦਾ ਹੈ। ਮਿਨੀਆਪੋਲਿਸ ਅਧਾਰਿਤ ਇਸ ਰਿਟੇਲਰ ਕੰਪਨੀ ਨੇ ਕਿਹਾ ਕਿ ਉਹ ਮਹਾਂਮਾਰੀ ਦੇ ਦੌਰਾਨ ਅਮਰੀਕੀਆਂ ਨੂੰ ਟੀਕੇ ਲਗਾਉਣ ਵਿੱਚ ਮਦਦ ਕਰਨ ਲਈ ਸੀ ਵੀ ਐਸ ਫਾਰਮੇਸੀ ਨਾਲ ਭਾਈਵਾਲੀ ਕਰ ਰਹੀ ਹੈ ।ਰਾਸ਼ਟਰਪਤੀ ਬਾਈਡੇਨ ਨੇ ਇਸ ਹਫ਼ਤੇ 160 ਮਿਲੀਅਨ ਅਮਰੀਕੀ ਬਾਲਗਾਂ ਨੂੰ ਪੂਰੀ ਤਰ੍ਹਾਂ ਟੀਕਾ ਲਗਵਾਉਣ ਦਾ ਇੱਕ ਨਵਾਂ ਟੀਚਾ ਮਿਥਿਆ ਹੈ, ਜਿਸ ਨਾਲ ਪੇਂਡੂ ਖੇਤਰਾਂ ਅਤੇ ਕਮਿਊਨਿਟੀਆਂ ਵਿੱਚ ਪਹੁੰਚਣ ਦੀਆਂ ਕੋਸ਼ਿਸ਼ਾਂ ਵਧੀਆਂ ਹੋਈਆਂ ਹਨ ਜਿਥੇ ਟੀਕਾਕਰਨ ਦੀ ਦਰ ਬਹੁਤ ਘੱਟ ਗਈ ਹੈ।ਹਾਲ ਹੀ ਦੇ ਹਫ਼ਤਿਆਂ ਅਤੇ ਮਹੀਨਿਆਂ ਵਿੱਚ, ਅਮਰੀਕੀਆਂ ਨੂੰ ਕੋਵਿਡ -19 ਦੇ ਟੀਕੇ ਲਗਾਉਣ ਲਈ ਬਹੁਤ ਸਾਰੀਆਂ ਕੰਪਨੀਆਂ ਅਤੇ ਕਾਰੋਬਾਰਾਂ ਵੱਲੋਂ ਪ੍ਰੋ-ਤਸਾਹਨ ਦੀ ਪੇਸ਼ਕਸ਼ ਕੀਤੀ ਗਈ ਹੈ। ਪਿਛਲੇ ਹਫਤੇ ਪੱਛਮੀ ਵਰਜੀਨੀਆ ਦੇ ਰਾਜਪਾਲ ਨੇ ਕੋਰੋਨਾ ਵਾਇਰਸ ਵਿਰੁੱਧ ਟੀਕਾ ਲਗਵਾਉਣ ਤੋਂ ਹਿਚਕਿਚਾਉਂਦੇ ਹੋਏ 35 ਅਤੇ ਇਸ ਤੋਂ ਛੋਟੇ ਵਸਨੀਕਾਂ ਨੂੰ 100 ਡਾਲਰ ਦੇ ਬਚਤ ਬਾਂਡ ਦੀ ਪੇਸ਼ਕਸ਼ ਕਰਨ ਦਾ ਮਹੱਤਵਪੂਰਣ ਕਦਮ ਚੁੱਕਿਆ ਸੀ।




# ਕੈਲੀਫੋਰਨੀਆ ਦੀ ਆਬਾਦੀ ਵਿੱਚ ਕੀਤੀ ਜਾ ਰਹੀ ਹੈ ਗਿਰਾਵਟ ਦਰਜ

**ਫਰਿਜ਼ਨੋ (ਕੈਲੀਫੋਰਨੀਆ), 8 ਮਈ 2021-** ਅਮਰੀਕਾ ਦੇ ਸੰਘਣੀ ਵਸੋਂ ਵਾਲੇ ਸੂਬੇ ਕੈਲੀਫੋਰਨੀਆ ਦੀ ਆਬਾਦੀ ਵਿੱਚ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਅੰਕੜਿਆਂ ਦੇ ਅਨੁਸਾਰ ਕੈਲੀਫੋਰ-ਨੀਆ ਦੀ ਆਬਾਦੀ ਪਿਛਲੇ ਸਾਲ ਨਾਲੋਂ 182,000 ਤੋਂ ਵੀ ਜ਼ਿਆਦਾ ਤੱਕ ਘੱਟ ਗਈ ਹੈ। ਅਮਰੀਕਾ ਦੇ ਜਨਗਣਨਾ ਬਿਊਰੋ ਵੱਲੋਂ ਪਿਛਲੇ ਹਫ਼ਤੇ ਦੇ ਐਲਾਨ ਅਤੇ ਸ਼ੁੱਕਰਵਾਰ ਨੂੰ ਜਾਰੀ ਕੀਤੇ ਅੰਕੜਿਆਂ ਤੋਂ ਬਾਅਦ ਕਿਹਾ ਗਿਆ ਹੈ ਕਿ ਕੈਲੀਫੋਰਨੀਆ ਪਹਿਲੀ ਵਾਰ ਇੱਕ ਕਾਂਗਰਸ ਦੀ ਸੀਟ ਗੁਆ ਸਕਦਾ ਕਿਉਂਕਿ ਇਹ ਪਿਛਲੇ ਦਹਾਕੇ ਦੌਰਾਨ ਹੋਰਨਾਂ ਰਾਜਾਂ ਨਾਲੋਂ ਹੌਲੀ ਵਧ ਰਿਹਾ ਹੈ। ਹਾਲ ਹੀ ਦੇ ਸਾਲਾਂ ਵਿੱਚ, ਬਹੁਤ ਸਾਰੇ ਲੋਕ ਕੈਲੀਫੋਰਨੀਆ ਛੱਡ ਕੇ ਦੂਜੇ ਰਾਜਾਂ ਵਿੱਚ ਚਲੇ ਗਏ ਹਨ, ਜਿਸ ਬਾਰੇ ਰਿਪਬਲਿਕਨਜ਼ ਦਾ ਕਹਿਣਾ ਹੈ ਕਿ ਇਹ ਰਾਜ ਦੇ ਉੱਚ ਟੈਕਸਾਂ ਅਤੇ ਪ੍ਰਗਤੀਸ਼ੀਲ ਰਾਜਨੀਤੀ ਦਾ ਨਤੀਜਾ ਹੈ। ਕੈਲੀਫੋਰਨੀਆ ਵਿੱਚ ਇਕੱਲੇ ਪਰਿਵਾਰਕ ਘਰ ਦੀ ਔਸਤਨ ਵਿਕਰੀ ਦੀ ਕੀਮਤ ਮਾਰਚ ਵਿਚ ਰਿਕਾਰਡ 758,990 ਡਾਲਰ ਰਹੀ, ਜੋ ਇੱਕ ਸਾਲ ਪਹਿਲਾਂ ਨਾਲੋਂ 23.9% ਵਧੀ ਹੈ। ਕੈਲੀਫੋਰਨੀਆ ਵਿੱਚੋਂ ਲਗਾਤਾਰ ਲੋਕ ਨੂੰ ਦੂਜੇ ਰਾਜਾਂ ਨੂੰ ਜਾ ਰਹੇ ਹਨ। ਕੈਲੀਫੋਰ-ਨੀਆ ਦੇ ਪਬਲਿਕ ਪਾਲਿਸੀ ਇੰਸਟੀਚਿਊਟ ਦੁਆਰਾ ਕੀਤੀ ਗਈ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਅਨੁਸਾਰ, 2010 ਤੋਂ 2020 ਤੱਕ, ਲੱਗਭਗ 6.1 ਮਿਲੀਅਨ ਲੋਕ ਦੂਜੇ ਰਾਜਾਂ ਲਈ ਰਵਾਨਾ ਹੋਏ ਅਤੇ ਸਿਰਫ 4.9 ਮਿਲੀਅਨ ਦੇਸ਼ ਦੇ ਹੋਰ ਹਿੱਸਿਆਂ ਤੋਂ ਕੈਲੀਫੋਰਨੀਆ ਪਹੁੰਚੇ ਹਨ। ਕੋਰੋਨਾ ਵਾਇਰਸ ਕਾਰਨ ਗਲੋਬਲ ਤਾਲਾਬੰਦੀ ਹੋਣ ਕਾਰਨ ਕੈਲੀਫੋਰ-ਨੀਆ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ, ਜਾਂ ਲੱਗਭਗ 53,000 ਲੋਕਾਂ ਵਿੱਚ ਵੀ 29% ਦੀ ਗਿਰਾਵਟ ਆਈ ਹੈ। ਇਸਦੇ ਇਲਾਵਾ ਪਿਛਲੇ ਸਾਲ ਕੈਲੀਫੋਰਨੀਆ ਵਿੱਚ ਕੋਰੋਨਾ ਵਾਇਰਸ ਵਿੱਚ 51,000 ਲੋਕਾਂ ਦੀ ਮੌਤ ਹੋ ਗਈ ਸੀ, ਜਿਸ ਨਾਲ ਪਿਛਲੇ ਤਿੰਨ ਸਾਲਾਂ ਦੀ ਔਸਤ ਦੇ ਮੁਕਾਬਲੇ ਰਾਜ ਦੀ ਮੌਤ ਦਰ ਵਿੱਚ 19% ਵਾਧਾ ਹੋਇਆ ਹੈ। ਅਧਿਕਾਰੀਆਂ ਅਨੁਸਾਰ ਰਾਜ ਦੀ ਆਬਾਦੀ ਦਾ ਅੰਦਾਜ਼ਾ ਕਈਂ ਸਰੋਤਾਂ ਤੋਂ ਮਿਲਦਾ ਹੈ, ਜਿਸ ਵਿੱਚ ਜਨਮ ਅਤੇ ਮੌਤ ਦੀ ਗਿਣਤੀ, ਨਵੇਂ ਡਰਾਈਵਰਾਂ ਦੇ ਲਾਇਸੈਂਸਾਂ ਅਤੇ ਪਤੇ ਵਿੱਚ ਤਬਦੀਲੀਆਂ, ਸਕੂਲ ਦਾਖਲੇ ਅਤੇ ਸੰਘੀ ਟੈਕਸ ਰਿਟਰਨ ਸ਼ਾਮਿਲ ਹਨ।



# ਅਮਰੀਕਾ: ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਮੈਕਸੀਕੋ ਦੇ ਰਾਸ਼ਟਰਪਤੀ ਨਾਲ ਕੀਤੀ ਵਰਚੂਅਲ ਮੀਟਿੰਗ

**ਫਰਿਜ਼ਨੋ (ਕੈਲੀਫੋਰਨੀਆ), 8 ਮਈ 2021–** ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸ਼ੁੱਕਰਵਾਰ ਨੂੰ ਮੈਕਸੀਕੋ ਦੇ ਰਾਸ਼ਟਰਪਤੀ ਆਂਡਰੇਸ ਮੈਨੂਅਲ ਲੋਪੇਜ਼ ਓਬਰਾਡੋਰ ਨਾਲ ਵਰਚੂਅਲ ਮੁਲਾਕਾਤ ਕੀਤੀ ਹੈ। ਹੈਰਿਸ ਨੇ ਵਾਸ਼ਿੰਗਟਨ ਵਿੱਚ ਸੰਖੇਪ ਟਿੱਪਣੀ ਕਰਦਿਆਂ ਕਿਹਾ ਕਿ ਮੈਕ-ਸੀਕੋ ਦੇਸ਼ ਦਾ ਸਭ ਤੋਂ ਨਜ਼ਦੀਕੀ ਗੁਆਂਢੀ ਹੈ ਅਤੇ ਦੋਵਾਂ ਦੇਸ਼ਾਂ ਨੂੰ ਇਕੱਠੇ ਮਿਲ ਕੇ, ਹਿੰਸਾ ਨਾਲ ਲੜਨਾ ਚਾਹੀਦਾ ਹੈ। ਹੈਰਿਸ ਨੇ ਕਿਹਾ ਕਿ ਉੱਤਰੀ ਤਿਕੋਣ ਨੂੰ ਤੁਰੰਤ ਰਾਹਤ ਪ੍ਰਦਾਨ ਕਰਨਾ ਅਤੇ ਪਰਵਾਸ ਦੇ ਮੂਲ ਕਾਰਨਾਂ ਦਾ ਹੱਲ ਕਰਨਾ ਦੇਸ਼ਾਂ ਦਾ ਆਪਸੀ ਹਿੱਤ ਹੈ। ਇਸਦੇ ਇਲਾਵਾ ਹੈਰਿਸ ਨੇ ਇਸ ਹਫਤੇ 7-8 ਜੂਨ ਨੂੰ ਮੈਕਸੀਕੋ ਅਤੇ ਗੁਆਟੇਮਾਲਾ ਦਾ ਦੌਰਾ ਕਰਨ ਸੰਬੰਧੀ ਵੀ ਪੁਸ਼ਟੀ ਕੀਤੀ ਸੀ। ਰਾਸ਼ਟਰ-ਪਤੀ ਜੋਅ ਬਾਈਡੇਨ ਨੇ ਮਾਰਚ ਵਿੱਚ ਹੈਰਿਸ ਨੂੰ ਮੈਕਸੀਕੋ ਦੀ ਸਰਹੱਦ ਦੇ ਨਾਲ ਪਰਵਾਸੀ ਸੰਕਟ ਨੂੰ ਰੋਕਣ ਲਈ ਆਪਣਾ ਮੁੱਖ ਵਿਅਕਤੀ ਨਿਯੁਕਤ ਕੀਤਾ ਸੀ, ਜਿਸ ਵਿੱਚ ਅਲ ਸਲਵਾਡੋਰ, ਹੋਂਡੂਰਸ



ਅਤੇ ਗੁਆਟੇਮਾਲਾ ਤੋਂ ਆਏ ਪਰਿਵਾਰਾਂ ਅਤੇ ਨਾਬਾਲਗਾਂ ਵਿੱਚ ਭਾਰੀ ਵਾਧਾ ਹੋਇਆ ਸੀ। ਹੈਰਿਸ ਨੇ ਮੰਗਲਵਾਰ ਨੂੰ ਪੱਛਮੀ ਹੇਮਿਸਫ-ਾਇਰ ਦੇ ਨੇਤਾਵਾਂ ਦੀ ਇੱਕ ਵੈੱਬ ਕਾਨਫ਼ਰੰਸ ਵਿੱਚ ਕਿਹਾ ਕਿ ਅਮ-ਰੀਕਾ-ਮੈਕਸੀਕੋ ਸਰਹੱਦ ਦੇ ਨਾਲ ਪ੍ਰਵਾਸੀਆਂ ਦੀ ਚਿੰਤਾਜਨਕ ਭੀੜ ਹੈ, ਪਰ ਕੇਂਦਰੀ ਅਮਰੀਕਾ ਵਿੱਚ ਭ੍ਰਿਸ਼ਟਾਚਾਰ ਨੂੰ ਸਾਫ ਕੀਤੇ ਬਿਨਾਂ ਇਸ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ।

ਹੈਰਿਸ ਅਨੁਸਾਰ ਬਾਈਡੇਨ ਪ੍ਰਸ਼ਾਸਨ ਨੇ ਹਾਲ ਹੀ ਵਿੱਚ ਪ੍ਰਵਾਸੀਆਂ ਦੇ ਪ੍ਰਵਾਹ ਨੂੰ ਰੋਕਣ ਲਈ ਮੱਧ ਅਮਰੀਕਾ ਵਿੱਚ 310 ਮਿਲੀਅਨ ਡਾਲਰ ਦੀ ਵਾਧੂ ਅਮਰੀਕੀ ਸਹਾਇਤਾ ਵਧਾ ਦਿੱਤੀ ਹੈ। ਹੈਰਿਸ ਨੇ ਹਾਲ ਹੀ ਵਿੱਚ ਕੇਂਦਰੀ ਅਮਰੀਕੀ ਅਤੇ ਅਮਰੀਕਾ ਦੇ ਗੈਰ-ਲਾਭਕਾਰੀ ਸੰਗਠਨਾਂ ਨਾਲ ਤਾਲਮੇਲ ਕਰਕੇ ਜਾਪਾਨ ਦੇ ਪ੍ਰਧਾਨ ਮੰਤਰੀ ਅਤੇ ਫਿਨਲੈਂਡ ਦੇ ਰਾਸ਼ਟਰਪਤੀ ਨੂੰ ਪ੍ਰਵਾਸੀਆਂ ਦੇ ਪ੍ਰਵਾਹ ਨੂੰ ਰੋਕਣ ਵਿੱਚ ਸਹਾਇਤਾ ਕਰਨ ਲਈ ਕਿਹਾ ਹੈ।

# ਫਰਿਜ਼ਨੋ ਵਿਖੇ ਪੰਜਾਬੀ ਟਰੱਕ ਡਰਾਈਵਰ ਦੀ ਮੌਤ

**ਫਰਿਜ਼ਨੋ (ਕੈਲੀਫੋਰਨੀਆਂ) 7 ਮਈ 2021–** ਫਰਿਜ਼ਨੋ ਨਿਵਾਸੀ ਟਰੱਕ ਡਰਾਈਵਰ ਜਰਨੈਲ ਸਿੰਘ (38) ਦੀ ਪਿਛਲੇ ਦਿਨੀਂ ਅਚਾਨਕ ਫਰਿਜ਼ਨੋ ਵਿਖੇ ਹਾਰਟ ਅਟੈਕ ਨਾਲ ਮੌਤ ਹੋ ਗਈ। ਉਸਨੂੰ ਹਸਪਤਾਲ ਭਰਤੀ ਕਰਵਾਇਆ ਗਿਆ 'ਲੇਕਿਨ ਉਹ ਜ਼ਿੰਦਗੀ ਦੀ ਜੰਗ ਹਾਰ ਗਿਆ। ਜਰਨੈਲ ਸਿੰਘ ਤਕਰੀਬਨ ਪੰਜ ਕੁ ਸਾਲ ਪਹਿਲਾ ਆਪਣੇ ਚੰਗੇ ਭਵਿੱਖ ਲਈ ਅਮਰੀਕਾ ਆਇਆ ਸੀ। ਉਹ ਇੱਥੇ ਰਾਣੀ ਟਰਾਂਸਪੋਰਟ ਲਈ ਡਰਾਈਵਰ ਦੇ ਤੌਰ ਤੇ ਕੰਮ ਕਰ ਰਿਹਾ ਸੀ। ਰਾਣੀ ਟਰਾਂਸਪੋਰਟ ਦੇ ਮਾਲਕ ਸਤਨਾਮ ਸਿੰਘ ਪ੍ਰਧਾਨ ਨੇ ਦੱਸਿਆ ਕਿ ਜਰਨੈਲ ਸਿੰਘ ਬਹੁਤ ਮਿਹਨਤੀ ਤੇ ਇਮਾਨਦਾਰ ਇਨਸਾਨ ਸੀ, ਉਸਦਾ ਪਿਛਲਾ ਪਿੰਡ



ਅਲਮਾਂ ਜ਼ਿਲ੍ਹਾ ਗੁਰਦਾਸਪੁਰ ਨੇੜੇ ਤਪਾ ਪੈਦਾ । ਉਹ ਆਪਣੇ ਪਿੱਛੇ ਪਤਨੀ, ਧੀ, ਮਾਤਾ ਅਤੇ ਭਰਾ ਛੱਡ ਗਏ ਹਨ, ਜਿਹੜੇ ਕਿ ਸਾਰੇ ਪੰਜਾਬ ਹੀ ਰਹਿੰਦੇ ਹਨ। ਸਤਨਾਮ ਸਿੰਘ ਨੇ ਦੱਸਿਆ ਕਿ ਸਾਲ ਕੁ ਪਹਿਲਾ ਇਹਨਾਂ ਦੇ ਫਾਦਰ ਸਾਬ੍ਹ ਵੀ ਚੜਾਈ ਕਰ ਗਏ ਸਨ, ਅਤੇ ਹੁਣ ਇਹ ਭਾਣਾ ਵਰਤ ਗਿਆ। ਸਵ. ਜਰਨੈਲ ਸਿੰਘ ਦੀ ਮ੍ਰਿਤਕ ਦੇਹ ਪੰਜਾਬ ਭੇਜਣੀ ਹੈ ਅਤੇ ਇਸ ਕਾਰਜ ਲਈ ਸ਼ੁਰੂ ਕੀਤਾ ਗਿਆ ਹੈ। ਸਾਰਿਆ ਨੂੰ ਬੇਨਤੀ ਹੈ ਕਿ ਦਸਾਂ ਨੌਹਾਂ ਦੀ ਕਿਰਤ ਕਮਾਈ ਵਿੱਚੋਂ ਜ਼ਰੂਰ ਮੱਦਦ ਕਰਿਓ। ਇਸ ਖ਼ਬਰ ਨਾਲ ਫਰਿਜ਼ਨੋ ਏਰੀਏ ਦਾ ਪੰਜਾਬੀ ਭਾਈਚਾਰਾ ਸੋਗ ਦੇ ਆਲਮ ਵਿੱਚ ਡੁੱਬਿਆ ਹੋਇਆ ਹੈ।

# ਅਮਰੀਕਾ ਵਿੱਚ ਔਰਤਾਂ ਨੇ ਮੈਰੀਨ ਟਰੇਨਿੰਗ ਕੈਂਪ 'ਚ ਰਚਿਆ ਇਤਿਹਾਸ

ਫਰਿਜ਼ਨੋ (ਕੈਲੀਫੋਰਨੀਆ), 7 ਮਈ 2021– ਅਮਰੀਕਾ ਵਿੱਚ ਔਰਤਾਂ ਨੇ ਵੀਰਵਾਰ ਨੂੰ ਆਪਣੇ ਹਮਰੁਤਬਾ ਪੁਰਸ਼ਾਂ ਦੇ ਨਾਲ ਸੈਨ ਡਿਏਗੋ ਵਿੱਚ ਮਰੀਨ ਕੋਰ ਰਿਕਰੂਟ ਡਿਪੂ ਵਿੱਚ ਪਹਿਲੀ ਵਾਰ ਗ੍ਰੈਜੂਏਟ ਹੋ ਕੇ ਇਤਿਹਾਸ ਰਚਿਆ ਹੈ। ਲੀਮਾ ਕੰਪਨੀ ਵਿੱਚ ਭਰਤੀ ਹੋਣ ਵਾਲੀਆਂ ਔਰਤਾਂ ਦੀ ਇਹ ਪਹਿਲੀ ਪਲਟਨ ਹੈ, ਜਿਨ੍ਹਾਂ ਨੇ ਡਿਪੂ ਦੇ 13-ਹਫ਼ਤੇ ਦੇ ਸਖ਼ਤ ਬੂਟ ਕੈਂਪ ਨੂੰ ਪੂਰਾ ਕੀਤਾ ਹੈ, ਜੋ ਕਿ ਰਵਾਇਤੀ ਤੌਰ 'ਤੇ ਪੁਰਸ਼ ਭਰਤੀ ਕਰਨ ਲਈ ਰਾਖਵਾ ਹੈ। ਸਟਾਫ ਸਾਰਜੈਂਟ ਅੰਬਰ ਸਟਾਰੋਸਿਕ, ਨੇ ਚਾਰ ਹੋਰ ਮਹਿਲਾ ਇੰਸਟ੍ਰੱਕਟਰਾਂ ਨਾਲ ਮਿਲ ਕੇ ਇਸ ਬੂਟ ਕੈਂਪ ਦੇ ਇਤਿਹਾਸ ਨੂੰ ਬਦਲਣ ਲਈ ਔਰਤਾਂ ਦੀ ਅਗਵਾਈ ਕੀਤੀ।



ਨਵੇਂ ਕਾਨੂੰਨਾਂ ਤਹਿਤ ਸੈਨ ਡਿਏਗੋ ਵਿੱਚ 2028 ਤੱਕ ਪੂਰੀ ਤਰ੍ਹਾਂ ਨਾਲ ਏਕੀਕ੍ਰਿਤ ਬੂਟ ਕੈਂਪ ਦੀ ਸਿਖਲਾਈ ਦੀ ਲੋੜ ਹੈ ਅਤੇ ਦੂਸਰਾ ਮੈਰੀਨ ਕੋਰ ਬੂਟ ਕੈਂਪ, ਜੋ ਦੱਖਣੀ ਕੈਰੋਲੀਨਾ ਦੇ ਪੈਰਿਸ ਆਈਲੈਂਡ ਵਿੱਚ ਸਥਿਤ ਹੈ, ਪਹਿਲਾਂ ਹੀ ਪੁਰਸ਼ਾਂ ਅਤੇ ਔਰਤਾਂ ਲਈ ਪੂਰੀ ਤਰ੍ਹਾਂ ਏਕੀਕ੍ਰਿਤ ਹੈ। ਕੈਂਪ ਵਿੱਚ ਗ੍ਰੈਜੂਏਸ਼ਨ ਤੋਂ ਪਹਿਲਾਂ, ਹਰ ਥੱਕਿਆ ਹੋਇਆ ਪੁਰਸ਼ ਜਾਂ ਔਰਤ "ਕਰੂਸੀਬਲ" ਨੂੰ ਪੂਰਾ ਕਰਦਾ ਹੈ, ਜੋ ਕਿ ਕੈਂਪ ਪੇਂਡਲਟਨ ਦੀ ਉੱਚੀ ਸਿਖਰ 'ਤੇ ਪਹੁੰਚਦਾ ਹੈ ਜਿਸ ਨੂੰ "ਦਿ ਰੀਪਰ" ਵਜੋਂ ਜਾਣਿਆ ਜਾਂਦਾ ਹੈ। ਸੈਨ ਡਿਏਗੋ ਵਿੱਚ ਹਰ ਇੱਕ ਨੂੰ ਮਹਿਲਾਵਾਂ ਦੀ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਹੋਇਆ ਹੈ।

# ਇਡਾਹੋ ਦੇ ਮਿਡਲ ਸਕੂਲ ਵਿੱਚ ਛੇਵੀਂ ਜਮਾਤ ਦੀ ਲੜਕੀ ਨੇ ਕੀਤੀ ਗੋਲੀਬਾਰੀ, 3 ਹੋਏ ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆਂ) 7 ਮਈ 2021–** ਅਮਰੀਕਾ ਦੇ ਇਡਾਹੋ ਵਿੱਚ ਇੱਕ ਸਕੂਲ ਦੀ ਛੇਵੀਂ ਕਲਾਸ ਦੀ ਇੱਕ ਬੱਚੀ ਨੇ ਸਕੂਲ ਵਿੱਚ ਗੋਲੀਬਾਰੀ ਕਰਕੇ ਤਿੰਨ ਜਾਣਿਆਂ ਨੂੰ ਜਖਮੀ ਕਰ ਦਿੱਤਾ ਹੈ। ਪੁਲਿਸ ਅਧਿਕਾਰੀਆਂ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੱਸਿਆ ਵੀਰਵਾਰ ਨੂੰ ਇਡਾਹੋ ਦੇ ਰਿਗਬੀ ਮਿਡਲ ਸਕੂਲ 'ਚ ਛੇਵੀਂ ਜਮਾਤ ਦੀ ਬੱਚੀ ਨੇ ਗੋ-ਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ਵਿੱਚ ਦੋ ਵਿਦਿਆਰਥੀ ਅਤੇ ਇੱਕ ਬਾਲਗ ਵਿਅਕਤੀ ਜ਼ਖਮੀ ਹੋ ਗਿਆ, ਜਿਸਦਾ ਪੂਰਬੀ ਇਡਾਹੋ ਰੀਜਨਲ ਮੈਡੀਕਲ ਸੈਂਟਰ ਵਿੱਚ ਇਲਾਜ ਕੀਤਾ ਗਿਆ। ਜਦੋਂ ਕਿ ਦੋ ਵਿਦਿਆਰਥੀ ਜਿਹਨਾਂ ਵਿੱਚ ਇਕ ਲੜਕੀ ਅਤੇ ਇਕ ਲੜਕਾ ਸ਼ਾਮਿਲ ਹਨ ਨੂੰ ਵੀ ਸੱਟਾਂ ਲੱ-ਗੀਆਂ ਹਨ। ਜੇਫਰਸਨ ਕਾਉਂਟੀ ਸ਼ੈਰਿਫ ਦੇ ਦਫ਼ਤਰ ਨੇ ਜਾਣਕਾਰੀ ਦਿੱਤੀ ਕਿ ਛੇਵੀ ਗ੍ਰੇਡ ਦੀ ਬੱਚੀ ਨੇ




ਆਪਣੀ ਬੈਕਪੈਕ ਤੋਂ ਇੱਕ ਹੈਂਡਗਨ ਕੱਢ ਕੇ ਸਵੇਰੇ 9 ਵਜੇ ਤੋਂ ਬਾਅਦ ਫਾਇਰਿੰਗ ਸ਼ੁਰੂ ਕਰ ਦਿੱਤੀ। ਜਿਸ ਦੌਰਾਨ ਦੋ ਵਿਦਿਆਰਥੀਆਂ ਨੂੰ ਸਕੂਲ ਦੇ ਹਾਲ ਵਿੱਚ ਗੋਲੀ ਲੱਗੀ, ਅਤੇ ਇੱਕ ਹੋਰ ਵਿਅਕਤੀ ਨੂੰ ਬਾਹਰ ਆ ਕੇ ਗੋਲੀ ਮਾਰ ਦਿੱਤੀ ਗਈ। ਇਸ ਦੌਰਾਨ ਇੱਕ ਅਧਿਆਪਕ ਨੇ ਲੜਕੀ ਨੂੰ ਕਾਬੂ ਕੀਤਾ ਅਤੇ ਪੁਲਿਸ ਦੇ ਆਉਣ ਤੱਕ ਉਸਨੂੰ ਰੋਕ ਕੇ ਰੱਖਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਦਾ ਉਦੇਸ਼ ਅਜੇ ਵੀ ਜਾਂਚ ਅਧੀਨ ਹੈ ਅਤੇ ਅਜੇ ਇਹ ਵੀ ਅਨਜਾਣ ਹੈ ਕਿ ਵਿਦਿਆਰਥੀ ਨੇ ਹੈਂਡਗਨ ਕਿੱਥੋਂ ਪ੍ਰਾਪਤ ਕੀਤੀ ਸੀ। ਇਸ ਵਿਦਿਆਰਥਣ ਦਾ ਨਾਮ ਜਾਰੀ ਨਹੀਂ ਕੀਤਾ ਗਿਆ ਹੈ, ਪਰ ਉਹ ਇਡਾਹੋ ਫਾਲਸ ਵਿੱਚ ਰਹਿੰਦੀ ਹੈ ਅਤੇ ਰਿਗਬੀ ਮਿਡਲ ਸਕੂਲ ਵਿੱਚ ਪੜ੍ਹਦੀ ਹੈ।







# ਦੱਖਣੀ ਕੈਰੋਲਿਨਾ ਵਿੱਚ ਬੱਚਿਆਂ ਨਾਲ ਭਰੀ ਐਲੀਮੈਂਟਰੀ ਸਕੂਲ ਬੱਸ ਨੂੰ ਫੌਜ ਦੇ ਟਰੇਨੀ ਜਵਾਨ ਨੇ ਕੀਤਾ ਅਗਵਾ

**ਫਰਿਜ਼ਨੋ (ਕੈਲੀਫੋਰਨੀਆ), 7 ਮਈ 2021-** ਕੈਰੋਲਿਨਾ ਵਿੱਚ ਸੈਨਾ ਦੇ ਇੱਕ ਟਰੇਨੀ ਜਵਾਨ ਨੇ ਸਕੂਲੀ ਬੱਚਿਆਂ ਨਾਲ ਭਰੀ ਬੱਸ ਨੂੰ ਅਗਵਾ ਕਰਨ ਦੀ ਘਟਨਾ ਨੂੰ ਅੰਜਾਮ ਦਿੱਤਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਫੋਰਟ ਜੈਕਸਨ ਦਾ ਇੱਕ ਟਰੇਨੀ ਵਿਅਕਤੀ 18 ਬੱਚਿਆਂ ਸਮੇਤ ਦੱਖਣੀ ਕੈਰੋਲਿਨਾ ਐਲੀਮੈਂਟਰੀ ਸਕੂਲ ਬੱਸ ਨੂੰ ਅਗਵਾ ਕਰਨ ਦੇ ਬਾਅਦ ਹਿਰਾਸਤ ਵਿੱਚ ਹੈ।

ਇਸ ਸੰਬੰਧੀ ਰਿਚਲੈਂਡ ਕਾਉਂਟੀ ਸ਼ੈਰਿਫ ਲਿਓਨ ਲੋਟ ਨੇ ਕਿਹਾ ਕਿ ਐਲੀਮੈਂਟਰੀ ਵਿਦਿਆਰਥੀ ਅਤੇ ਬੱਸ ਡਰਾਈਵਰ ਸੁਰੱਖਿਅਤ ਹਨ। ਫੋਰਟ ਜੈਕਸਨ ਕਮਾਂਡਰ ਜਨਰਲ ਮਿਲਫੋਰਡ ਐਚ. ਬੀਗਲ ਜੂਨੀਅਰ ਅਨੁਸਾਰ ਇਸ 23 ਸਾਲਾ ਸਿਖਿਆਰਥੀ ਦੇ ਹਥਿਆਰ ਵਿੱਚ ਅਸਲਾ ਨਹੀਂ ਸੀ। ਲੋਟ ਅਤੇ ਬੀਗਲ ਦੇ ਅਨੁਸਾਰ ਇਹ ਘਟਨਾ ਵੀਰਵਾਰ ਸਵੇਰੇ 7 ਵਜੇ ਦੇ ਕਰੀਬ ਸ਼ੁਰੂ ਹੋਈ ਜਦੋਂ ਸ਼ੱਕੀ ਵਿਅਕਤੀ ਕਥਿਤ ਤੌਰ 'ਤੇ ਕੰਡਿਆਲੀ ਤਾਰ ਟੱਪ ਕੇ ਫੋਰਟ ਜੈਕਸਨ ਤੋਂ ਫਰਾਰ ਹੋਇਆ। ਜਿਸ ਉਪਰੰਤ ਜੋਵਾਨ ਕਾਲੇਜ਼ੋ ਨਾਮ ਦਾ ਇਹ ਟਰੇਨੀ ਬੱਸ ਵਿੱਚ




ਚੜ੍ਹਿਆ ਅਤੇ ਬੱਸ ਡਰਾਈਵਰ ਨੂੰ ਬੰਦੂਕ ਦਿਖਾ ਕੇ ਅਗਲੇ ਸ਼ਹਿਰ ਲੈ ਜਾਣ ਲਈ ਕਿਹਾ। ਪੁਲਿਸ ਨੇ ਸਕੂਲ ਬੱਸ ਦੇ ਅੰਦਰੋਂ ਇੱਕ ਨਿਗਰਾਨੀ ਵੀਡੀਓ ਜਾਰੀ ਕੀਤੀ ਹੈ, ਜਿਸ ਵਿੱਚ ਸ਼ੱਕੀ ਵਿਅਕਤੀ ਨੂੰ ਬੱਸ ਦੇ ਡਰਾਈਵਰ ਵੱਲ ਇੱਕ ਰਾਈਫਲ ਤਾਣਦਿਆਂ ਅਤੇ ਉਸਨੂੰ ਗੱਡੀ ਚਲਾਉਣ ਲਈ ਕਹਿੰਦਾ ਹੋਇਆ ਦਿਖਾਇਆ ਗਿਆ ਹੈ। ਤਕਰੀਬਨ ਛੇ ਮਿੰਟ ਬਾਅਦ ਬੱਚੇ ਅਤੇ ਬੱਸ ਡਰਾਈਵਰ ਸੁਰੱਖਿਅਤ ਬਾਹਰ ਨਿਕਲ ਗਏ, ਪਰ ਇਸ ਵਿਅਕਤੀ ਨੇ ਬੱਸ ਨੂੰ ਛੱਡਣ ਤੋਂ ਪਹਿਲਾਂ ਉਸ ਨੂੰ ਕੁੱਝ ਮੀਲ ਤੱਕ ਚਲਾਇਆ ਅਤੇ ਅਖੀਰ ਰਾਈਫਲ ਨੂੰ ਅੰਦਰ ਹੀ ਛੱਡ ਗਿਆ। ਕਾਲੇਜ਼ੋ ਨੂੰ ਡਿਪਟੀ ਸੈਨਿਕਾਂ ਅਤੇ ਆਮ ਨਾਗਰਿਕਾਂ ਨੇ ਦੇਖਿਆ ਅਤੇ ਬਿਨਾਂ ਕਿਸੇ ਘਟਨਾ ਦੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਲੋਟ ਨੇ ਕਿਹਾ ਕਿ ਉਸਨੂੰ ਅਗਵਾ ਕਰਨ ਸਮੇਤ ਹੋਰਨਾਂ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਗਲ ਅਨੁਸਾਰ ਨਿਊਜਰਸੀ ਤੋਂ ਇਹ 23 ਸਾਲਾਂ ਦਾ ਟਰੇਨੀ ਜਵਾਨ ਸ਼ਾਇਦ ਆਪਣੇ ਘਰ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਮਾਮਲੇ ਵਿੱਚ ਫੋਰਟ ਜੈਕਸਨ ਦੇ ਅਧਿਕਾਰੀਆਂ ਨੇ ਮੁਆਫੀ ਮੰਗੀ ਹੈ।

# ਅਮਰੀਕਾ: ਕੈਂਸਰ 'ਤੇ ਕਾਬੂ ਪਾਉਣ ਤੋਂ ਬਾਅਦ, ਇੱਕ ਧੀ ਨੇ ਆਪਣੀ ਮਾਂ ਨਾਲ ਕੀਤੀ ਮਾਉਂਟ ਐਵਰੈਸਟ ਤੇ ਚੜ੍ਹਾਈ

**ਫਰਿਜ਼ਨੋ (ਕੈਲੀਫੋਰਨੀਆ), 7 ਮਈ 2021-** ਜਿੰਦਗੀ ਵਿੱਚ ਕੁੱਝ ਹਾਸਿਲ ਕਰਨ ਦਾ ਜਜਬਾ ਹੋਵੇ ਤਾਂ ਮਨੁੱਖ ਰੁਕਾਵਟਾਂ ਨੂੰ ਪਾਰ ਕਰਕੇ ਵੀ ਆਪਣੀ ਮੰਜਿਲ ਪ੍ਰਾਪਤ ਕਰ ਸਕਦਾ ਹੈ। ਅਜਿਹਾ ਹੀ ਇੱਕ ਕੰਮ ਅਮਰੀਕਾ ਦੇ ਓਕਲਾਹੋਮਾ ਦੀ ਇੱਕ ਲੜਕੀ ਨੇ ਕੀਤਾ ਹੈ।

ਜਿਸਨੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨੂੰ ਮਾਤ ਦੇਣ ਦੇ ਬਾਅਦ ਆਪਣੀ ਮਾਂ ਦੇ ਨਾਲ ਦੁਨੀਆਂ ਦੀ ਉੱਚੀ ਪ੍ਰਬਤੀ ਚੋਟੀ ਮਾਊਂਟ ਐਵਰੈਸਟ ਦੀ ਚੜਾਈ ਕਰ ਰਹੀ ਹੈ। ਵਾਲਾਰੀ ਅਤੇ ਜੇਸ ਵਿਡੇਲ ਨੂੰ ਉਮੀਦ ਹੈ ਕਿ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਤੇ ਪਹੁੰਚਣ ਵਾਲੀ ਪਹਿਲੀ ਅਮਰੀਕੀ ਮਾਂ-ਧੀ ਟੀਮ ਬਣ ਜਾਵੇਗੀ। ਜੇਸ ਵਿਡੇਲ ਨੇ ਕਿਹਾ ਕਿ ਇਹ ਯਾਤਰਾ ਸਿਰਫ ਸਿਖਰ ਤੇ ਜਾਣ ਬਾਰੇ ਨਹੀਂ ਸੀ ਹੈ, ਉਹ ਰਸਤੇ ਵਿਚ ਹਰ ਇਕ



ਪਲ ਦਾ ਅਨੰਦ ਨਹੀਂ ਲੈ ਰਹੇ ਹਨ। ਇਸ ਮਾਂ ਧੀ ਨੇ ਆਪਣੀ ਯਾਤਰਾ ਹਫਤੇ ਪਹਿਲਾਂ ਸ਼ੁਰੂ ਕੀਤੀ ਸੀ। ਵਲਾਰੀ ਵਿਡੇਲ ਜੋ ਕਿ 61 ਹੈ ਅਤੇ ਦਮੇ ਦੀ ਮਰੀਜ਼ ਹੈ, ਜਦਕਿ ਉਸਦੀ ਧੀ ਜੇਸ ਵਿਡੇਲ ਨੂੰ 2016 ਵਿੱਚ ਅੰਡਕੋਸ਼ ਦੇ ਕੈਂਸਰ ਦੀ ਜਾਂਚ ਕੀਤੀ ਗਈ ਸੀ। ਉਸ ਦੀਆਂ ਕਈ ਸਰਜਰੀਆਂ ਅਤੇ ਮਹੀਨਿਆਂ ਦੀ ਕੀਮੋਥੈਰੇਪੀ ਕੀਤੀ ਗਈ ਸੀ ਪਰ ਉਹ ਹੁਣ ਕੈਂਸਰ ਮੁਕਤ ਹੈ।

ਇਹ ਦੋਵੇਂ ਪਹਿਲਾਂ ਤੋਂ ਹੀ ਐਵਰੈਸਟ ਉੱਤੇ ਤੂਫਾਨਾਂ ਨੂੰ ਪਾਰ ਕਰ ਚੁੱਕੇ ਹਨ ਪਰ ਇਸ ਜੋੜੀ ਨੇ ਕਿਹਾ ਕਿ ਇੱਥੇ ਉਹਨਾਂ ਨੇ ਅਜੇ 43 ਘੰਟਿਆਂ ਲਈ 60 ਮੀਲ ਪ੍ਰਤੀ ਘੰਟਾ ਦੀਆਂ ਹਵਾਵਾਂ ਦਾ ਸਾਹਮਣਾ ਕਰਨਾ ਹੈ ਅਤੇ ਇਸ ਕੰਮ ਲਈ ਉਹਨਾਂ ਨੇ ਉਮਰ ਭਰ ਦਾ ਸਾਹਸ ਜੁਟਾਇਆ ਹੈ। ਅਮਰੀਕਾ ਨਿਵਾਸੀ ਇਸ ਮਾ ਧੀ ਦੇ ਜਜਬੇ ਨੂੰ ਸਲਾਮ ਹੈ।

# ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਡਾ. ਬੀ.ਆਰ.ਅੰਬੇਡਕਰ ਜੀ ਦਾ 130ਵਾਂ ਜਨਮ ਦਿਵਸ ਮਨਾਇਆ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-**ਅੰਬੇਡਕਰ ਮਿਸ਼ਨ ਸੁਸਾਇਟੀ &;ਆਫ ਨਿਊਜ਼ੀਲੈਂਡ ਵੱਲੋਂ ਅੱਜ ਆਪਣਾ ਮਿਸ਼ਨ ਅਗਾਂਹ ਵੱਲ ਨੂੰਤੋਰਦਿਆਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 130ਵਾਂ ਜਨਮ ਦਿਵਸ ਪੁਕੀਕੋਹੀ ਟਾਊਨ ਸੈਂਟਰ ਵਿਖੇ ਪੂਰੇ ਜੋਸ਼ ਨਾਲ ਮਨਾਇਆ ਗਿਆ। ਬਾਬਾ ਸਾਹਿਬ ਦੀਆਂ ਸਿਖਿਆਵਾਂ ਉਤੇ ਅਧਾਰਿਤ ਅੱਜ ਦਾ ਇਹ ਖਾਸ ਪ੍ਰੋਗਰਾਮ ਸੁਸਾਇਟੀ ਦੇ ਪ੍ਰਧਾਨ ਸ੍ਰੀ ਮਹਿੰਦਰ ਪਾਲ ਦੇ ਸਵਾਗਤੀ ਸ਼ਬਦਾਂ ਨਾਲ ਆਰੰਭ ਹੋਇਆ। ਜਿਨ੍ਹਾਂ ਨੇ ਦੱਸਿਆ ਕਿ ਅਜਿਹੇ ਸਮਾਗਮ ਕਰਨੇ ਕਿਉਂ ਜਰੂਰੀ ਹਨ ਅਤੇ ਸਾਡੀ ਅਗਲੀ ਪੀੜ੍ਹੀ ਦੇ ਲਈ ਇਤਿਹਾਸ ਤੋਂ ਜਾਣੂ ਹੋਣਾ ਕਿੰਨਾ ਜਰੂਰੀ ਹੈ। ਮਹਾਨ ਵਿਅਕਤੀ ਦੀ ਜੀਵਨੀ ਕਈ ਵਾਰ ਪੂਰੀ ਜ਼ਿੰਦਗੀ ਬਦਲ ਜਾਂਦੀ ਹੈ। ਸਟੇਜ ਸੰਚਾਲਨ ਸ੍ਰੀ ਰੇਸ਼ਮ ਲਾਲ ਕਰੀਮਪੁਰੀ ਹੋਰਾਂ ਨੇ ਕੀਤਾ ਤੇ ਉਨ੍ਹਾਂ ਵੀ ਨਾਲ-ਨਾਲ ਆਪਣੇ ਵਿਚਾਰ ਰੱਖ ਕੇ ਬਾਬਾ ਸਾਹਿਬ ਨੂੰ ਯਾਦ ਕੀਤਾ। ਮੁੱਖ ਮਹਿਮਾਨ ਦੇ ਤੌਰ ਉਤੇ ਕੈਂਟਰਬਰੀ ਯੂਨੀਵਰਸਿਟੀ ਦੇ ਸਹਾਇਕ ਲੈਕਚਰਾਰ ਡਾ. ਸਲੋਨੀ ਪਾਲ ਵਿਸ਼ੇਸ਼ ਤੌਰ ਉਤੇ ਪਹੁੰਚੇ ਹੋਏ ਸਨ। ਉਨ੍ਹਾਂ ਦੇ ਪਤੀ ਅਮਨ ਸਮਾਰਟ ਵੀ ਸਾਥ ਦੇਣ ਲਈ ਛੋਟੇ ਬੇਟੇ ਨਾਲ ਪਹੁੰਚੇ ਸਨ। ਡਾ. ਸਲੋਨੀ ਪਾਲ ਨੇ ਆਪਣੇ ਭਾਸ਼ਣ ਦੇ ਵਿਚ ਬਾਬਾ ਸਾਹਿਬ ਦੇ ਜੀਵਨ ਤੋਂ ਪਏ ਸਿਖਿਆਦਾਕ ਪ੍ਰਭਾਵ ਨੂੰ ਕਬੂਲਦਿਆਂ ਕਿਹਾ ਕਿ ਉਸ ਮਹਾਨ ਵਿਅਕਤੀ ਜਿਸ ਨੂੰ ਭਾਰਤ ਰਤਨ ਖਿਥਾਬ ਨਾਲ ਸਨਮਾਨਿਆ ਗਿਆ ਡਾ. ਬੀ. ਆਰ. ਅੰਬੇਡਕਰ ਨੇ ਕਿਵੇਂ ਇਕ ਸਾਧਾਰਨ ਪਰਿਵਾਰ ਦੇ ਵਿਚ ਪੈਦਾ ਹੋ ਕੇ ਸਿਖਰ ਨੂੰ ਛੂਹਿਆ। ਇਹ ਕਾਰਨ ਸੀ ਕਿ ਉਨ੍ਹਾਂ ਨੇ ਆਪਣੀ ਪੀ. ਐਚ. ਡੀ. ਦੀ ਡਿਗਰੀ ਬਾਬਾ ਸਾਹਿਬ ਨੂੰ ਸਮਰਪਿਤ ਕੀਤੀ। ਉਨ੍ਹਾਂ ਆਪਣੇ ਭਾਸ਼ਮ ਦਾ ਸਾਰਅੰਸ਼ ਪੇਸ਼ ਕਰਦਿਆਂ ਕਿਹਾ ਕਿ ਆਪਣੀਆਂ ਕੁੜੀਆਂ ਨੂੰ ਜਰੂਰ ਪੜ੍ਹਾਓ ਤਾਂ ਕਿ ਸਿਹਤਮੰਦ ਸਮਾਜ ਦੀ ਸਿਰਜਨਾ ਹੁੰਦੀ ਰਹੇ। ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਡਾ. ਸਲੋਨੀ ਪਾਲ ਨੂੰ ਬਹੁਤ ਸੋਹਣਾ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਉਨ੍ਹਾਂ ਦਾ ਇਥੇ ਪਹੁੰਚਣ ਲਈ ਧੰਨਵਾਦ ਕੀਤਾ ਗਿਆ। ਸਨਮਾਨਿਤ ਕਰਨ ਵੇਲੇ ਸ੍ਰੀ ਰੇਸ਼ਮ ਲਾਲ ਕਰੀਮਪੁਰੀ, ਸ੍ਰੀ ਮਹਿੰਦਰਪਾਲ, ਮਨਜੀਤ ਰੱਤੂ, ਸ੍ਰੀਮਤੀ ਸੁਨੀਤਾ ਕਰੀਮਪੁਰੀ ਅਤੇ ਸ੍ਰੀਮਤੀ ਜਸਵਿੰਦਰ ਕੌਰ ਸਟੇਜ ਉਤੇ ਹਾਜ਼ਿਰ ਸਨ। ਪ੍ਰਮੁੱਖ ਬੁਲਾਰਿਆਂ ਦੇ ਵਿਚ ਸ੍ਰੀ ਪਰਮਜੀਤ ਮਹਿਮੀ, ਸ੍ਰੀ ਹਰਜੀਤ ਰਾਮ, ਹਰਜਿੰਦਰ ਬਸਿਆਲਾ, ਮਨਜੀਤ ਸਿੰਘ ਹੇਸਟਿੰਗਜ਼, ਜਸਪ੍ਰਭਜੀਤ ਮਹਿਮੀ, ਰਜਿੰਦਰ ਸਿੰਘ, ਸੁਖਦੇਵ ਬੱਧਣ ਤੇ ਰੋਮੀਆ ਬੁੱਧਾ ਨੇ ਵੀ ਡਾ. ਸਾਹਿਬ ਦੀਆਂ ਸਿਖਿਆਵਾਂ ਉਤੇ ਆਪਣੇ ਵਿਚਾਰ ਰੱਖੇ ਤੇ ਅਪੀਲ ਕੀਤੀ ਕਿ ਸਿੱਖਿਅਤ ਰਹੋ, ਸੰਗਠਿਤ ਰਹੋ ਅਤੇ ਉਤੇਜਿਤ ਰਹੋ।

ਰੇਡੀਓ ਸਪਾਈਸ ਤੋਂ ਗੁਰਸਿਮਰਨ ਸਿੰਘ ਮਿੰਟੂ



ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ। ਜਸਵਿੰਦਰ ਸੰਧੂ, ਕਰਨੈਲ ਬੱਧਣ, ਸੰਜੀਵ ਸਹਿਗਲ, ਸੁਖਦੇਵ ਬੱਧਣ, ਹਰਦੇਵ ਮਾਹੀਨੰਗਲ ਅਤੇ ਹੋਰ ਕਈ ਸੰਸਥਾਵਾਂ ਤੋਂ ਨੁਮਾਇੰਦੇ ਪਹੁੰਚੇ ਹੋਏ ਸਨ। ਗੀਤ-ਸੰਗੀਤ ਦੇ ਨਾਲ ਬਾਬਾ ਸਾਹਿਬ ਦੀਆਂ ਸਿਖਿਆਵਾਂ ਨੂੰ ਗੀਤਾਂ ਦੀ ਲੜੀ ਦੇ ਵਿਚ ਪਰੋਅ ਕੇ ਸਥਾਨਿਕ ਕਲਾਕਾਰ ਸਤਿੰਦਰ ਪੱਪੀ ਨੇ ਆਪਣਾ ਲਿਖਿਆ ਗੀਤ 'ਜ਼ਾਲਮ ਦੇ ਮੂੰਹ ਮੋੜੇ ਸੀ ਤੇ ਜ਼ੁਲਮ ਦੇ ਸੰਗਲ ਤੋੜੇ ਸੀ' ਤੂੰਬੀ ਦੇ ਨਾਲ ਗਾਇਆ। ਸ੍ਰੀ ਅਮਰਜੀਤ ਬੰਗੜ ਨੇ ਗੀਤ ਰੂਪੀ ਕਵਿਤਾ ਗਾਈ। ਗਾਇਕ ਜਸਵਿੰਦਰ ਕੁਮਾਰ, ਬਿੱਲਾ ਮੋਗੋਵਾਲੀਆ ਤੇ ਹਨੀ ਸਿੰਘ, ਨੇ ਗੀਤਾਂ ਨਾਲ ਹਾਜ਼ਰੀ ਲਾਈ। ਰਾਜਨਦੀਪ ਕੌਰ ਅਹੀਰ ਮਿਊਜ਼ਕ ਅਕੈਡਮੀ ਨੌਜਵਾਨ ਸੁਖਵਿੰਦਰ ਸਿੰਘ ਨੇ ਗੀਤ ਗਾ ਕੇ ਸੰਗੀਤਕ ਮਾਹੌਲ ਸਿਰਜਿਆ। ਪ੍ਰਸਿੱਧ ਗਾਇਕ ਹਰਦੇਵ ਮਾਹੀਨੰਗਲ ਹੋਰਾਂ ਨੇ ਸੰਤ ਰਾਮ ਉਦਾਸੀ ਦੀ ਰਚਨਾ ਨੂੰ ਖੂਬਸੂਰਤ ਆਵਾਜ਼ ਦਿੱਤੀ। ਸਾਬੀ ਪੋਕੀਨੋ ਨੇ ਵੀ ਸੰਗੀਤਕ ਸਾਜ਼ਾਂ ਦੇ ਨਾਲ-ਨਾਲ ਇਕ ਗੀਤ ਵੀ ਗਾਇਆ। ਮਲਕੀਅਤ ਸਿੰਘ ਸਹੋਤਾ ਵੀ ਗੀਤ ਨਾਲ ਹਾਜ਼ਰੀ ਲਗਵਾ ਗਏ। ਪਹੁੰਚੇ ਦਰਸ਼ਕਾਂ ਦੇ ਲਈ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ ਸੀ।

# ਫਗਵਾੜਾ ਅਧੀਨ ਆਉਂਦੇ ਖੇਤਰ ਭਗਤਪੁਰਾ 'ਚ 36 ਕੋਵਿਡ ਪਾਜੀਟਿਵ ਕੇਸ ਆਉਣ ਉਪਰੰਤ ਕੰਟੋਨਮੈਂਟ ਜ਼ੋਨ ਐਲਾਨਿਆ

**ਫਗਵਾੜਾ (ਬੀ.ਕੇ.ਰੱਤੂ)-** ਡਿਪਟੀ ਕਮਿਸ਼ਨਰ ਸ੍ਰੀਮਤੀ ਦੀਪਤੀ ਉੱਪਲ ਵਲੋਂ ਫਗਵਾੜਾ ਨਗਰ ਨਿਗਮ ਅਧੀਨ ਆਉਂਦੇ ਖੇਤਰ ਭਗਤਪੁਰਾ 'ਚ 36 ਕੋਵਿਡ ਪਾਜੀਟਿਵ ਕੇਸ ਆਉਣ ਉਪਰੰਤ ਕੰਟੋਨਮੈਂਟ ਜ਼ੋਨ ਐਲਾਨਿਆ ਗਿਆ ਹੈ। ਡਿਪਟੀ ਕਮਿਸ਼ਨਰ ਵਲੋਂ ਜਾਰੀ ਹੁਕਮਾਂ ਅਨੁਸਾਰ ਸਿਹਤ ਵਿਭਾਗ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਕੋਵਿਡ ਦੀ ਰੋਕਥਾਮ ਲਈ ਭਗਤਪੁਰਾ ਖੇਤਰ ਜੋ ਕਿ ਸਬ ਡਿਵੀਜ਼ਨ ਹਸਪਤਾਲ ਦੇ ਤਹਿਤ ਆਉਂਦਾ ਹੈ, ਨੂੰ ਕੰਟੋਨਮੈਂਟ ਜ਼ੋਨ ਵਜੋਂ ਨੋਟੀਫਾਈ ਕੀਤਾ ਗਿਆ ਹੈ।



ਇਸ ਸਬੰਧੀ ਨਿਰਧਾਰਿਤ ਪ੍ਰੋਟੋਕਾਲ ਦੀ ਪਾਲਣਾ ਲਈ ਐਸ.ਡੀ.ਐਮ. ਫਗਵਾੜਾ ਨੂੰ ਸੁਪਰਵਾਈਜ਼ਰ ਅਧਿਕਾਰੀ ਨਾਮਜਦ ਕੀਤਾ ਗਿਆ ਹੈ। ਪੁਲਿਸ ਵਲੋਂ ਸਮਾਜਿਕ ਦੂਰੀ ਜਿਹੇ ਨੇਮਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇਗਾ ਜਦਕਿ ਸਿਹਤ ਵਿਭਾਗ ਵਲੋਂ ਖੇਤਰ ਵਿਚ ਟੈਸਟਿੰਗ ਤੇ ਹੋਰ ਲੋੜੀਂਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਜਿਲ੍ਹਾ ਮੰਡੀ ਅਫਸਰ ਇਸ ਕੰਟੋਨਮੈਂਟ ਜ਼ੋਨ ਅੰਦਰ ਸਬਜ਼ੀਆਂ ਤੇ ਫਰੂਟਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣਗੇ ਜਦਕਿ ਨਗਰ ਨਿਗਮ ਵਲੋਂ ਪੀਣ ਵਾਲੇ ਪਾਣੀ, ਸੀਵਰੇਜ਼ ਆਦਿ ਦੀ ਸਹੂਲਤ, ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਲੋਂ ਖਾਣ-ਪੀਣ ਦੀਆਂ ਵਸਤਾਂ ਦੀ ਸਪਲਾਈ, ਬਿਜਲੀ ਬੋਰਡ ਵਲੋਂ ਨਿਰਵਿਘਨ ਬਿਜਲੀ ਸਪਲਾਈ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਬਾਇਓ ਮੈਡੀਕਲ ਵੇਸਟ ਦੇ ਪ੍ਰਬੰਧਨ ਤੇ ਪਸ਼ੂ ਪਾਲਣ ਵਿਭਾਗ ਵਲੋਂ ਪਸ਼ੂਆਂ ਦੇ ਪੱਠੇ, ਚਾਰੇ ਆਦਿ ਅਤੇ ਪਸ਼ੂਆਂ ਦੀ ਸਿਹਤ ਸੰਭਾਲ ਲਈ ਵੈਟਰਨਰੀ ਡਾਕਟਰ ਦੀ ਤਾਇਨਾਤੀ ਕੀਤੀ ਜਾਵੇਗੀ।



## ਲੰਡਨ/ ਗਲਾਸਗੋ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਸਕਾਟਲੈਂਡ ਦੀ ਹੁਣ ਤੱਕ ਦੀ ਪਹਿਲੀ ਸਿੱਖ ਮੈਂਬਰ ਪਾਰਲੀਮੈਂਟ ਚੁਣੇ ਜਾਣ 'ਤੇ ਗੁਰੂਘਰ ਮੱਥਾ ਟੇਕਣ ਪਹੁੰਚੀ ਪੈਮ ਗੋਸਲ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਲੈਂਡ ਪਾਰਲੀਮੈਂਟ ਦੀਆਂ ਬੀਤੇ ਦਿਨੀਂ ਹੋਈਆਂ ਚੋਣਾਂ ਵਿੱਚ ਪੰਜਾਬੀ ਮੂਲ ਦੀ ਪੈਮ ਗੋਸਲ ਨੂੰ ਹੁਣ ਤੱਕ ਦੀ ਪਹਿਲੀ ਸਿੱਖ ਔਰਤ ਹੋਣ ਦਾ ਮਾਣ ਹਾਸਲ ਹੋਇਆ ਹੈ ਜੋ ਸਕਾਟਿਸ਼ ਪਾਰਲੀਮੈਂਟ ਦੀਆਂ ਪੌੜੀਆਂ ਚੜ੍ਹਨ ਵਿੱਚ ਕਾਮਯਾਬ ਹੋਈ ਹੈ। ਬੇਸ਼ੱਕ ਪੈਮ ਗੋਸਲ ਆਪਣੇ ਹਲਕੇ ਦੀ ਚੋਣ ਵਿੱਚ ਮਾਤ ਖਾ ਗਈ ਪਰ ਲਿਸਟ ਦੀ ਵੋਟ ਰਾਹੀਂ ਕੰਜਰਵੇਟਿਵ ਪਾਰਟੀ ਦੀ ਤਰਫੋਂ ਪਾਰਲੀਮੈਂਟ ਪਹੁੰਚਣ ਵਿੱਚ ਉਸਦਾ ਰਾਹ ਪੱਧਰਾ ਹੋ ਗਿਆ। ਇਤਿਹਾਸਕ ਪਲਾਂ ਦੀ ਮੁੱਖ ਸੂਤਰ ਬਣਨ ਉਪਰੰਤ ਪੈਮ ਗੋਸਲ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਪਹੁੰਚ ਕੇ ਮੱਥਾ ਟੇਕਿਆ



ਗਿਆ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਮੰਚ ਤੋਂ ਸਕੱਤਰ ਬਖਸ਼ੀਸ਼ ਸਿੰਘ ਦੀਹਰੇ ਵੱਲੋਂ ਪੈਮ ਗੋਸਲ ਦੀ ਇਸ ਮਾਣਮੱਤੀ ਪ੍ਰਾਪਤੀ ਦੀ ਵਧਾਈ ਦਿੰਦਿਆਂ ਸੰਗਤਾਂ ਨਾਲ ਆਪਣੇ ਬੋਲਾਂ ਦੀ ਸਾਂਝ ਪਾਉਣ ਲਈ ਸੱਦਾ ਦਿੱਤਾ। ਪੈਮ ਗੋਸਲ ਨੇ ਬੋਲਦਿਆਂ ਜਿੱਥੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਉੱਥੇ ਸੰਗਤਾਂ ਨੂੰ ਯਕੀਨ ਦਵਾਇਆ ਕਿ ਉਹ ਹਰ ਕਿਸੇ ਦੀ ਆਵਾਜ਼ ਪਾਰਲੀਮੈਂਟ ਤੱਕ ਲੈ ਕੇ ਜਾਣ ਲਈ ਵਚਨਬੱਧ ਰਹੇਗੀ।

ਨਾਲ ਹੀ ਉਹਨਾਂ ਭਾਈਚਾਰੇ ਦੇ ਲੋਕਾਂ ਨੂੰ ਸਰਗਰਮ ਸਿਆਸਤ ਦਾ ਹਿੱਸਾ ਬਣਨ ਦੀ ਵੀ ਪੁਰਜ਼ੋਰ ਅਪੀਲ ਕੀਤੀ। ਇਸ ਉਪਰੰਤ ਪ੍ਰਧਾਨ ਸੁਰਜੀਤ ਸਿੰਘ ਚੌਧਰੀ ਵੱਲੋਂ ਉਹਨਾਂ ਨੂੰ ਸਮੁੱਚੀ ਪ੍ਰਬੰਧਕ ਕਮੇਟੀ ਤਰਫੋਂ ਸਿਰੋਪਾਓ ਭੇਂਟ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਡਾ: ਇੰਦਰਜੀਤ ਸਿੰਘ, ਜਸਪਾਲ ਸਿੰਘ ਖਹਿਰਾ, ਪਰਮਜੀਤ ਸਿੰਘ ਸਮਰਾ ਨੇ ਵੀ ਉਹਨਾਂ ਨੂੰ ਵਧਾਈ ਪੇਸ਼ ਕੀਤੀ।

# ਸਕਾਟਲੈਂਡ ਚੋਣਾਂ: ਨਿਕੋਲਾ ਸਟਰਜਨ ਨੇ ਮਾਰੀ ਬਾਜੀ, ਪਾਰਟੀ ਨੇ ਪ੍ਰਾਪਤ ਕੀਤੀਆਂ 64 ਸੀਟਾਂ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਲੈਂਡ ਵਿੱਚ 6 ਮਈ ਨੂੰ ਪਈਆਂ ਹੋਲੀਰੂਡ ਚੋਣਾਂ ਵਿੱਚ ਇੱਕ ਵਾਰ ਫਿਰ ਸਕਾਟਿਸ਼ ਨੈਸ਼ਨਲਿਸਟ ਪਾਰਟੀ (ਐੱਸ ਐੱਨ ਪੀ) ਨੇ ਬਾਜੀ ਮਾਰ ਲਈ ਹੈ। ਸਕਾਟਲੈਂਡ ਦੇ ਲੋਕਾਂ ਨੇ ਨਿਕੋਲਾ ਸਟਰਜਨ ਨੂੰ ਦੁਬਾਰਾ ਸਕਾਟਲੈਂਡ ਦੀ ਫਸਟ ਮਨਿਸਟਰ ਚੁਣਿਆ ਹੈ। ਐੱਸ ਐੱਨ ਪੀ ਨੇ ਚੋਣਾਂ ਵਿੱਚ ਕੁੱਲ 129 ਸੀਟਾਂ ਵਿੱਚੋਂ 64 ਸੀਟਾਂ ਪ੍ਰਾਪਤ ਕੀਤੀਆਂ ਹਨ, ਜਦਕਿ ਸਮੁੱਚਾ ਬਹੁਮਤ ਪ੍ਰਾਪਤ ਕਰਨ ਵਿੱਚ ਇੱਕ ਸੀਟ ਦੀ ਕਮੀ ਰਹਿ ਗਈ ਹੈ। ਸੰਸਦ ਦੀਆਂ ਚੋਣਾਂ ਦੇ ਸਾਰੇ ਨਤੀਜਿਆਂ ਨਾਲ ਐੱਸ ਐੱਨ ਪੀ ਨੂੰ 64 ਐੱਮ ਐੱਸ ਪੀ ਮਿਲੇ ਹਨ ਜੋ ਕਿ 2106 ਦੀ ਗਿਣਤੀ ਨਾਲੋਂ ਇੱਕ ਜਿਆਦਾ ਹੈ। ਐੱਸ ਐੱਨ ਪੀ ਅਤੇ ਸਕਾਟਿਸ਼ ਗਰੀਨਜ਼ ਨੇ ਹੋਲੀਰੂਡ ਵਿੱਚ ਕੁੱਲ 72 ਸੀਟਾਂ ਜਿੱਤੀਆਂ ਹਨ ਇਸ ਮੁਹਿੰਮ ਵਿੱਚ ਗ੍ਰੀਨਜ਼ ਨੂੰ ਅੱਠ ਐੱਮ ਐੱਸ ਪੀਜ਼ ਮਿਲੇ ਹਨ। ਡਗਲਸ ਰਾਸ ਦੀ ਅਗਵਾਈ ਵਾਲੀ ਕੰਜਰਵੇਟਿਵ ਪਾਰਟੀ ਨੇ 31 ਸੀਟਾਂ ਦੇ ਨਾਲ ਸਭ ਤੋਂ ਵੱਡੀ ਵਿਰੋਧੀ ਧਿਰ ਵਜੋਂ ਆਪਣੀ ਸਥਿਤੀ ਬਣਾਈ ਰੱਖੀ ਹੈ ਅਤੇ ਲੇਬਰ ਪਾਰਟੀ ਦੇ



ਅਨਸ ਸਰਵਰ ਨੂੰ ਵੀ 22 ਲੇਬਰ ਐੱਮ ਐੱਸ ਪੀ ਮਿਲੇ ਹਨ, ਜੋ ਕਿ 2016 ਨਾਲੋਂ ਦੋ ਘੱਟ ਹਨ। ਇਸ ਵਾਰ ਦੀਆਂ ਚੋਣਾਂ ਵਿੱਚ ਐੱਸ ਐੱਨ ਪੀ ਦੀ ਕੌਕਾਬ ਸਟੀਵਰਟ ਅ ਤ ੇ ਕੰਜਰਵੇਟਿਵ ਦੀ ਪੈਮ ਗੋਸਲ ਸਕਾਟਲੈਂਡ ਦੀ ਸੰਸਦ ਲਈ ਚੁਣੀਆਂ ਜਾਣ ਵਾਲੀਆਂ ਪਹਿਲੀਆਂ ਗੈਰ ਗੋਰੇ ਮੂਲ ਦੀਆਂ ਸੰਸਦ ਮੈਂਬਰ ਬਣੀਆਂ ਹਨ। ਜਦਕਿ ਲੇਬਰ ਦੀ ਪਾਮ ਡੰਕਨ-ਗਲੇਂਸੀ ਨੇ ਹੋਲੀਰੂਡ ਲਈ ਚੁਣੀ ਜਾਣ ਵਾਲੀ ਪਹਿਲੀ ਸਥਾਈ ਵ੍ਹੀਲਚੇਅਰ ਉਮੀਦਵਾਰ ਬਣ ਕੇ ਇਤਿਹਾਸ ਰਚਿਆ ਹੈ।

ਇਸ ਦੇ ਇਲਾਵਾ ਵਿਲੀ ਰੇਨੀ ਦੀ ਅਗਵਾਈ ਵਾਲੀ ਲਿਬਰਲ ਡੇਮੋਕ੍ਰੇਟਸ ਪਾਰਟੀ ਨੇ ਚਾਰ ਐੱਮ ਐੱਸ ਪੀ ਨਾਲ ਇੱਕ ਪ੍ਰਮੁੱਖ ਪਾਰਟੀ ਵਜੋਂ ਆਪਣੀ ਭੂਮਿਕਾ ਗੁਆ ਦਿੱਤੀ ਹੈ, ਜਦਕਿ ਸਾਬਕਾ ਫਸਟ ਮਿਨਿਸਟਰ ਐਲੈਕਸ ਸੈਲਮੰਡ ਉੱਤਰੀ ਪੂਰਬੀ ਖੇਤਰੀ ਸੂਚੀ ਵਿੱਚ ਹਾਰਨ ਤੋਂ ਬਾਅਦ ਐਲਬਾ ਪਾਰਟੀ ਦੇ ਨੇਤਾ ਵਜੋਂ ਸਕਾਟਲੈਂਡ ਦੀ ਸੰਸਦ ਵਿੱਚ ਪਰਤਣ ਦੀ ਆਪਣੀ ਕੋਸ਼ਿਸ਼ ਵਿੱਚ ਅਸਫਲ ਰਹੇ ਹਨ।

# ਸਕਾਟਲੈਂਡ: ਪੈਮ ਗੋਸਲ ਨੇ ਹੁਣ ਤੱਕ ਦੀ ਪਹਿਲੀ ਸਿੱਖ ਔਰਤ ਸੰਸਦ ਮੈਂਬਰ ਬਣ ਕੇ ਰਚਿਆ ਇਤਿਹਾਸ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਲੈਂਡ ਵਿੱਚ ਸਕਾਟਿਸ਼ ਪਾਰਲੀਮੈਂਟ ਚੋਣਾਂ ਦੀ ਗਹਿਮਾ ਗਹਿਮੀ ਨੇ ਠੰਢ ਦੇ ਮਾਹੌਲ ਵਿੱਚ ਵੀ ਗਰਮਾਹਟ ਲਿਆਂਦੀ ਹੋਈ ਹੈ। ਇਹਨਾਂ ਚੋਣਾਂ ਵਿੱਚ ਸਿੱਖ ਭਾਈਚਾਰੇ ਸਿਰ ਇੱਕ ਤਾਜ਼ ਕੰਜਰਵੇਟਿਵ ਪਾਰਟੀ ਦੀ ਉਮੀਦਵਾਰ ਪੈਮ ਗੋਸਲ ਦੀ ਜਿੱਤ ਨਾਲ ਸਜਿਆ ਹੈ। ਪੈਮ ਗੋਸਲ ਵੱਲੋਂ ਕਲਾਈਡਬੈਂਕ ਐਂਡ ਮਿਲਗਵੀ ਇਲਾਕੇ ਤੋਂ ਜਿੱਤ ਹਾਸਲ ਕਰਨ ਤੋਂ ਬਾਅਦ ਉਹ ਸਕਾਟਲੈਂਡ ਵਿੱਚ ਹੁਣ ਤੱਕ ਦੀ ਪਹਿਲੀ ਸਿੱਖ ਔਰਤ ਵਜੋਂ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਿੱਚ ਸਫਲ ਹੋਈ ਹੈ ਜਿਸਨੇ ਸਕਾਟਿਸ਼ ਪਾਰਲੀਮੈਂਟ ਮੈਂਬਰ ਬਣਨ ਦਾ ਮਾਣ ਹਾਸਲ ਕੀਤਾ ਹੈ। ਪੈਮ ਗੋਸਲ ਦਾ ਜਨਮ ਗਲਾਸਗੋ ਵਿੱਚ ਹੋਇਆ ਸੀ ਅਤੇ ਉਸਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਸਕਾਟਲੈਂਡ ਵਿੱਚ ਹੀ ਗੁਜ਼ਾਰਿਆ। ਉਸਨੇ ਰਾਜਨੀਤੀ ਦੀ ਦੁਨੀਆਂ ਵਿੱਚ ਆਪਣਾ ਪਹਿਲਾ ਕਦਮ ਉਸ ਵੇਲੇ ਰੱਖਿਆ ਜਦੋਂ ਉਹ ਸਕਾਟਿਸ਼ ਕੰਜਰਵੇਟਿਵ ਅਤੇ ਯੂਨੀਅਨਿਸਟ ਪਾਰਟੀ ਲਈ 2019 ਦੀਆਂ ਆਮ ਚੋਣਾਂ ਵਿਚ ਈਸਟ ਡਨਬਰਟਨਸ਼ਾਇਰ ਲਈ ਸੰਸਦ ਉਮੀਦਵਾਰ ਵਜੋਂ ਖੜ੍ਹੀ ਹੋਈ ਸੀ। ਪੈਮ ਨੇ ਸਕਾਟਲੈਂਡ ਅਤੇ ਇੰਗਲੈਂਡ ਦੋਵਾਂ ਵਿੱਚ ਆਰਥਿਕ ਵਿਕਾਸ, ਅੰਦਰੂਨੀ ਨਿਵੇਸ਼, ਕਾਰੋਬਾਰ, ਸਭਿਆਚਾਰਕ, ਕਾਨੂੰਨੀ ਅਤੇ ਨਿਯਮਤ ਨੀਤੀਆਂ 'ਤੇ ਕੰਮ ਕਰਦਿਆਂ ਜਨਤਕ, ਨਿਜੀ ਅਤੇ ਸਵੈਇੱਛੁਕ ਖੇਤਰਾਂ ਵਿੱਚ ਤੀਹ ਸਾਲਾਂ ਦੌਰਾਨ ਗਿਆਨ ਅਤੇ ਤਜਰਬਾ ਇਕੱਠਾ ਕੀਤਾ ਹੈ। ਪੈਮ ਦਾ ਕੰਮ ਕਾਰੋਬਾਰਾਂ ਦਾ ਸਮਰਥਨ ਕਰਨ ਅਤੇ ਮਹ-ੱਤਵਪੂਰਨ

ਅੰਦਰੂਨੀ ਨਿਵੇਸ਼ ਪ੍ਰੋਜੈਕਟਾਂ ਦਾ ਖੇਤਰ ਰਿਹਾ ਹੈ। ਪੈਮ ਨੇ ਉਪਭੋਗਤਾ ਕਾਨੂੰਨ ਵਿੱਚ ਬੀ ਏ, ਐੱਮ ਬੀ ਏ ਅਤੇ ਇਸ ਸਮੇਂ ਉਹ ਪੀ ਐੱਚ ਡੀ ਕਰ ਰਹੀ ਹੈ। ਪੈਮ ਔਰਤਾਂ ਦਾ ਸਮਰਥਨ ਕਰਨ ਲਈ ਹਮੇਸ਼ਾ ਤਤਪਰ ਰਹੀ ਹੈ ਅਤੇ ਉਸ ਨੂੰ 2015 ਦਾ ਮਹਿਲਾ ਲੀਡਰ ਬਿਜ਼ਨਸ ਅਵਾਰਡ ਅਤੇ 2018 ਪਬਲਿਕ ਸਰਵਿਸ ਅਵਾਰਡ ਵੀ ਮਿਲਿਆ ਹੈ। ਪੈਮ ਸਕਾਟ-ਲੈਂਡ ਦੇ ਕੰਜਰਵੇਟਿਵ ਮਹਿਲਾ ਸੰਗਠਨ (ਸੀ ਡਬਲਯੂ ਓ) ਦੀ ਡਿਪਟੀ ਚੇਅਰ ਪਰਸਨ ਹੈ ਜੋ ਕੰਜਰਵੇਟਿਵ ਪੁਰਸ਼ਾਂ ਅਤੇ ਔਰਤਾਂ ਦਾ ਇੱਕ ਰਾਸ਼ਟਰੀ ਸਮੂਹ ਹੈ ਅਤੇ ਉਹ ਔਰਤਾਂ ਨੂੰ ਪਾਰਟੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਤ, ਸਹਾਇਤਾ ਕਰਨ ਵਿੱਚ ਸਰਗਰਮੀ ਨਾਲ ਕੰਮ ਕਰ ਰਹੀ ਹੈ। ਉਹ ਕੰਜ਼ਰਵੇਟਿਵ ਫ੍ਰੈਂਡਜ਼ ਆਫ਼ ਇੰਡੀਆ ਸਕਾਟਲੈਂਡ (ਸੀ ਐਫ ਆਈ ਐਸ) ਦੀ ਡਾਇਰੈਕਟਰ ਵੀ ਹੈ।


Law Office of
NIRWAN & ASSOCIATES



www.nirwanlaw.com
Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਪੰਜਾਬ ਦੇ ਕੱਚੇ ਠੇਕੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਲੜਾਈ ਲੜੇਗੀ ਬਸਪਾ- ਜਸਵੀਰ ਸਿੰਘ ਗੜ੍ਹੀ

**ਜਲੰਧਰ** – ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਆਜ਼ਾਦੀ ਦੇ 74 ਸਾਲਾਂ ਵਿੱਚ ਪੰਜਾਬੀ ਨੌਜਵਾਨਾਂ ਨੂੰ ਪੰਜਾਬ ਦੇ ਹੁਕਮਰਾਨਾ ਨੇ ਆਰਥਿਕ ਸੋਸ਼ਣ ਦਾ ਸ਼ਿਕਾਰ ਬਣਾਕੇ ਪੰਜਾਬ ਦਾ ਭਵਿੱਖ ਅੰਧੇਰਮਈ ਕਰ ਦਿੱਤਾ ਹੈ ਜਿਸਦੀ ਤਾਜ਼ਾ ਉਦਾਹਰਣ ਪੰਜਾਬ ਦੇ ਹਜ਼ਾਰਾਂ ਧੀ-ਪੁੱਤਰ ਕੱਚੇ, ਠੇਕੇ ਆਊਟਸੋਰਸ ਰਾਹੀਂ ਨਿਗੁਣੀਆ ਤਨਖਾਹਾਂ ਤੇ ਨੌਕਰੀਆਂ ਕਰ ਰਹੇ ਹਨ।



ਪਿਛਲੇ 20-25 ਸਾਲਾਂ ਤੋਂ ਪੰਜਾਬ ਦੇ ਪੜੇ ਲਿਖੇ ਧੀ-ਪੁੱਤਰ ਜਿਥੇ ਬਰਾਬਰ ਯੋਗਤਾ, ਬਰਾਬਰ ਕੰਮ ਤੇ ਘੱਟ ਤਨਖਾਹ ਤੇ ਕੰਮ ਕਰਕੇ ਆਪਣਾ ਜੀਵਨ ਘੋਰ ਮਾਨਸਿਕ ਜੀਵਨ ਦਬਾਅ ਵਿੱਚ ਗੁਜ਼ਾਰ ਰਹੇ ਹਨ। ਉਥੇ ਹੀ ਜੇਕਰ ਇਹ ਕੱਚੇ ਮੁਲਾਜ਼ਮਿ ਆਪਣੇ ਲਈ ਬਰਾਬਰ ਤਨਖਾਹ ਦੀ ਮੰਗ ਕਰਨ ਤਾਂ ਪਿਛਲੇ 25 ਸਾਲਾਂ ਵਿੱਚ ਹਰੇਕ ਸਰਕਾਰ ਨੇ ਪੰਜਾਬ ਦੇ ਪੜੇ ਲਿਖੇ ਧੀ-ਪੁੱਤਰਾਂ ਦੇ ਭਵਿੱਖ ਨੂੰ ਕੁਚਲਣ ਦਾ ਕੰਮ ਕੀਤਾ ਹੈ। ਜਿਸਦੀ ਤਾਜ਼ਾ ਉਦਾਹਰਣ ਐਨ ਐਚ ਐਮ ਸਿਹਤ ਕਾਮੇ ਹਨ ਜੋਕਿ 2006 ਤੋਂ ਪਿਛਲੇ 15 ਸਾਲਾਂ ਤੋਂ ਆਪਣੇ ਪੱਕੇ ਹੋਣ ਲਈ ਅਤੇ ਬਰਾਬਰ ਤਨਖਾਹ ਲਾਈ ਲੜ ਰਹੇ ਹਨ। ਜਿਹਨਾਂ ਨੂੰ ਕੁਚਲਣ ਲਈ ਸਰਕਾਰ ਨੇ ਬਰਖਾਸਤੀ ਦੇ ਹੁਕਮ ਜਾਰੀ ਕੀਤੇ ਹਨ।

ਬਸਪਾ ਪੰਜਾਬ ਪ੍ਰਧਾਨ ਸ ਗੜ੍ਹੀ ਨੇ ਕਿਹਾ ਕਿ ਪੰਜਾਬ ਦੇ ਪੜੇ- ਲਿਖੇ, ਕੱਚੇ ਠੇਕੇ ਆਊਟਸੋਰਸ ਨੌਕਰੀਆਂ ਕਰ ਰਹੇ ਨੌਜਵਾਨਾਂ ਨੂੰ ਪੱਕੇ ਕਰਨ ਦੀ ਲੜਾਈ ਬਹੁਜਨ ਸਮਾਜ ਪਾਰਟੀ ਲੜੇਗੀ। ਸ ਗੜ੍ਹੀ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਵਿੱਚ ਕਿਸੇ ਇੱਕ ਵੀ ਕੱਚੇ ਠੇਕੇ ਆਊਟਸੋਰਸ ਮੁਲਾਜ਼ਮਿ ਨੂੰ ਬਰਖ਼ਾਸਤ ਕੀਤਾ ਗਿਆ ਤਾਂ ਬਸਪਾ ਕਾਂਗਰਸ ਖਿਲਾਫ ਲੜਾਈ ਲੜੇਗੀ। ਬਸਪਾ ਪੰਜਾਬ ਸਫਾਈ ਕਰਮਚਾਰੀਆਂ ਨੂੰ ਵੀ ਪੱਕਾ ਕਰਨ ਦੀ ਮੰਗ ਕਰਦੀ ਹੈ ਅਤੇ ਐਲਾਨ ਕਰਦੀ ਹੈ ਕਿ ਸਰਕਾਰ ਵਿਚ ਆਉਣ ਤੋਂ ਬਾਅਦ ਸਾਰੇ ਸਫ਼ਾਈ ਕਰਮਚਾਰੀ ਪੱਕੇ ਕੀਤੇ ਜਾਣਗੇ।


## ਪੰਜਾਬ ਦੇ ਕੱਚੇ ਠੇਕੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਲੜਾਈ ਲੜੇਗੀ ਬਸਪਾ- ਜਸਵੀਰ ਸਿੰਘ ਗੜ੍ਹੀ

**ਜਲੰਧਰ** –ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਆਜ਼ਾਦੀ ਦੇ 74 ਸਾਲਾਂ ਵਿੱਚ ਪੰਜਾਬੀ ਨੌ-ਜਵਾਨਾਂ ਨੂੰ ਪੰਜਾਬ ਦੇ ਹੁਕਮਰਾਨਾ ਨੇ ਆਰਥਿਕ ਸੋਸ਼ਣ ਦਾ ਸ਼ਿਕਾਰ ਬਣਾਕੇ ਪੰਜਾਬ ਦਾ ਭਵਿੱਖ ਅੰਧੇਰਮਈ ਕਰ ਦਿੱਤਾ ਹੈ ਜਿਸਦੀ ਤਾਜ਼ਾ ਉਦਾਹਰਣ ਪੰਜਾਬ ਦੇ ਹਜ਼ਾਰਾਂ ਧੀ-ਪੁੱਤਰ ਕੱਚੇ, ਠੇਕੇ ਆਊਟਸੋਰਸ ਰਾਹੀਂ ਨਿਗੁਣੀਆ ਤਨਖਾਹਾਂ ਤੇ ਨੌਕਰੀਆਂ ਕਰ ਰਹੇ ਹਨ।

ਪਿਛਲੇ 20-25 ਸਾਲਾਂ ਤੋਂ ਪੰਜਾਬ ਦੇ ਪੜੇ ਲਿਖੇ ਧੀ-ਪੁੱਤਰ ਜਿਥੇ ਬਰਾਬਰ ਯੋਗਤਾ, ਬਰਾਬਰ ਕੰਮ ਤੇ ਘੱਟ ਤਨਖਾਹ ਤੇ ਕੰਮ ਕਰਕੇ ਆਪਣਾ ਜੀਵਨ ਘੋਰ ਮਾਨਸਿਕ ਜੀਵਨ ਦਬਾਅ ਵਿੱਚ ਗੁਜ਼ਾਰ ਰਹੇ ਹਨ। ਉਥੇ ਹੀ ਜੇਕਰ ਇਹ ਕੱਚੇ ਮੁਲਾਜ਼ਮਿ ਆਪਣੇ ਲਈ ਬਰਾਬਰ ਤਨਖਾਹ ਦੀ ਮੰਗ ਕਰਨ ਤਾਂ ਪਿਛਲੇ 25 ਸਾਲਾਂ ਵਿੱਚ ਹਰੇਕ ਸਰਕਾਰ ਨੇ ਪੰਜਾਬ ਦੇ ਪੜੇ ਲਿਖੇ ਧੀ-ਪੁੱਤਰਾਂ ਦੇ ਭਵਿੱਖ ਨੂੰ ਕੁਚਲਣ ਦਾ ਕੰਮ ਕੀਤਾ ਹੈ। ਜਿਸਦੀ ਤਾਜ਼ਾ ਉਦਾਹਰਣ ਐਨ ਐਚ ਐਮ ਸਿਹਤ ਕਾਮੇ ਹਨ ਜੋ ਕਿ 2006 ਤੋਂ ਪਿਛਲੇ 15 ਸਾਲਾਂ ਤੋਂ ਆਪਣੇ ਪੱਕੇ ਹੋਣ ਲਈ ਅਤੇ ਬਰਾਬਰ ਤਨਖਾਹ ਲਾਈ ਲੜ ਰਹੇ ਹਨ। ਜਿਹਨਾਂ ਨੂੰ ਕੁਚਲਣ ਲਈ ਸਰਕਾਰ ਨੇ ਬਰਖਾਸਤੀ ਦੇ ਹੁਕਮ ਜਾਰੀ ਕੀਤੇ ਹਨ।

ਬਸਪਾ ਪੰਜਾਬ ਪ੍ਰਧਾਨ ਸ ਗੜ੍ਹੀ ਨੇ ਕਿਹਾ ਕਿ ਪੰਜਾਬ ਦੇ ਪੜੇ- ਲਿਖੇ, ਕੱਚੇ ਠੇਕੇ ਆਊਟਸੋਰਸ ਨੌਕਰੀਆਂ ਕਰ ਰਹੇ ਨੌਜਵਾਨਾਂ ਨੂੰ ਪੱਕੇ ਕਰਨ ਦੀ ਲੜਾਈ ਬਹੁਜਨ ਸਮਾਜ ਪਾਰਟੀ ਲੜੇਗੀ। ਸ ਗੜ੍ਹੀ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਵਿੱਚ ਕਿਸੇ ਇੱਕ ਵੀ ਕੱਚੇ ਠੇਕੇ ਆਊਟਸੋਰਸ ਮੁਲਾਜ਼ਮਿ ਨੂੰ ਬਰਖ਼ਾਸਤ ਕੀਤਾ ਗਿਆ ਤਾਂ ਬਸਪਾ ਕਾਂਗਰਸ ਖਿਲਾਫ ਲੜਾਈ ਲੜੇਗੀ। ਬਸਪਾ ਪੰਜਾਬ ਸਫਾਈ ਕਰਮਚਾਰੀਆਂ ਨੂੰ ਵੀ ਪੱਕਾ ਕਰਨ ਦੀ ਮੰਗ ਕਰਦੀ ਹੈ ਅਤੇ ਐਲਾਨ ਕਰਦੀ ਹੈ ਕਿ ਸਰਕਾਰ ਵਿਚ ਆਉਣ ਤੋਂ ਬਾਅਦ ਸਾਰੇ ਸਫ਼ਾਈ ਕਰਮਚਾਰੀ ਪੱਕੇ ਕੀਤੇ ਜਾਣਗੇ।


# ਅਜੇ ਸਰਬ ਗਾਹਟ ਵਲੋਂ 'ਬਾਡੀਗਾਰਡ' ਗੀਤ ਕੀਤਾ ਰਿਲੀਜ਼, ਸਰੋਤਿਆਂ ਦੀ ਬਣਿਆ ਪਹਿਲੀ ਪਸੰਦ ਦੋਗਾਣਾ




**ਹੁਸ਼ਿਆਰਪੁਰ /ਸ਼ਾਮ ਚੁਰਾਸੀ, (ਕੁਲਦੀਪ ਚੁੰਬਰ)**– ਦਵਿੰਦਰ ਰੂਹੀ ਤੇ ਸੁਦੇਸ਼ ਕੁਮਾਰੀ ਵਲੋਂ ਗਾਇਆ ਗਿਆ ਗੀਤ 'ਬਾਡੀਗਾਰਡ' ਪ੍ਰਮੋਟਰ ਅਜੇ ਸਰਬ ਗਾਹਟ, ਮਿਸਟਰ ਪੌਲ, ਕੁਲਦੀਪ ਦੋਸਾਂਝ ਵਲੋਂ ਸਾਂਝੇ ਤੌਰ ਤੇ ਰਿਲੀਜ਼ ਕੀਤਾ ਗਿਆ ਸ਼ੋਸ਼ਲ ਮੀਡੀਏ ਤੇ ਇਸ ਗੀਤ ਦੀ ਬੇਹੱਦ ਪ੍ਰਸੰਸ਼ਾ ਕੀਤੀ ਜਾ ਰਹੀ ਹੈ ਅਤੇ ਯੂ ਟਿਊਬ ਤੇ ਇਸ ਗੀਤ ਨੂੰ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ ਸਰੋਤਿਆਂ ਦੀ ਇਹ ਗੀਤ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਇਸ ਰਿਲੀਜ਼ ਸਮਾਗਮ ਮੌਕੇ ਗਾਇਕ ਦਵਿੰਦਰ ਰੂਹੀ, ਦਵਿੰਦਰ ਬੀਸਲਾ , ਵਰਿੰਦਰ ਸੋਂਧੀ, ਬੰਟੀ ਬੀਸਲਾ, ਰਾਜਿੰਦਰ ਸਿੰਘ, ਗਗਨਦੀਪ, ਸੰਤੋਖ ਰਾਮ, ਸੁਰਜੀਤ, ਜਸਵੀਰ ਨਿ-ਗ੍ਰਾਹ, ਮੋਨੂੰ ਅਤੇ ਆਸ਼ੂ ਹਾਜ਼ਰ ਹੋਏ ਇਸ ਗੀਤ ਲਈ ਪ੍ਰਮੋਟਰ ਬਿੱਲ ਬਸਰਾ ਕੈਨੇਡਾ, ਅਜੇ ਸਰਬ ਗਾਹਟ ਕੈਨੇਡਾ ,ਕੁਲਵਿੰਦਰ ਬਿੱਟੂ ਭਰੋਮਜਾਰਾ ਕੈਨੇਡਾ, ਹਰੀ ਸਿੰਘ ਅਜਮਾਨ, ਅਵਤਾਰ ਮੱਲ ਯੂ ਐਸ ਏ, ਅਸ਼ੋਕ ਕੁਮਾਰ ਨੌਰਥ ਕੈਨੇਡਾ, ਰਾਜਿੰਦਰ ਸਿੰਘ, ਕਮਲ ਮੇਹਟ ਗੀਤਕਾਰਤੇ ਪੇਸ਼ਕਾਰ, ਗਾਇਕਾ ਸੁਦੇਸ਼ ਕੁਮ-ਾਰੀ, ਕੁਲਦੀਪ ਚੁੰਬਰ ਵਧਾਈ ਦੇ ਪਾਤਰ ਹਨ।

# ਪੰਜਾਬ ਸਰਕਾਰ, ਪਟਵਾਰੀ/ ਕਾਨੂੰਗੋ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰੇ- ਜੱਸੀ

ਸਮੁੱਚੇ ਪੰਜਾਬ ਵਿਚ ਪਟਵਾਰੀ ਤੇ ਕਾਨੂੰਗੋ ਲਗਾਤਾਰ ਸੇਵਾ-ਮੁਕਤ ਹੋ ਰਹੇ ਹਨ ਪਰ ਨਵੀਂ ਭਰਤੀ ਨਾ ਹੋਣ ਕਾਰਨ ਮਾਲ ਮਹਿਕਮੇ ਦਾ ਕੰਮ ਕਾਜ ਬੁਰੀ ਤਰ੍ਹਾਂ ਲਗਾਤਾਰ ਪ੍ਰਭਾਵਿਤ ਹੋ ਰਿਹਾ ਹੈ ਜਿਸ ਬਾਰੇ ਸਰਕਾਰੀ ਨੂੰ ਹਮਦਰਦੀ ਪੂਰਵਕ ਪਟਵਾਰੀ /ਕਾਨੂੰਗੋ ਯੂਨੀਅਨ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਪਬਲਿਕ ਨੂੰ ਹੋ ਰਹੀਆਂ ਪ੍ਰੇਸ਼ਾਨੀਆਂ ਤੋਂ ਬਚਾਇਆ ਜਾ ਸਕੇ ਇਨ੍ਹਾਂ ਸਾਬਕਾ ਦਾ ਪ੍ਰਗਟਾਵਾ ਪੰਚਾਇਤ ਯੂਨੀਅਨ ਬੰਗਾ ਦੇ ਪ੍ਰਧਾਨ ਸ੍ਰੀ ਸੰਤੋਖ ਜੱਸੀ ਨੇ ਕਰਦਿਆਂ ਕਿਹਾ ਕਿ ਬੰਗਾ ਤਹਿਸੀਲ ਵਿਚ 46 ਪਟਵਾਰੀਆਂ ਦੀ ਲੋੜ ਹੈ ਜਦ ਕਿ 37 ਹਲਕੇ ਖਾਲੀ ਹਨ। ਇਸੇ ਤਰ੍ਹਾਂ ਕੁੱਲ 5 ਕਾਨੂੰਗੋ ਹਲਕੇ ਹਨ ਤੇ 3 ਹਲਕੇ ਖਾਲੀ ਹਨ। ਜਿਸ ਕਾਰਨ ਪਟਵਾਰੀ ਤੇ ਕਾਨੂੰਗੋ ਵਰਗ ਤੇ ਕੰਮ ਦਾ ਬਹੁਤ ਬੋਝ ਪੈ ਰਿਹਾ ਹੈ। ਬੰਗਾ ਵਿਖੇ ਤਾਂ ' ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਨੇ 'ਪਬਲਿਕ ਨੋਟਿਸ' ਹੀ ਪੱਕੇ ਤੌਰ ਤੇ ਲਗਾ ਦਿੱਤਾ ਹੈ ਅਤੇ ਆਪਣੀਆਂ ਮੰਗਾਂ ਪਬਲਿਕ ਨਾਲ ਸਾਂਝੀਆਂ ਕੀਤੀਆਂ ਹਨ । ਸ੍ਰੀ ਜੱਸੀ ਨੇ ਪੰਜਾਬ ਸਰਕਾਰ ਤੇ ਮਾਲ ਮੰਤਰੀ ਪਾਸੋਂ ਮੰਗ ਕੀਤੀ ਕਿ ਇਨ੍ਹਾਂ ਮੰਗਾਂ ਵੱਲ ਤੁਰੰਤ ਧਿਆਨ ਦੇ ਕੇ ਨਵੀਂ ਭਰਤੀ ਕੀਤੀ ਜਾਵੇ ਉਨ੍ਹਾਂ ਪੰਚਾਇਤ ਯੂਨੀਅਨ ਵੱਲੋਂ ਆਪਣੇ ਸਮਰਥਨ ਦਾ ਵਾਅਦਾ ਕੀਤਾ।

# ਸਿੱਖ ਸੰਸਥਾਵਾਂ ਬਣੀਆਂ ਕੋਰੋਨਾ ਪੀੜਤਾਂ ਦੀਆਂ ਮੱਦਦਗਾਰ

**ਨਵੀਂ ਦਿੱਲੀ** – ਕੋਰੋਨਾ ਮਹਾਮਾਰੀ ਕਾਰਨ ਭਾਰਤ ਦਾ ਸਿਹਤ ਢਾਂਚਾ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਗਿਆ ਹੈ। ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਹਸਪਤਾਲਾਂ 'ਚ ਆਈ ਸੀ ਯੂ ਬੈੱਡਾਂ ਦੀ ਘਾਟ ਹੋ ਗਈ ਹੈ। ਜੇਕਰ ਬੈੱਡ ਮਿਲ ਰਿਹਾ ਹੈ ਤਾਂ ਆਕਸੀਜਨ ਨਹੀਂ ਹੈ। ਸ਼ਮਸ਼ਾਨਘਾਟਾਂ ਤੇ ਕਬਰਸਤਾਨਾਂ 'ਚ ਦਰਦਨਾਕ ਮਾਹੌਲ ਬਣਿਆ ਹੋਇਆ ਹੈ। ਇਸ ਔਖੀ ਘੜੀ ਵਿਚ ਸਿੱਖ ਭਾਈਚਾਰਾ ਲੋੜਵੰਦਾਂ ਦੀ ਮਦਦ ਲਈ ਅੱਗੇ ਆਇਆ ਹੈ। ਇੰਦਰਾਪੁਰਮ ਦਿੱਲੀ ਅਤੇ ਗਾਜ਼ੀਆਬਾਦ ਦੇ ਗੁਰਦੁਆਰੇ ਦੇ ਪ੍ਰਬੰਧਕ ਆਕਸੀਜਨ ਦੇ ਪ੍ਰਬੰਧ ਦੀ ਸੇਵਾ ਰਾਹੀਂ ਹਜ਼ਾਰਾਂ ਮਰੀਜ਼ਾਂ ਦੀ ਜਾਨ ਬਚਾ ਕੇ ਮਿਸਾਲ ਬਣ ਰਹੇ ਹਨ। 'ਖਾਲਸਾ ਏਡ' ਸੰਸਥਾ ਵੱਲੋਂ ਵਲੰਟੀਅਰਾਂ ਰਾਹੀਂ ਆਕਸੀਜਨ ਦੀਆਂ ਮਸ਼ੀਨਾਂ ਲੋੜਵੰਦਾਂ ਤੱਕ ਘਰ-ਘਰ ਪਹੁੰਚਾਈਆਂ ਜਾ ਰਹੀਆਂ ਹਨ। 'ਵਾਈਸ ਆਫ ਵਾਈਸ' ਸੰਸਥਾ ਵੱਲੋਂ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਆਕਸੀਜਨ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ ਤਾਂ ਕਿ ਗੱਡੀਆਂ 'ਚ ਜਾ ਰਹੇ ਮਰੀਜ਼ਾਂ ਨੂੰ ਲੋੜ ਪੈਣ ਉਤੇ ਤੁਰਤ ਆਕਸੀਜਨ ਮੁਹੱਈਆ ਕਰਵਾਈ ਜਾ ਸਕੇ। 'ਖਾਲਸਾ ਅਕਾਲ ਪੁਰਖ ਦੀ ਫ਼ੌਜ' ਸੰਸਥਾ ਵੱਲੋਂ 200 ਸਿਲੰਡਰਾਂ ਰਾਹੀਂ ਆਕਸੀਜਨ ਪਹੁੰਚਾਉਣ ਦੀ ਸੇਵਾ ਕੀਤੀ ਜਾ ਰਹੀ ਹੈ। ਸ਼ਹੀਦ ਭਗਤ ਸਿੰਘ ਸੇਵਾ ਦਲ, ਯੂਨ-ਾਈਟਿਡ ਸਿੱਖਸ ਤੇ ਹੋਰਨਾਂ ਵੱਲੋਂ ਕਰੋਨਾ ਦੇ ਮ੍ਰਿਤਕ ਸਰੀਰਾਂ ਦੇ ਸਸਕਾਰ ਦੀ ਸੇਵਾ ਨਿਭਾਈ ਜਾ ਰਹੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ 'ਚ ਹੋਰ ਸਿੱਖ ਤੇ ਦੂਜੀਆਂ ਸੰਸਥਾਵਾਂ ਸਮੇਤ ਆਪਣੇ ਆਪਣੇ ਪੱਧਰ ਉਤੇ ਸੇਵਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ ਦਿੱਲੀ, ਜਾਗੋ, ਪੰਥਕ ਅਕਾਲੀ ਲਹਿਰ ਤੇ ਹੋਰਨਾਂ ਵਲੋਂ ਵੀ ਲੰਗਰ ਸਮੇਤ ਲੋੜਵੰਦਾਂ ਤੱਕ ਹੋਰ ਸੇਵਾ ਪਹੁੰਚਾਈ ਜਾ ਰਹੀ ਹੈ। ਖਾਲਸਾ ਏਡ ਇੰਡੀਆ ਦੇ ਇੰਚਾਰਜ ਅਮਨਪ੍ਰੀਤ ਸਿੰਘ ਮੁਤਾਬਕ ਆਕਸੀਜਨ ਦੀਆਂ 300 ਮਸ਼ੀਨਾਂ (ਈਵੋਕਸ ਆਕਸੀਜਨ ਕੰਸਟ੍ਰੇ-ਟਰਸ) ਦਾ ਆਰਡਰ ਦਿੱਤਾ ਹੋਇਆ ਹੈ। 26 ਅਪਰੈਲ ਤੱਕ 65 ਮਸ਼ੀਨਾਂ ਦਿੱਲੀ 'ਚ ਕੰਮ ਕਰ ਰਹੀਆਂ ਸਨ ਅਤੇ ਹਰ ਦੂਜੇ ਦਿਨ 30-40 ਮਸ਼ੀਨਾਂ ਹੋਰ ਆਉਂਦੀਆਂ ਜਾਣਗੀਆਂ। ਇਸ ਮਸ਼ੀਨ 'ਚ ਆਕਸੀਜਨ ਮੁੱਕਣ ਦੀ ਸਮੱਸਿਆ ਹੀ ਨਹੀਂ ਹੈ, ਕਿਉਂਕਿ ਇਹ ਮਸ਼ੀਨ ਖੁਦ ਹੀ ਆਕਸੀਜਨ ਬਣਾਉਂਦੀ ਹੈ। ਜਾਰੀ ਕੀਤੇ ਗਏ ਹੈਲਪਲਾਈਨ ਨੰਬਰਾਂ ਰਾਹੀਂ ਸਬੰਧਤ ਮਰੀਜ਼ਾਂ ਦੇ ਘਰ ਵਲੰਟੀਅਰਾਂ ਰਾਹੀਂ ਮਸ਼ੀਨਾਂ ਪਹੁੰਚਾਈਆਂ ਜਾਂਦੀਆਂ ਹਨ।

# ਸਕਾਟਲੈਂਡ: ਕੁੱਝ ਦੇਸ਼ਾਂ ਲਈ ਦਿੱਤੀ ਜਾ ਸਕਦੀ ਹੈ ਇਕਾਂਤਵਾਸ ਰਹਿਤ ਯਾਤਰਾ ਦੀ ਆਗਿਆ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**– ਸਕਾਟਲੈਂਡ ਵਿੱਚ ਸਰਕਾਰ ਲੋਕਾਂ ਨੂੰ ਕੁੱਝ ਦੇਸ਼ਾਂ ਲਈ ਵਾਪਸੀ 'ਤੇ ਇਕ-ਾਂਤਵਾਸ ਹੋਣ ਦੀ ਜ਼ਰੂਰਤ ਤੋਂ ਬਿਨਾਂ ਯਾਤਰਾ ਕਰਨ ਦੀ ਆਗਿਆ ਦੇ ਸਕਦੀ ਹੈ। ਇਹ ਯੋਜਨਾ ਇੰਗਲੈਂਡ ਦੀ ਤਰਜ਼ 'ਤੇ ਇੱਕ ਟ੍ਰੈਫਿਕ ਲਾਈਟ ਪ੍ਰਣਾਲੀ ਦਾ ਹਿੱਸਾ ਹੋਵੇਗੀ ਜੋ ਕਿ 24 ਮਈ ਤੋਂ ਲਾਗੂ ਹੋ ਸਕਦਾ ਹੈ। ਇਸਦੇ ਤਹਿਤ ਦੇਸ਼ਾਂ ਨੂੰ ਹਰੇ, ਪੀਲੇ ਅਤੇ ਲਾਲ ਰੰਗਾਂ ਵਿੱਚ ਸ਼੍ਰੇਣੀਬੱਧ ਕੀਤਾ ਜਾਵੇਗਾ ਅਤੇ ਹਰ ਚਾਰ ਹਫ਼ਤਿਆਂ ਵਿੱਚ ਇਹਨਾਂ ਦੀ ਸਮੀਖਿਆ ਵੀ ਕੀਤੀ ਜਾਵੇਗੀ। ਇਸ ਯੋਜਨਾ ਲਈ ਸਕਾਟਿਸ਼ ਸਰਕਾਰ ਦੁਆਰਾ ਕੋਵਿਡ ਬ੍ਰੀ-ਫਿੰਗ ਮੰਗਲਵਾਰ ਨੂੰ ਹੋ ਸਕਦੀ ਹੈ। ਜੇਕਰ ਇਹ ਪ੍ਰਣਾਲੀ ਇੰਗਲੈਂਡ ਵਰਗੀ ਹੋਵ-ੇਗੀ ਤਾਂ ਦੇਸ਼ਾਂ ਦਾ ਸ਼੍ਰੇਣੀਕਰਨ ਕੋਵਿਡ ਦੇ ਕੇਸਾਂ ਅਤੇ ਟੀਕੇ ਦੀਆਂ ਦਰਾਂ ਦੋਵਾਂ ਦੇ ਅਧਾਰ 'ਤੇ ਹੋਵੇਗਾ। ਜਿੱਥੇ ਹਰੀ ਸੂਚੀ 17 ਮਈ ਤੋਂ ਕਾਰਜਸ਼ੀਲ ਹੈ , ਜਿਸ ਵਿੱਚ ਪੁਰਤਗਾਲ, ਇਜ਼ਰਾਈਲ, ਸਿੰਗਾ-




ਪੁਰ, ਆਸਟਰੇਲੀਆ, ਨਿਊਜ਼ੀਲੈਂਡ, ਬਰੂਨੇਈ, ਆਈਸਲੈਂਡ, ਜਿਬਰ-ਾਲਟਰ, ਫਾਕਲੈਂਡ ਆਈਲੈਂਡਜ਼, ਫੈਰੋ ਆਈਲੈਂਡਜ਼, ਦੱਖਣੀ ਜਾਰਜੀਆ ਅਤੇ ਸੈਂਡਵਿਚ ਆਈਲੈਂਡਸ, ਸੇਂਟ ਹੇਲੇਨਾ, ਟ੍ਰਿਸਟਨ ਡੀ ਕੁਨਹਾ ਅਤੇ ਅਸੈਂ-ਸ਼ਨ ਆਦਿ ਦੇਸ਼ ਸ਼ਾਮਿਲ ਹਨ। ਹਾਲਾਂਕਿ ਯਾਤਰੀ ਲੋਕੇਟਰ ਫਾਰਮ ਜ਼ਰੂਰੀ ਹੈ ਅਤੇ ਰਵਾਨਗੀ ਤੋਂ ਪਹਿਲਾਂ ਟੈਸਟਿੰਗ ਵੀ ਜ਼ਰੂਰੀ ਹੈ ਪਰ ਵਾਪਸੀ ਵੇਲੇ ਕਿਸੇ ਵੀ ਹੋਟਲ ਦੀ ਜਾਂ ਵੱਖਰੀ ਇਕਾਂਤਵਾਸ ਦੀ ਜ਼ਰੂਰਤ ਨਹੀਂ ਹੈ। ਇਸ ਸਮੇਂ ਲੋਕ ਸਕਾਟ-ਲੈਂਡ ਵਿੱਚ ਕਿਤੇ ਵੀ ਯਾਤਰਾ ਕਰ ਸਕਦੇ ਹਨ ਅਤੇ ਹੋਲੀਡੇਅ ਰਿਹਾਇਸ਼ ਵਿੱਚ ਰੁਕ ਸਕਦੇ ਹਨ ਪਰ ਉਹ ਕਿਸੇ ਹੋਰ ਦੇ ਘਰ ਵਿੱਚ ਰਾਤ ਨਹੀਂ ਰਹਿ ਸਕਦੇ। ਇਸਦੇ ਇਲਾਵਾ ਇੰਗਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਦੀ ਯਾਤਰਾ ਦੀ ਵੀ ਆਗਿਆ ਹੈ।

# ਯੂਕੇ ਨੇ ਕੋਵਿਡ ਪ੍ਰਤੀ ਚੇਤਾਵਨੀ ਪੱਧਰ ਨੂੰ ਕੀਤਾ ਘੱਟ, ਜਲਦੀ ਹੀ ਪੈਣਗੀਆਂ ਜੱਫੀਆਂ, ਖੜਕਣਗੇ ਪਿਆਲੇ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**– ਯੂਕੇ ਵਿੱਚ ਕੋਰੋਨਾ ਵਾਇਰਸ ਦੀ ਲਾਗ ਦੇ ਘਟ ਰਹੇ ਮਾਮਲਿਆਂ ਅਤੇ ਚੱਲ ਰਹੀ ਟੀਕਾਕਰਨ ਪ੍ਰਕਿਰਿਆ ਦੇ ਤਹਿਤ ਵਾਇਰਸ ਪ੍ਰਤੀ ਚੇਤਾਵਨੀ ਪੱਧਰ ਨੂੰ ਘੱਟ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਆਉਣ ਵਾਲੇ ਸੋਮਵਾਰ ਨੂੰ ਤਾਲਾਬੰਦੀ ਨੂੰ ਸੌਖਾ ਕਰਨ ਦੇ ਅਗਲੇ ਪੜਾਅ ਨੂੰ ਸ਼ੁਰੂ ਕਰਨਗੇ, ਜਿਸ ਵਿੱਚ ਸਾਵਧਾਨੀ ਤਹਿਤ ਗਲਵੱਕੜੀ ਪਾਉਣ ਨੂੰ ਹਰੀ ਝੰਡੀ ਮਿਲੇਗੀ ਅਤੇ ਮਹੀਨਿਆਂ ਦੀਆਂ ਸਖਤ ਪਾਬੰਦੀਆਂ ਦੇ ਬਾਅਦ ਪੱਬਾਂ ਅੰਦਰ ਸ਼ਰਾਬ ਦੀ ਸੇਵਾ ਵੀ ਕੀਤੀ ਜਾਵੇਗੀ। ਤਾਲਾਬੰਦੀ ਵਿੱਚ ਪੜਾਅਵਾਰ ਦਿੱਤੀ ਜਾਣ ਵਾਲੀ ਢਿੱਲ ਦਾ ਅਗਲਾ ਪੜਾਅ ਜੋ ਕਿ 17 ਮਈ ਤੋਂ ਸ਼ੁਰੂ ਹੋਵੇਗਾ। ਇਸ ਢਿੱਲ ਬਾਰੇ ਸਰਕਾਰ ਵੱਲੋਂ ਕਦਮ ਦੇਸ਼ ਦੇ ਮੁੱਖ ਮੈਡੀਕਲ ਅਫਸਰਾਂ ਵੱਲੋਂ ਕੋਵਿਡ ਚੇਤਾਵਨੀ ਦੇ ਪੱਧਰ ਨੂੰ ਘਟਾਉਣ ਤੋਂ ਬਾਅਦ ਪੁੱਟਿਆ ਗਿਆ ਹੈ, ਜਿਸਦਾ ਮਤਲਬ ਹੈ ਕਿ



ਮਹਾਂਮਾਰੀ ਹੁਣ ਆਮ ਤੌਰ 'ਤੇ ਚਲ ਰਹੀ ਹੈ, ਪਰ ਇਸਦਾ ਫੈਲਾਅ ਥੰਮ ਰਿਹਾ ਹੈ। ਸਰਕਾਰ ਵੱਲੋਂ ਪਿਛਲੇ ਸਾਲ ਜਾਨ-ਲੇਵਾ ਵਾਇਰਸ ਦੀ ਲਾਗ ਨੂੰ ਕੰਟਰੋਲ ਵਿੱਚ ਰੱਖਣ ਲਈ ਪੰਜ-ਪੱਧਰੀ ਚੇਤਾਵਨੀ ਪ੍ਰਣਾਲੀ ਤਿਆਰ ਕੀਤੀ ਗਈ ਸੀ।

ਯੂਕੇ ਦੇ ਮੈਡੀਕਲ ਮਾਹਿਰਾਂ ਨੇ ਅਨੁਸਾਰ ਦੇਸ਼ ਵਿੱਚ ਸਮਾਜਿਕ ਦੂਰੀ ਅਤੇ ਤੇਜ਼ੀ ਨਾਲ ਸ਼ੁਰੂ ਹੋਏ ਟੀਕਾਕਰਨ ਨੇ ਕੋਵਿਡ ਕੇਸਾਂ ਅਤੇ ਰੋਜ਼ਾਨਾ ਦੀਆਂ ਮੌਤਾਂ ਨੂੰ ਤੇਜ਼ੀ ਨਾਲ ਹੇਠਾਂ ਲਿਆਉਣ ਵਿੱਚ ਮੱਦਦ ਕੀਤੀ ਹੈ, ਪਰ ਇਸਦੇ ਬਾਵਜੂਦ ਵੀ ਵਾਇਰਸ ਪ੍ਰਤੀ ਸਾਵਧਾਨੀਆਂ ਵਰਤਣ ਦੀ ਜਰੂਰਤ ਹੈ। ਸਰਕਾਰ ਵੱਲੋਂ 17 ਮਈ ਤੋਂ ਲੋਕਾਂ ਨੂੰ ਮਹੀਨਿਆਂ ਬਾਅਦ ਪਹਿਲੀ ਵਾਰ ਘਰ ਦੇ ਅੰਦਰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇਗੀ। ਪੱਬ, ਕੈਫੇ ਅਤੇ ਰੈਸਟੋਰੈਂਟ ਗ੍ਰਾਹਕਾਂ ਨੂੰ ਅੰਦਰ ਬਿਠਾ ਕੇ ਮੇਜ਼ਬਾਨੀ ਕਰਨ ਦੇ ਯੋਗ ਹੋ ਜਾਣਗੇ।

# ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਇਤਿਹਾਸਕ ਮੰਦਰ ਦੇਹਰਾ ਚੱਕ ਹਕੀਮ ਫ਼ਗਵਾੜਾ ਨੂੰ ਹੈਰੀਟੇਜ ਬਣਾਉਣ ਲਈ ਭਾਰਤ ਸਰਕਾਰ ਨਾਲ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ : ਸ਼ਵੇਤ ਮਲਿਕ






**ਫ਼ਗਵਾੜਾ (ਬਿਊਰੋ)–** ਇਤਿਹਾਸਕ ਦੇਹਰਾ ਸ਼੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ (ਫ਼ਗਵਾੜਾ) ਪੰਜਾਬ. ਚਰਨ ਛੋਹ ਪ੍ਰਾਪਤ ਧਰਤੀ ਸਤਗੁਰੂ ਸ਼੍ਰੀ ਰਵਿਦਾਸ ਮਹਾਰਾਜ ਜੀ ਸਤਗੁਰੂ ਸ਼੍ਰੀ ਕਬੀਰ ਮਹਾਰਾਜ ਜੀ ਕੀ ਵਿਖੇ ਰਾਜ ਸਭਾ ਮੈਂਬਰ ਸ਼੍ਰੀ ਸ਼ਵੇਤ ਮਲਿਕ ਜੀ ਨਕਮਸਤਕ ਹੋਣ ਲਈ ਪਹੁੰਚੇ ਉਹਨਾ ਕਿਹਾ ਇਸ ਪਾਵਨ ਪਵਿੱਤਰ ਧਰਤੀ ਨੂੰ ਹੈਰੀਟੇਜ ਬਣਾਉਣ ਲਈ ਭਾਰਤ ਸਰਕਾਰ ਨਾਲ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ ਇਸ ਮੋਕੇ ਸ਼੍ਰੀ ਮਹੰਤ ਪ੍ਰਸ਼ੋਤਮ ਦਾਸ ਜੀ ਚੇਅਰਮੈਨ ਦੇਹਰਾ ਸ਼੍ਰੀ ਗੁਰੂ ਰਵਿਦਾਸ ਮੰਦਰ ਵੈਲਫੇਅਰ ਐਸੋਸੀਸ਼ਨ ਚੱਕ ਹਕੀਮ (ਰਜਿਸਟਰ) ਫ਼ਗਵਾੜਾ. ਪੰਜਾਬ, ਸ਼੍ਰੀ ਪ੍ਰਮੋਦ ਜੀ, ਰਾਜੇਸ਼ ਬਾਘਾ, ਤੇਜਸ਼ਵੀ ਭਾਰਦਵਾਜ, ਪੰਕਚ ਚਾਵਲਾ, ਅਸ਼ੋਕ ਦੁੱਗਲ, ਆਸ਼ੂ ਸਾਪਲਾ, ਸੰਜੀਵ ਕੁਮਾਰ ਸੋਨੂੰ ਆਦਿ ਵੱਲੋ ਉਹਨਾ ਨੂੰ ਸਿਰੋਪਾ ਦੇ ਸਨਮਾਨਿਤ ਕੀਤਾ ਗਿਆ।

# ਕੌਮਾਂਤਰੀ ਨਰਸ ਦਿਵਸ ਤੇ ਐਨ ਐਚ ਐਮ ਮੁਲਾਜ਼ਮਾਂ ਨੂੰ ਕੈਪਟਨ ਸਰਕਾਰ ਵੱਲੋਂ ਬਰਖਾਸਤ ਕਰਨ ਤੇ ਰਾਜੇਸ਼ ਬਾਘਾ ਵੱਲੋਂ ਨਿੰਦਾ ਕੀਤੀ

ਲੰਬੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ ਉੱਤੇ ਉਹ ਵੀ ਠੇਕੇ ਤੇ ਆਪਣੀ ਜਾਨ ਜੋਖ਼ਮ ਵਿੱਚ ਸਿਹਤ ਵਿਭਾਗ ਚ ਕੰਮ ਕਰ ਰਹੇ ਐਨ ਐਚ ਐਮ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਥਾਂ ਮੁਲਾਜ਼ਮਾਂ ਨੂੰ ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਨੌਕਰੀ ਤੋਂ ਬਰਖਾਸਤ ਕਰਨ ਦੀ ਰਾਜੇਸ਼ ਬਾਘਾ ਉਪ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ ਨੇ ਕਰੜੇ ਸ਼ਬਦਾਂ 'ਚ ਨਿਖੇਧੀ ਕਰਦਿਆਂ ਬਰਖਾਸਤ ਮੁਲਾਜ਼ਮਾਂ ਨੂੰ ਤੁਰੰਤ ਬਹਾਲ ਕਰਨ ਅਤੇ ਸਮੂਹ ਐਨ ਐਚ ਐਮ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਉੱਤੇ ਰੈਗੂਲਰ ਕਰਨ ਦੀ ਮੰਗ ਕੀਤੀ ਹੈ। ਰਾਜੇਸ਼ ਬਾਘਾ ਵੱਲੋਂ ਜਾਰੀ ਕੀਤੇ ਗਏ ਬਿਆਨ ਰਾਹੀਂ ਦੋਸ਼ ਲਾਇਆ ਗਿਆ ਹੈ ਕਿ ਪੂਰੀ ਤਨਖਾਹ ਉਤੇ ਪੱਕੇ ਕਰਨ ਦੀ ਮੰਗ ਨੂੰ ਲੈ ਕੇ ਬੀਤੇ ਕਈ ਦਿਨਾਂ ਤੋਂ ਹੜਤਾਲ ਉੱਤੇ ਚੱਲ ਰਹੇ ਇਨ੍ਹਾਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰਨ ਦੀ ਥਾਂ ਕਾਂਗਰਸ ਪਾਰਟੀ ਦੀ ਕੈਪਟਨ ਸਰਕਾਰ ਵੱਲੋਂ ਤਾਨਾਸ਼ਾਹ ਰਵੱਈਆ



ਅਪਨਾਉਂਦਿਆਂ ਕਰੋਨਾ ਦੀ ਆੜ ਹੇਠ ਲੋਕ ਹਿੱਤਾਂ ਦੇ ਬਹਾਨੇ ਮੁਲਾਜ਼ਮਾਂ ਨੂੰ ਬਰਖਾਸਤ ਕਰ ਦਿੱਤਾ ਗਿਆ ਜੋ ਪੂਰੀ ਤਰ੍ਹਾਂ ਗੈਰ ਵਾਜਿਬ ਹੈ। ਅਤੇ ਸੰਘਰਸ਼ ਕਰਨ ਦੇ ਜਹੂਰੀ ਹੱਕਾਂ ਦਾ ਘਾਣ ਹੈ।

ਰਾਜੇਸ਼ ਬਾਘਾ ਦਾ ਕਹਿਣਾ ਹੈ। ਹੜਤਾਲੀ ਮੁਲਾਜ਼ਮਾਂ ਨੂੰ ਬਰਖਾਸਤ ਕਰਨ ਦਾ ਫੈਸਲਾ ਬਿਨਾਂ ਸ਼ਰਤ ਵਾਪਸ ਲਿਆ ਜਾਵੇ , ਸਮੂਹ ਸਿਹਤ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਹਸਪਤਾਲਾਂ ਚ ਡਾਕਟਰਾਂ, ਸਟਾਫ਼ ਨਰਸਾਂ ਸਮੇਤ ਪੈਰਾ ਮੈਡੀਕਲ ਮੁਲਾਜ਼ਮਾਂ, ਸਫ਼ਾਈ ਸੇਵਕਾਂ ਦੀਆਂ ਸਾਰੀਆਂ ਖਾਲੀ ਅਸਾਮੀਆਂ ਉੱਤੇ ਰੈਗੂਲਰ ਭਰਤੀ ਕੀਤੀ ਜਾਵੇ ਅਤੇ ਲੋੜ ਅਨੁਸਾਰ ਨਵੀਆਂ ਪੋਸਟਾਂ ਵੀ ਕੱਢੀਆਂ ਜਾਣ। ਸਰਕਾਰੀ ਹਸਪਤਾਲਾਂ, ਬੈੱਡਾਂ, ਵੈਂਟੀਲੇਟਰਾਂ, ਦਵਾਈਆਂ ਤੇ ਆਕਸੀਜਨ ਆਦਿ ਦੀ ਥੁੜ ਤੁਰੰਤ ਪੂਰੀ ਕੀਤੀ ਜਾਵੇ। ਪ੍ਰਾਈਵੇਟ ਹਸਪਤਾਲਾਂ ਵੱਲੋਂ ਕਰੋਨਾ ਪੀੜਤ ਪਰਿਵਾਰਾਂ ਦੀ ਕੀਤੀ ਜਾ ਰਹੀ ਅੰਨ੍ਹੀ ਲੁੱਟ ਬੰਦ ਕੀਤੀ ਜਾਵੇ ਅਤੇ ਵੱਡੇ ਪ੍ਰਾਈਵੇਟ ਹਸਪਤਾਲਾਂ ਨੂੰ ਸਰਕਾਰੀ ਹੱਥਾਂ ਚ ਲੈ ਕੇ ਕਰੋਨਾ ਪੀੜਤਾਂ ਦੇ ਮੁਫ਼ਤ ਇਲਾਜ ਦੀ ਗਰੰਟੀ ਕੀਤੀ ਜਾਵੇ। ਸਿਹਤ ਸੇਵਾਵਾਂ ਦੇ ਵਿਸਥਾਰ ਲਈ ਵੱਡੇ ਪੱਧਰ ਤੇ ਬਜਟ ਜਾਰੀ ਕੀਤਾ ਜਾਵੇ।

# ਪ੍ਰਿੰਸੀਪਲ ਸੁਲੱਖਣ ਮੀਤ ਦਾ ਸਦੀਵੀ ਵਿਛੋੜਾ



ਮਸ਼ਹੂਰ ਗ਼ਜ਼ਲਗੋ ਪ੍ਰਿੰਸੀਪਲ ਸੁਲੱਖਣ ਮੀਤ ਸਦੀਵੀ ਵਿਛੋੜਾ ਦੇ ਗਏ ਹਨ। ਉਹ 15.05.1938 ਨੂੰ ਮਿੰਟਗੁਮਰੀ ਪਾਕਿਸਤਾਨ ਵਿਖੇ ਜਨਮੇ ਸਨ ਅਤੇ ਦੇਸ਼ ਦੀ ਵੰਡ ਉਪਰੰਤ ਸੰਗਰੂਰ ਵਿਖੇ ਰਹਿਣ ਲੱਗੇ। ਉਹ ਸਾਰੀ ਉਮਰ ਅਧਿਆਪਨ ਕਾਰਜ ਅਤੇ ਸਾਹਿਤ ਸਿਰਜਣਾ ਨਾਲ ਜੁੜੇ ਰਹੇ ਅਤੇ ਸ਼ਹੀਦ ਊਦਮ ਸਿੰਘ ਕਾਲਜ, ਸੁਨਾਮ ਤੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਉਨ੍ਹਾਂ ਗ਼ਜ਼ਲ, ਕਵਿਤਾ, ਨਿਬੰਧ ਅਤੇ ਕਹਾਣੀਆਂ ਰਚਦੇ ਹੋਏ ਪੰਜ ਦਰਜਨ ਕਿਤਾਬਾਂ ਸਾਹਿਤ ਜਗਤ ਨੂੰ ਭੇਟ ਕੀਤੀਆਂ, ਜਿਨ੍ਹਾਂ ਵਿਚੋਂ 'ਸੁੱਚਾ ਫੁੱਲ', 'ਬੇਗਾਨੀ ਧੁੱਪ', 'ਇਕ ਹੰਝੂ ਹੋਰ', 'ਇੱਜਤਾਂ ਵਾਲੇ', 'ਗੋਲ ਫਰੇਮ' ਅਤੇ 'ਨਵੀਆਂ ਗੱਲਾਂ' ਸਾਹਿਤ ਜਗਤ ਵਿਚ ਬਹੁਤ ਸਰਾਹੀਆਂ ਗਈਆਂ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਪ੍ਰਿੰਸੀਪਲ ਸੁਲੱਖਣ ਮੀਤ ਦੇ ਸਦੀਵੀ ਵਿਛੋੜੇ ਉਤੇ ਉਨ੍ਹਾਂ ਦੇ ਪਰਿਵਾਰ ਅਤੇ ਸਨੇਹੀਆਂ ਨਾਲ ਹਾਰਦਿਕ ਸੰਵੇਦਨਾ ਸਾਂਝੀ ਕੀਤੀ ਹੈ।

**ਜਾਰੀ ਕਰਤਾ– ਡਾ. ਸੁਖਦੇਵ ਸਿੰਘ ਸਿਰਸਾ,**
**ਜਨਰਲ ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)**
**91-98156-36565**

# 46 ਜ਼ਿਲ੍ਹਾ ਪੰਚਾਇਤ, 250 ਤੋਂ ਜ਼ਿਆਦਾ ਪ੍ਰਧਾਨ ਅਤੇ 465 ਬੀਡੀਸੀ ਜਿੱਤ ਕੇ ਆਜ਼ਾਦ ਸਮਾਜ ਪਾਰਟੀ ਨੇ ਯੂ.ਪੀ. ਵਿਚ ਕੀਤੀ ਧਮਾਕੇਦਾਰ ਐਂਟਰੀ

**ਗਾਜੀਆਬਾਦ–** ਉਤਰ ਪ੍ਰਦੇਸ਼ ਦੇ ਨੌਜਵਾਨਾਂ ਨੇ ਤਿੰਨ ਪੱਧਰੀ ਪੰਚਾਇਤ ਚੋਣਾਂ ਦੇ ਜ਼ਰੀਏ ਚੰਦਰਸ਼ੇਖਰ ਨੂੰ ਟਾਈਮ ਮੈਗਜੀਨ ਦੁਆਰਾ ਉਹਨਾਂ ਨੂੰ ਦਿੱਤੇ ਗਏ 193 ਦੇਸ਼ਾਂ ਦੇ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਦੇ ਤਮਗੇ ਤੇ ਮੋਹਰ ਲਗਾ ਦਿੱਤੀ ਹੈ। ਚੰਦਰਸ਼ੇਖਰ ਨੂੰ ਭੀਮ ਆਰਮੀ ਅਤੇ ਉਹਨਾਂ ਦੀ ਨਵੀਂ ਬਣੀ ਆਜਾਦ ਸਮਾਜ ਪਾਰਟੀ (ਕਾਂਸ਼ੀਰਾਮ) ਨੂੰ ਪਹਿਲੀ ਹੀਚੋਣ ਵਿਚ ਨੌਜਵਾਨ ਬ੍ਰਿਗੇਡ ਨੇ ਬੰਪਰ ਸਫਲਤਾ ਦਿਵਾ ਕੇ ਆਪਣੇ ਜੋਸ਼ੀਲੇ ਇਰਾਦੇ ਸਾਫ ਕਰ ਦਿੱਤੇ ਹਨ। ਪੰਚਾਇਤ ਚੋਣਾਂ ਵਿਚ ਯੂ. ਪੀ. ਦੇ ਲੜਕਿਆਂ ਨੇ ਚੰਦਰਸ਼ੇਖਰ ਦੀ ਆਜਾਦ ਸਮਾਜ ਪਾਰਟੀ ਨੂੰ 46 ਜ਼ਿਲ੍ਹਾ ਪੰਚਾਇਤ, 250 ਤੋਂ ਜ਼ਿਆਦਾ ਪ੍ਰਧਾਨ ਅਤੇ 465 ਤੋਂ ਜਿਆਦਾ ਬੀਡੀਸੀ ਮੈਂਬਰ ਜਿਤਾ ਕੇ ਚੰਦਰਸ਼ੇਖਰ ਦੇ ਪ੍ਰਤੀ ਆਪਣੀ ਦੀਵਾਨਗੀ ਦਾ ਪ੍ਰਗਟਾਵਾ ਕਰ ਦਿੱਤਾ ਹੈ। ਵੈਸਟ ਯੂ. ਪੀ. ਦੇ ਸਹਾਰਨਪੁਰ, ਮੁਜੱਫਰਨਗਰ, ਬਿਜਨੌਰ, ਬਾਗਪਤ, ਅਲੀਗੜ੍ਹ ਵਰਗੇ ਜ਼ਿਲ੍ਹਿਆਂ ਵਿਚ ਸੰਗਠਨ ਨਿਰਮਾਣ ਦੀ



ਪੂਰੀ ਪ੍ਰਕਿਰਿਆ ਦੇ ਬਗੈਰ ਹੀ ਆਜਾਦ ਸਮਾਜ ਪਾਰਟੀ ਨੇ ਰਾਜਨੀਤੀ ਵਿਚ ਡੰਕਾ ਵਜਾ ਦਿੱਤਾ ਹੈ। ਇੱਥੇ ਬਿਜਨੌਰ ਜ਼ਿਲ੍ਹੇ ਵਿਚ 8, ਮੁਜੱਫਰਨਗਰ ਵਿਚ 6, ਅਲੀਗੜ੍ਹ ਵਿਚ 2 ਜਿਲਾ ਪੰਚਾਇਤ ਮੈਂਬਰ ਜਿਤਾ ਕੇ ਨੌਜਵਾਨਾਂ ਨੇ ਭਵਿੱਖ ਦੀ ਰਾਜਨੀਤੀ ਦੇ ਸਮੀਕਰਨ ਸਪਸ਼ਟ ਕਰ ਦਿੱਤੇ ਹਨ। ਗਾਜੀਆਬਾਦ, ਬੁਲੰਦਸ਼ਹਿਰ ਅਤੇ ਬਾਗਪਤ ਜ਼ਿਲ੍ਹਿਆਂ ਵਿਚ ਆਜਾਦ ਸਮਾਜ ਪਾਰਟੀ ਨੂੰ ਦਿੱਤੇ ਵੋਟ ਦੱਸਦੇ ਹਨ ਕਿ ਵੈਸਟ ਯੂ. ਪੀ. ਦੀ ਰਾਜਨੀਤੀ ਵਿਚ ਚੰਦਰਸ਼ੇਖਰ ਤੋਂ ਬਿਨਾਂ ਸਿਆਸੀ ਸਮੀਕਰਨ ਨਹੀਂ ਬਣ ਸਕਣਗੇ। ਬਾਗਪਤ ਵਰਗੇ ਜ਼ਿਲ੍ਹੇ ਵਿਚ ਜਿੱਥੇ ਸ਼ਿਕੋਹਪੁਰ ਪਿੰਡ ਮੁਖੀ ਅਤੇ ਬਾਵਲੀ ਪਿੰਡ ਵਿਚ ਨਿਰਵਿਰੋਧ ਜਿੱਤੇ ਬੀਡੀਸੀ ਵਿਕਾਸ ਮੌਰੀਆ ਦੇ ਨਾਲ ਹੀ ਬਾਵਲੀ ਵਰਗੇ ਵੱਡੇ ਪਿੰਡ ਵਿਚ ਸਿਰਫ 9 ਵੋਟਾਂ ਨਾਲ ਚੋਣ ਹਾਰੇ ਚੰਦਰਸ਼ੇਖਰ ਦੇ ਉਮੀਦਵਾਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਦਲਿਤ ਅਤੇ ਨੌਜਵਾਨਾਂ ਦੀ ਰਾਜਨੀਤੀ ਕਿਸ ਪਾਸੇ ਕਰਵਟ ਲੈਣ ਵਾਲੀ ਹੈ।

# ਗੰਗਾ ਵਿਚ ਮਿਲ ਰਹੀਆਂ ਹਨ ਸ਼ੱਕੀ ਕਰੋਨਾ ਮਰੀਜ਼ਾਂ ਦੀਆਂ ਲਾਸ਼ਾਂ

**ਪਟਨਾ–** ਬਿਹਾਰ ਵਿਚ ਲਾਸ਼ਾਂ ਗੰਗਾ ਨਦੀ ਵਿਚ ਗਲੀ ਸੜੀ ਹਾਲਤ 'ਚ ਤੈਰ ਰਹੀਆਂ ਮਿਲ ਰਹੀਆਂ ਹਨ, ਜਿਹਨਾਂ ਬਾਰੇ ਇਹ ਸ਼ੰਕਾ ਹੈ ਕਿ ਇਹ ਕਰੋਨਾ ਮਰੀਜ਼ਾਂ ਦੀਆਂ ਹਨ। ਉਤਰ ਪ੍ਰਦੇਸ਼ ਸਰਹੱਦਾਂ ਨਾਲ ਲੱਗਦੇ ਬਕਸਰ ਦੇ ਚੌਸਾ ਬਲਾਕ ਵਿਚਲੇ ਅਧਿ-ਕਾਰੀ ਖਬਰ ਸੁਣ ਕੇ ਮੌਕੇ ਤੇ ਪਹੁੰਚੇ। ਚੌਸਾ ਦੇ ਬੀਡੀਓ ਅਸ਼ੋਕ ਕੁਮਾਰ ਨੇ ਉਕਤ ਖਬਰ ਏਜੰਸੀ ਨੂੰ ਦੱਸਿਆ ਕਿ ਸਥਾਨਕ ਚੌਕੀਦਾਰ ਨੇ ਇੱਥੇ ਗੰਗਾ 'ਚ ਤੈਰ ਰਹੀਆਂ ਕਈ ਲਾਸ਼ਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਅਸੀਂ ਇਨ੍ਹਾਂ 'ਚੋਂ ਹੁਣ ਤੱਕ 15 ਲਾਸ਼ਾਂ ਨੂੰ ਬਰਾਮਦ ਕਰ ਲਿਆ ਹੈ। ਮ੍ਰਿਤਕਾਂ 'ਚ ਕੋਈ ਵੀ ਜ਼ਿਲ੍ਹੇ ਦਾ ਵਸਨੀਕ ਨਹੀਂ ਹੈ। ਉਹਨਾਂ ਕਿਹਾ ਕਿ ਯੂ. ਪੀ. ਦੇ ਕਈ ਜ਼ਿਲ੍ਹੇ ਗੰਗਾ ਨਦੀ ਦੇ ਬਿਲਕੁਲ ਪਾਰ ਸਥਿਤ ਹਨ ਤੇ ਹੋ ਸਕਦਾ ਹੈ ਕਿ ਲਾਸ਼ਾਂ ਨੂੰ ਗੰਗਾ 'ਚ ਸੁੱਟਿਆ ਜਾ ਰਿਹਾ ਹੈ, ਜਿਸ ਦਾ ਕਾਰਨ ਅਜੇ ਨਹੀਂ ਪਤਾ। ਉਹਨਾਂ ਕਿਹਾ ਕਿ ਅਸੀਂ ਇਹ ਪੁਸ਼ਟੀ ਨਹੀਂ ਕਰ ਸਕਦੇ ਕਿ ਮ੍ਰਿਤਕ ਸਚਮੁਚ ਕਰੋਨਾ ਪਾਜੇਟਿਵ ਸਨ ਜਾਂ ਨਹੀਂ। ਉਹਨਾਂ ਕਿਹਾ ਕਿ ਲਾਸ਼ਾਂ ਗਲਣੀਆਂ ਸੜਨੀਆਂ ਸ਼ੁਰੂ ਹੋ ਗਈਆਂ ਹਨ ਪਰ ਅਸੀਂ ਇਹ ਯਕੀਨੀ ਨਾ ਰਹੇ ਹਾਂ ਕਿ ਹਰੇਕ ਸਾਵਧਾਨੀ ਵਰਤਦਿਆਂ ਹਿਹਨਾਂ ਦਾ ਨਿਪਟਾਰਾ ਕੀਤਾ ਜਾ ਸਕੇ।

# ਦੂਲੋ ਨੇ ਆਪਣੇ ਹੀ ਪਾਰਟੀ ਵਿਧਾਇਕਾਂ 'ਤੇ ਚੁੱਕੇ ਸਵਾਲ

**ਚੰਡੀਗੜ੍ਹ–** ਰਾਜ ਸਭਾ ਮੈਂਬਰ ਸਮਸ਼ੇਰ ਸਿੰਘ ਦੂਲੋ ਨੇ ਆਪਣੀ ਹੀ ਪਾਰਟੀ ਦੇ ਅਨੁਸੂਚਿਤ ਜਾਤੀ ਤੇ ਪੱਛੜੀ ਸ਼੍ਰੇਣੀ ਦੇ ਵਿਧਾਇਕਾਂ ਵਲੋਂ ਕੀਤੀ ਮੀਟਿੰਗ'ਤੇ ਸਵਾਲ ਖੜੇਹੇ ਕਰਦਿਆਂ ਕਿਹਾ ਕਿ ਚਾਰ ਸਾਲ ਤਕ ਤਾਂ ਇਹਨਾਂ ਵਿਧਾਇਕਾਂ ਨੂੰ ਦਲਿਤਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਦੀ ਯਾਦ ਨਹੀਂ ਆਈ। ਹੁਣ ਜਦੋਂ ਮੁੱਖ ਮੰਤਰੀ ਨੇ ਮੰਤਰੀ ਮੰਡਲ ਵਿੱਚ ਬਦਲਾਅ ਕੀਤੇ ਜਾਣ ਦੀਆਂ ਕਨਸੋਆਂ ਆ ਰਹੀਆਂ ਹਨ ਤਾਂ ਇਨੈਹਾਂ ਨੂੰ ਦਲਿਤਾਂ ਦੀਆਂ ਮੰਗਾਂ ਯਾਦ ਆ ਗਈਆਂ ਹਨ।

ਉਨੈਹਾਂ ਕਿਹਾ ਕਿ ਐੱਸਸੀ ਸਕਾਲਰਸ਼ਿਪ ਦੇ ਮੁੱਦੇ 'ਤੇ ਇਹ ਵਿਧਾਇਕ ਕਿਉਂ ਨਹੀਂ ਬੋਲੇ? ਨਾਜਾਇਜ਼ ਸ਼ਰੈਾਬ ਪੀ ਕੇ ਮਰੇ ਸੈਂਕੜੇ ਲੋਕਾਂ ਬਾਰੇ ਵਿਧਾਇਕਾਂ ਨੇ ਮੂੰਹ ਨਹੀਂ ਖੋਲਿਆ। ਉਹਨਾਂ ਦਲਿਤ ਵਿਧਾਇਕਾਂ ਦੀ ਮੀਟਿੰਗ ਨੂੰ ਮੁੱਖ ਮੰਤਰੀ'ਤੇ ਦਬਾਅ ਪਾਉਣ ਵਾਲੀ ਦੱਸਿਆ। ਉਨੈਹਾਂ ਕਿਹਾ ਕਿ ਜੇ ਇਹ ਦਲਿਤਾਂ ਦੇ ਹਿਤੈਸ਼ੀ ਹਨ ਤਾਂ ਸੰਵਿਧਾਨਕ ਸੋਧ, ਰਾਖਵਾਂਕਰਨ ਦੇ ਮੁੱਦੇ'ਤੇ ਕਿਉਂ ਨਹੀਂ ਬੋਲੇ। ਪਾਰਟੀ ਪੈਰਧਾਨ ਦੇ ਬਦਲਾਅ'ਤੇ ਮੰਤਰੀ ਮੰਡਲ'ਚ ਰੱਦੋਬਦਲ ਕਰਨ ਕਰ ਕੇ ਆਪਣੀਆਂ ਲਾਲਸਾਵਾਂ ਕਾਰਨ ਇਕੱਠੇ ਹੋ ਰਹੇ ਹਨ। ਮੌਕਾਪ੍ਰਸਤ ਦੀ ਸਿਆਸਤ ਕਰ ਰਹੇ ਹਨ। ਉਨੈਹਾਂ ਕਿਹਾ ਕਿ ਵੋਟਾਂ ਕਰਨ ਬੇਅਦਬੀ ਤੇ ਹੋਰ ਮਸਲੇ ਦਿਖਣ ਲੱਗ ਪਏ ਹਨ ਪਰ ਚਾਰ ਸਾਲ ਤਕ ਇਨੈਹਾਂ ਨੂੰ ਕੁਝ ਦਿਖਾਈ ਨਹੀਂ ਦਿੱਤਾ।

# ਇੱਕ ਵਾਰ ਫਿਰ ਸਰਕਾਰੀ ਹਾਈ ਸਕੂਲ ਰਾਜਪੁਰਾ ਦੀ ਵਿਦਿਆਰਥਣ ਨਵਜੋਤ ਕੌਰ ਨੇ ਜਿਲ੍ਹਾ ਪੱਧਰੀ ਮੁਕਾਬਲੇ ਵਿੱਚ ਮਾਰੀ ਬਾਜ਼ੀ

**ਭਵਾਨੀਗੜ੍ਹ–** ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਜੈਕਟ ਵਿਚ ਇੰਗਲਿਸ਼ ਬੂਸਟਰ ਕਲੱਬ ਤਹਿਤ ਅੰਗਰੇਜ਼ੀ ਬੋਲਣ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ,ਸਰਕਾਰੀ ਹਾਈ ਸਮਾਰਟ ਸਕੂਲ ਰਾਜਪੁਰਾ ਦੀ ਨੌਵੀਂ ਜਮਾਤ ਦੀ ਵਿਦਿਅਰਥਣ ਨਵਜੋਤ ਕੌਰ ਨੇ ਜਿਲ੍ਹਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਟਾਰ ਆੱਫ ਦਾ ਡੇਅ ਦਾ ਖਿਤਾਬ ਜਿੱਤਿਆ, ਇਸ ਜਿੱਤ ਸਦਕਾ ਨਵਜੋਤ ਕੌਰ ਨੇ ਜਿਥੇ ਇਕ ਪਾਸੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ ਓਥੇ ਹੀ ਇਸ ਸਕੂਲ ਦੇ ਪਹਿਲਾਂ ਤੋਂ ਇਸ ਮੁਕਾਬਲੇ ਵਿੱਚ ਜਿੱਤ ਚੁੱਕੇ ਬਾਰਾਂ ਵਿਦਿਆਰਥੀਆਂ ਦੀ ਲਿਸਟ ਵਿੱਚ ਆਪਣਾ ਨਾਮ ਜੋੜਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਹੈੱਡ ਮਾਸਟਰ ਕੁਲਵੀਰ ਸਿੰਘ ਨੇ ਦੱਸਿਆ ਕਿ ਇਸ ਵਿਦਿਆਰਥੀ ਦੀ ਸਫ਼ਲਤਾ ਦਾ ਸਿਹਰਾ ਗਾਈਡ ਅਧਿਆਪਕਾ ਸਬੀਨਾ ਬਾਂਸਲ ਨੂੰ ਜਾਂਦਾ ਹੈ। ਜੋ ਵਿਦਿਆਰਥੀਆਂ ਨੂੰ ਲਗਾਤਾਰ ਇਸ ਪੱਧਰ ਦੀ ਤਿਆਰੀ ਕਰਵਾ ਰਹੇ ਹਨ ਜਿਸ ਨਾਲ ਵਿਦਿਆਰਥੀ ਅੰਗਰੇਜ਼ੀ ਬੋਲਣ ਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰ ਰਹੇ ਹਨ। ਇਸ ਲਈ ਉਹਨਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਆਪਣੇ



ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਉਣ ਤਾਂ ਜੋ ਬੱਚੇ ਮਿਆਰੀ ਸਿੱਖਿਆ ਪ੍ਰਾਪਤ ਕਰ ਸਕਣ ਅਤਵ ਉਹਨਾਂ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਜਿਸ ਨਾਲ ਵਿਦਿਆਰਥੀਆਂ ਦੇ ਵਿਚ ਇੰਗਲਿਸ਼ ਬੋਲਣ ਦੀ ਝਿਜਕ ਖ਼ਤਮ ਹੋਈ ਹੈ।

ਬਲਾਕ ਮੈਂਟਰ ਇੰਗਲਿਸ਼/ਐੱਸ.ਐੱਸ ਚਮਨਦੀਪ ਸ਼ਰਮਾ ਨੇ ਦੱਸਿਆ ਕਿ ਪਿਛਲੇ ਸੈਸ਼ਨ ਵਿੱਚ ਸਕੂਲ ਦੇ ਬਾਰਾਂ ਵਿਦਿਆਰਥੀਆਂ ਨੇ ਸਟਾਰ ਆੱਫ ਦਾ ਡੇਅ ਬਣਨ ਵਿੱਚ ਕਾਮਯਾਬੀ ਹਾਸਿਲ ਕੀਤੀ।

ਹੁਣ ਇਹਨਾਂ ਵਿਦਿਆਰਥੀਆਂ ਦੀ ਚੋਣ ਪਬਲਿਕ ਸਪੀਕਿੰਗ ਦੇ ਲਈ ਹੋਈ ਹੈ। ਇੰਗਲਿਸ਼ ਬੂਸਟਰ ਕਲੱਬ ਵਿੱਚ ਵਧੀਆ ਪ੍ਰਦਰਸ਼ਨ ਕਰਨ ਬਦਲੇ ਗਾਈਡ ਅਧਿਆਪਕਾ ਸਬੀਨਾ ਬਾਂਸਲ ਨੂੰ ਸਿੱਖਿਆ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਵੱਲੋਂ ਪ੍ਰਸ਼ੰਸਾ ਪੱਤਰ ਵੀ ਮਿਲਿਆ। ਇਸ ਵਿਸ਼ੇਸ਼ ਉਪਲੱਬਧੀ ਤੇ ਮਲਕੀਤ ਸਿੰਘ ਖੋਸਾ ਡੀਈਓ (ਸੈ.ਸਿੱ.), ਹਰਜੀਤ ਕੁਮਾਰ ਡਿਪਟੀ ਡੀਈਓ, ਮੁਹੰਮਦ ਅਖ਼ਲਾਕ ਡੀਐੱਮ ਨੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

******

### 10 ਮਈ ਭੋਗ ਤੇ ਵਿਸ਼ੇਸ਼

# ਸਿਰੜ ਸੋਚ ਵਾਲੇ ਸਨ ਮੇਰੇ ਸਤਿਕਾਰਯੋਗ ਪਿਤਾ ਪ੍ਰੇਮ ਗੋਰਖੀ - ਨਵਰੂਪ ਕੌਰ ਰੂਪੀ

ਮੇਰੇ ਪਿਆਰੇ ਪਿਤਾ ਜੀ ਸ੍ਰੀ ਪ੍ਰੇਮ ਗੋਰਖੀ ਜੀ ਜਿਹਨਾਂ ਦਾ ਜਨਮ (ਲਾਡੋਵਾਲੀ) ਜਲੰਧਰ ਵਿਖੇ ਹੋਇਆ। ਉਹਨਾਂ ਦਾ ਆਪਣੇ ਮਾਤਾ ਰੱਖੀ ਦੇਵੀ ਜੀ ਅਤੇ ਪਿਤਾ ਅਰਜਨ ਦਾਸ ਨਾਲ ਬਹੁਤ ਪਿਆਰ ਸੀ। ਹਮੇਸ਼ਾ ਬੀਬੀ ਤੋਂ ਪੁਰਾਣੀਆਂ ਗੱਲਾਂ ਪੁੱਛਦੇ ਰਹਿੰਦੇ ਸੀ। ਕਹਿੰਦੇ ਹੁੰਦੇ ਸੀ ਬੀਬੀ ਮੈਨੂੰ ਆਪਣੇ ਖੂਹ ਬਾਰੇ ਦੱਸ ਮੈਂ ਕਹਾਣੀਆਂ ਵਿੱਚ ਖੂਹ ਬਾਰੇ ਕੁਝ ਲਿਖਣਾ ਹੈ। ਬੀਬੀ ਨੇ ਹੱਸ ਕੇ ਕਹਿਣਾ ਤੂੰ ਪ੍ਰੇਮ ਚੰਡੀਗੜ੍ਹ ਰਹਿ ਕੇ ਵੀ ਆਪਣੇ ਪਿਛੋਕੜ ਨੂੰ ਯਾਦ ਕਰਦਾ ਰਹਿੰਦਾ ਹੈ, ਹਰ ਵੇਲੇ ਨਾਨਕਿਆਂ ਜਾਂ ਆਪਣੇ ਖੇਤਾਂ ਖੂਹਾਂ ਦੀਆਂ ਗੱਲਾਂ ਕਰਦਾ, ਹੋਰ ਕੁਝ ਵੀ ਪੁੱਛ ਲਿਆ ਕਰ ਤੇ ਬੀਬੀ ਨੇ ਹੱਸ ਪੈਣਾ। ਬੀਬੀ ਤੇ ਅਸੀਂ ਰਾਤ ਨੂੰ ਬੈਠੇ ਗੱਲਾਂ ਕਰਦੇ ਰਹਿਣਾ ਤੇ ਪੁਰਾਣੀਆਂ ਗੱਲਾਂ ਦੱਸੀ ਜਾਣੀਆਂ ਤੇ ਡੈਡੀ ਜੀ ਨੇ ਕਦੀ ਆਪਣੇ ਭਾਈਏ ਵਾਰੇ ਕਦੀ ਉਹਨਾਂ ਦੇ ਕੰਮ ਕਾਜ ਵਾਰੇ ਜਾਂ ਫਿਰ ਆਪਣੇ ਨਾਨਕੇ ਪਿੰਡ ਬਹਾਨੀ ਵਾਰੇ ਬਹੁਤ ਕੁਝ ਪੁੱਛਣਾ, ਅਸੀਂ ਹੈਰਾਨ ਹੋਣਾ ਕਿ ਡੈਡੀ ਜੀ ਕਿਉਂ ਪੁੱਛਦੇ ਰਹਿੰਦੇ ਨੇ ਪੁਰਾਣੀਆਂ ਗੱਲਾਂ ਬੀਬੀ ਤੋਂ। ਪਰਿਵਾਰ ਨੂੰ ਬਹੁਤ ਪਿਆਰ ਕਰਦੇ ਸਨ ਆਪਣੇ ਛੋਟੇ ਭਰਾਵਾਂ ਜਸਵੰਤ ਰਾਏ, ਬਲਵੰਤ ਰਾਏ ਨੂੰ ਬੱਚਿਆਂ ਵਾਂਗ ਰੱਖਿਆ। ਸਾਡੇ ਚਾਚੇ ਵੀ ਡੈਡੀ ਜੀ ਦਾ ਬਹੁਤ ਆਦਰ ਸਤਿਕਾਰ ਤੇ ਪਿਆਰ ਕਰਦੇ ਸਨ। ਕਦੀ ਘਰ ਵਿੱਚ ਜ਼ਮੀਨਾਂ ਜਾਂ ਜਾਇਦਾਦਾਂ ਪਿੱਛੇ ਕੋਈ ਲੜਾਈ ਨਹੀਂ ਹੋਈ। ਸਭ ਬਹੁਤ ਮਿਲਣਸਾਰ ਹਨ। ਸਾਡੇ ਪਰਿਵਾਰ ਵਿੱਚ ਕਦੀ ਬੱਚਿਆਂ ਵਿੱਚ ਕਿਸੇ ਪ੍ਰਕਾਰ ਦਾ ਕੋਈ ਫ਼ਰਕ ਨਹੀਂ ਸਭ ਬੱਚੇ ਆਪਸ ਵਿਚ ਬਹੁਤ ਪਿਆਰ ਕਰਦੇ ਹਨ। ਇਹ ਸਭ ਡੈਡੀ ਜੀ ਦੀ ਸੋਚ ਕਰਕੇ ਹੀ ਹੈ ਕਿਉਂਕਿ ਉਹ ਸਭ ਨੂੰ ਬਹੁਤ ਪਿਆਰ ਨਾਲ ਸਮਝਾਉਂਦੇ ਤੇ ਏਕਤਾ ਵਿੱਚ ਰਹਿਣਾ ਸਿਖਾਉਂਦੇ। ਉਹਨਾਂ ਨੇ ਜੋ ਵੀ ਕਹਾਣੀਆਂ ਲਿਖੀਆਂ ਸਾਰੀਆਂ ਹਮੇਸ਼ਾ ਨਿਮਨ ਵਰਗ ਦੇ ਲੋਕਾਂ ਦੀ ਸੱਚਾਈ ਨੂੰ ਬਿਆਨ ਕਰਦੇ ਹੋਏ ਲਿਖੀਆਂ। ਕਿਉਂਕਿ ਉਹਨਾਂ ਨੇ ਆਪ ਵੀ ਬਹੁਤ ਗਰੀਬੀ ਹੰਢਾਈ ਸੀ ਤੇ ਬਹੁਤ ਮਿਹਨਤ ਕਰਕੇ ਆਪਣਾ ਜੀਵਨ ਬਤੀਤ ਕੀਤਾ ਸੀ। ਪੜ੍ਹ ਲਿਖ ਜਾਣ ਮਗਰੋਂ ਅਜੀਤ ਅਖ਼ਬਾਰ ਵਿੱਚ ਕੰਮ ਕਰਨ ਲੱਗੇ ਸਨ। ਮੈਂ ਉਹਨਾਂ ਦੀਆਂ ਸਾਰੀਆਂ ਕਹਾਣੀਆਂ ਆਪ ਟਾਈਪ ਕੀਤੀਆਂ ਹਨ ਤੇ ਪੜ੍ਹੀਆਂ ਵੀ ਹਨ। ਉਹਨਾਂ ਦੀ ਹਰ ਕਹਾਣੀ ਵਿੱਚ ਮਿਹਨਤ ਤੇ ਇਮਾਨਦਾਰੀ ਨੂੰ ਪੇਸ਼ ਕੀਤਾ ਜਾਂਦਾ ਰਿਹਾ ਹੈ। ਉਹ ਆਪ ਵੀ ਬਹੁਤ ਮਿਹਨਤੀ ਤੇ ਇਮਾਨਦਾਰੀ ਸਨ ਤੇ ਨਾਲ ਸਾਨੂੰ ਵੀ ਹਮੇਸ਼ਾ ਇਹ ਹੀ ਸਿੱਖਿਆ ਦਿੱਤੀ ਕਿ ਥੋੜ੍ਹਾ ਖਾ ਲਵੋ ਪਰ ਬੇਈਮਾਨੀ ਨਹੀਂ ਕਰਨੀ, ਮਿਹਨਤ ਕਰੋ ਤੇ ਇਮਾਨਦਾਰੀ ਨਾਲ ਸੁੱਖ ਦੀ ਰੋਟੀ ਖਾਓ।



ਉਹਨਾਂ ਨੇ 1978 ਵਿੱਚ ਪੰਜਾਬੀ ਟ੍ਰਿਬਿਊਨ ਅਖ਼ਬਾਰ ਚੰਡੀਗੜ੍ਹ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਅਖ਼ਬਾਰ ਨਵੀਂ ਨਵੀਂ ਸ਼ੁਰੂ ਹੀ ਹੋਈ ਸੀ ਤੇ ਇਹਨਾਂ ਨੇ ਪੂਰੀ ਮਿਹਨਤ ਨਾਲ ਕੰਮ ਕੀਤਾ ਤੇ ਪੂਰੇ ਦੇਸ਼ਾਂ ਤੇ ਵਿਦੇਸ਼ਾਂ ਵਿੱਚ ਮਸ਼ਹੂਰ ਹੋਏ। ਉਹ ਦੋ ਵਾਰ ਕੈਨੇਡਾ ਪੰਜਾਬੀ ਲਿਖਾਰੀ ਸਭਾ ਕਾਨਫਰੰਸ ਤੇ ਗਏ। ਇੱਕ ਵਾਰ ਅਮਰੀਕਾ, ਪਾਕਿਸਤਾਨ, ਸਿੰਘਾਪੁਰ ਤੇ ਨੇਪਾਲ ਆਦਿ ਗਏ। ਉਹਨਾਂ ਸਾਰਾ ਭਾਰਤ ਕਈ ਵਾਰ ਘੁੰਮਿਆ ਫਿਰਿਆ ਕਈਆਂ ਥਾਵਾਂ ਦੀਆਂ ਫੋਟੋ ਘਰ ਪਈਆਂ ਨੇ। ਸੈਰ ਸਪਾਟੇ ਦੇ ਤੇ ਵਧੀਆ ਪਹਿਰਾਵੇ ਦੇ ਸ਼ੌਕੀਨ ਸਨ। ਅਸੀਂ ਤਿੰਨ ਭੈਣਾਂ ਹਾਂ, ਤੇ ਇੱਕ ਭਰਾ ਹਾਂ। ਸਾਡਾ ਸਭ ਦਾ ਵਿਆਹ ਬਹੁਤ ਵਧੀਆ ਕੀਤਾ। ਅਸੀਂ ਸਭ ਆਪਣੇ ਪਰਿਵਾਰਾਂ ਵਿੱਚ ਖੁਸ਼ ਹਾਂ।

ਉਹਨਾਂ ਨੇ ਸਾਨੂੰ ਕਦੀ ਵੀ ਕੁੜੀਆਂ ਹੋਣ ਦਾ ਅਹਿਸਾਸ ਨਹੀਂ ਦਿਵਾਇਆ। ਸਾਨੂੰ ਸਭ ਨੂੰ ਬਹੁਤ ਪਿਆਰ ਕਰਦੇ ਸਨ। ਕਹਿੰਦੇ ਸਨ ਇਹ ਮੇਰੇ ਲੜਕੇ ਹਨ। ਮੈਨੂੰ ਇਹਨਾਂ ਦਾ ਬਹੁਤ ਹੌਸਲਾ ਹੈ। ਸਾਨੂੰ ਕਦੀ ਕਿਸੇ ਵੀ ਚੀਜ਼ ਦੀ ਤੰਗੀ ਨਹੀਂ ਹੋਣ ਦਿੱਤੀ। ਕਦੀ ਵੀ ਕਿਸੇ ਕੰਮ ਤੋਂ ਜਾਂ ਕਦੀ ਕਿਸੀ ਟੂਰ ਤੇ ਜਾਣ ਤੋਂ ਨਹੀਂ ਰੋਕਿਆ। ਖੂਬ ਸਭ ਨੂੰ ਪੜ੍ਹਾਇਆ। ਅਸੀਂ ਅੱਜ ਉਹਨਾਂ ਦੇ ਕਰ ਕੇ ਹੀ ਸਭ ਆਪਣੇ ਕੰਮਾਂ ਤੇ ਸੈੱਟ ਹਾਂ। ਡੈਡੀ ਜੀ ਮੰਮੀ (ਗੁਰਦੀਪ ਕੌਰ) ਨੂੰ ਬਹੁਤ ਪਿਆਰ ਕਰਦੇ ਸੀ। ਹਮੇਸ਼ਾਂ ਕਹਿੰਦੇ ਸੀ ਗੁਰਦੀਪ ਇਹ ਆਪਣੇ ਲੜਕੇ ਹਨ ਲੜਕੀਆਂ ਨਹੀਂ। ਇਹਨਾਂ ਦੀ ਕਿਸਮਤ ਇਹਨਾਂ ਨਾਲ ਹੈ, ਜੋ ਮੈਨੂੰ ਚੰਡੀਗੜ੍ਹ ਲੈ ਕੇ ਆਈਆਂ ਹਨ। ਮੰਮੀ ਜੀ ਨੂੰ ਹਮੇਸ਼ਾ ਕਹਿੰਦੇ ਰਹਿੰਦੇ ਕੇ ਗੁਰਦੀਪ ਤੂੰ ਬਥੇਰੀਆਂ ਤੰਗੀਆਂ ਤੁਰਸ਼ੀਆਂ ਕੱਟ ਲਈਆਂ ਹੁਣ ਮਨ ਭਾਉਂਦਾ ਹੰਢਾਇਆ ਕਰ। ਕਦੀ ਵੀ ਹੱਥ ਜਾਂ ਗਲਾ ਖਾਲੀ ਨਹੀਂ ਰਹਿਣ ਦਿੰਦੇ। ਜੋ ਵੀ ਕਹਾਣੀ ਲਿਖਣੀ ਪਹਿਲਾਂ ਮੰਮੀ ਜੀ ਨੂੰ ਪੜ੍ਹ ਕੇ ਸਣਾਉਣੀ ਤੇ ਫਿਰ ਪੜ੍ਹਨ ਲਈ ਦੇ ਦੇਣੀ ਤੇ ਕਹਿਣਾ ਦੱਸ ਇਸ ਕਹਾਣੀ ਦਾ ਕੀ ਨਾਂ ਰੱਖੀਏ। ਅੱਜ ਤੱਕ ਜੋ ਵੀ ਕਹਾਣੀਆਂ ਉਹਨਾਂ ਨੇ ਲਿਖੀਆਂ ਹਨ ਉਹਨਾਂ ਕਹਾਣੀਆਂ ਦੇ ਨਾਂ ਮੰਮੀ ਜੀ ਤੇ ਡੈਡੀ ਜੀ ਨੇ ਸਲਾਹ ਕਰਕੇ ਰੱਖੇ ਹਨ। ਕਹਾਣੀ ਵਿੱਚ ਜੋ ਵੀ ਉਤਾਰ ਚੜਾਅ ਕਰਨਾ ਤਾਂ ਮੰਮੀ ਜੀ ਨੇ ਦੱਸਣਾ ਤੇ ਡੈਡੀ ਜੀ ਨੇ ਝੱਟ ਠੀਕ ਕਰਨ ਲਗ ਜਾਣਾ। ਅਸੀਂ ਸਭ ਦੇਖਦੇ ਰਹਿੰਦੇ ਸਾਂ। ਮੰਮੀ ਜੀ ਨੇ ਡੈਡੀ ਜੀ ਦਾ ਪੂਰਾ ਸਾਥ ਦੇਣਾ। ਹਮੇਸ਼ਾ ਖੁਸ਼ ਰਹਿੰਦੇ ਸਨ। ਸਾਨੂੰ ਕਹਿੰਦੇ ਹੁੰਦੇ ਸਨ ਕਿ ਗੁਰਦੀਪ ਨੇ ਮੇਰਾ ਬਹੁਤ ਸਾਥ ਦਿੱਤਾ। ਮੈਂ ਇਸ ਨੂੰ ਬਹੁਤ ਤੰਗ ਕੀਤਾ ਪਰ ਇਸ ਨੇ ਕਦੀ ਮੇਰਾ ਸਾਥ ਨਹੀਂ ਛੱਡਿਆ। ਇਹ ਮੇਰਾ ਬਹੁਤ ਖ਼ਿਆਲ ਰੱਖਦੀ ਹੈ। ਹੁਣ ਤਾਂ ਬਹੁਤ ਹੀ ਪਿਆਰ ਨਾਲ ਰਹਿੰਦੇ ਸੀ ਤੇ ਇਕ ਦੂਸਰੇ ਦਾ ਖਿਆਲ ਰੱਖੇ ਸਨ। ਜਦੋਂ ਪਿਛਲੇ ਸਾਲ ਗੁਲਜ਼ਾਰ ਸੰਧੂ ਜੀ ਨੇ ਜਨਰੇਸ਼ਨ ਗੈਪ ਕਿਤਾਬ ਤੇ ਇਨਾਮ ਦਿੱਤਾ ਤਾਂ ਬਹੁਤ ਖੁਸ਼ ਹੋਏ ਮੈਂ ਤੇ ਮੇਰੇ ਪਤੀ ਮਨਜੀਤ ਸਿੰਘ ਜੀ ਉਹਨਾਂ ਦੇ ਨਾਲ ਫੰਕਸ਼ਨ ਤੇ ਗਏ । ਪਹਿਲੀ ਸੀਟਾਂ ਤੇ ਬੈਠੇ ਸਨ, ਜਦੋਂ ਇਨਾਮ ਮਿਲਿਆ ਤਾਂ ਬਹੁਤ ਖੁਸ਼ ਹੋਏ ਤੇ ਮੈਨੂੰ ਫੜਾ ਕੇ ਕਹਿੰਦੇ ਦੇਖ ਵਧੀਆ ਹੈ ਨਾ ਮੇਰਾ ਇਨਾਮ। ਅਸੀਂ ਦੋਨੋਂ ਬਹੁਤ ਖੁਸ਼ ਹੋਏ ਤੇ ਉਹਨਾਂ ਨੂੰ ਵਧਾਈ ਦੇਣ ਲੱਗ ਪਏ। ਫਿਰ ਲੰਚ ਕੀਤਾ ਤੇ ਸਭ ਗੋਰਖੀ-ਗੋਰਖੀ ਕਰਦੇ ਉਹਨਾਂ ਦੇ ਅੱਗੇ ਪਿੱਛੇ ਫਿਰਨ ਲਗ ਪਏ। ਸਾਨੂੰ ਕਹਿੰਦੇ ਤੁਹਾਨੂੰ ਪਾਰਟੀ ਦੇਣੀ ਹੈ ਘਰ ਆਓ ਪਾਰਟੀ ਕਰਾਂਗੇ। ਪਰ ਪੰਜ ਕੁ ਦਿਨਾਂ ਬਾਅਦ ਹੀ ਉਹ ਬਿਮਾਰ ਹੋ ਗਏ ਤੇ 20 ਦਿਨ ਲਗਾਤਾਰ ਹਸਪਤਾਲ ਵਿੱਚ ਦਾਖਲ ਰਹੇ। ਫਿਰ ਵੀ ਉਹਨਾਂ ਨੇ ਹਿੰਮਤ ਨਾ ਹਾਰੀ ਤੇ ਕੁਝ ਮਹੀਨਿਆਂ ਵਿੱਚ ਉਹਨਾਂ ਨੇ ਆਪਣੇ ਆਪ ਨੂੰ ਸਹੀ ਕਰ ਲਿਆ ਤੇ ਮੈਂ ਜਦੋਂ ਵੀ ਉਹਨਾਂ ਨੂੰ ਮਿਲਣ ਜਾਣਾ ਤਾਂ ਉਹਨਾਂ ਨੇ ਹਮੇਸ਼ਾਂ ਕਹਿਣਾ ਰੂਪੀ ਮੈਨੂੰ ਕਿਤਾਬਾਂ ਭੇਜ ਦਿਆ ਕਰ ਪੜ੍ਹਨ ਲਈ। ਮੈਂ ਬੋਰ ਹੋ ਜਾਂਦਾ ਹਾਂ ਵਿਹਲਾ ਕੀ ਕਰਾਂ ਤੇਰੇ ਕੋਲ ਲੇਖਕ ਆਉਂਦੇ ਜਾਂਦੇ ਰਹਿੰਦੇ ਹਨ ਕੰਮ ਕਰਾਉਣ। ਤੂੰ ਜਦੋਂ ਵੀ ਆਉਂਦੀ ਹੁੰਦੀ ਹੈ ਤਾਂ ਕਿਤਾਬਾਂ ਲੈ ਕੇ ਆਇਆ ਕਰ। ਮੈਂ ਕਿਹਾ ਚੰਗਾ ਡੈਡੀ ਜੀ ਅਗਲੀ ਵਾਰ ਲੈਕੇ ਆਵਾਂਗੀ। ਉਹ ਸਾਰਾ ਦਿਨ ਅਖ਼ਬਾਰ ਜਾਂ ਕਿਤਾਬਾਂ ਪੜ੍ਹਦੇ ਲਿਖਦੇ ਰਹਿੰਦੇ। ਪਰ ਇੱਕ ਗੱਲ ਹੈ ਉਹਨਾਂ ਨੂੰ ਸਭ ਵਿੱਚ ਬੈਠਕੇ ਲਿਖਣਾ ਬਹੁਤ ਪਸੰਦ ਸੀ। ਉਹ ਸਾਨੂੰ ਤੇ ਸਾਡੀਆਂ ਬੇਟੀਆਂ ਨੂੰ ਬਹੁਤ ਪਿਆਰ ਕਰਦੇ ਸਨ। ਪਤਾ ਨਹੀਂ ਸੀ ਕਿ ਸਾਨੂੰ ਐਨੀ ਜਲਦੀ ਅਚਾਨਕ ਛੱਡ ਕੇ ਚਲੇ ਜਾਣਗੇ।



ਪਰ ਉਹ ਅਜੇ ਜਾਣਾ ਨਹੀਂ ਚਾਹੁੰਦੇ ਸਨ। ਉਹਨਾਂ ਨੂੰ ਜ਼ਿੰਦਗੀ ਜੀਣਾ ਬਹੁਤ ਪਸੰਦ ਸੀ ਤੇ ਅਜੇ ਉਹ ਆਪਣਾ ਨਾਵਲ ਪੂਰਾ ਕਰਨਾ ਚਾਹੁੰਦੇ ਸੀ ਜੋ ਆਖਰੀ ਸਮੇਂ ਲਿਖਦੇ ਪਏ ਸੀ ਤੇ ਅੱਧੇ ਨਾਲੋਂ ਜ਼ਿਆਦਾ ਮੈਂ ਟਾਈਪ ਵੀ ਕੀਤਾ ਹੋਇਆ ਹੈ। ਪਰ ਅੱਜ ਮੈਂ ਇੱਕ ਗੱਲ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਡੈਡੀ ਜੀ ਹਮੇਸ਼ਾ ਪੰਜਾਬੀ ਭਾਸ਼ਾ ਵਿਭਾਗ ਤੇ ਪੰਜਾਬੀ ਸਾਹਿਤਕ ਐਕਾਡਮੀ ਅਵਾਰਡ ਲਈ ਲੋਚਦੇ ਰਹੇ। ਉਹ ਹਮੇਸ਼ਾ ਕਹਿੰਦੇ ਰਹੇ ਕਿ ਮੇਰੀ ਲੇਖਣੀ ਇੰਨੀ ਮਾੜੀ ਹੈ ਕਿ ਅਜੇ ਤੱਕ ਮੈਨੂੰ ਕਿਸੇ ਨੇ ਇਨਾਮ ਦੇ ਕਾਬਿਲ ਨਹੀਂ ਸਮਝਿਆ। ਉਹ ਕਹਿੰਦੇ ਜਾਤ-ਪਾਤ ਦਾ ਫ਼ਰਕ ਸਮਝਦੇ ਨੇ ਸਾਰੇ ਤਾਂਹੀ ਮੈਨੂੰ ਇਹਨਾਂ ਇਨਾਮਾਂ ਤੋਂ ਵਾਂਝੇ ਰੱਖਿਆ ਹੈ। ਨਹੀਂ ਤਾਂ ਇਹ ਇਨਾਮ ਮੈਨੂੰ ਅੱਜ ਤੋਂ ਦਸ ਸਾਲ ਪਹਿਲਾਂ ਹੀ ਮਿਲ ਜਾਣੇ ਸੀ। ਇਹਨਾਂ ਲੋਕਾਂ ਦੇ ਮਨ ਵਿੱਚ ਫਰਕ ਹੈ ਤਾਂ ਹੀ ਤਾਂ ਸਾਡੇ ਤੋਂ ਅੱਧੀ ਅੱਧੀ ਉਮਰ ਦੇ ਨਵੇਂ ਲੇਖਕਾਂ ਨੂੰ ਸਾਡੇ ਸਾਹਮਣੇ ਹੀ ਸਨਮਾਨਿਆ ਗਿਆ ਹੈ। ਜੋ ਉਹਨਾਂ ਦੇ ਦਿਲ ਨੂੰ ਬਹੁਤ ਵੱਡਾ ਧੱਕਾ ਲੱਗਿਆ। ਉਹਨਾਂ ਨੇ ਸਾਨੂੰ ਦੱਸਿਆ ਸੀ ਕਿ ਅੱਜ ਤੋਂ ਕਈ ਸਾਲ ਪਹਿਲਾਂ ਅੰਮ੍ਰਿਤਾ ਪ੍ਰੀਤਮ ਨੇ ਮੈਨੂੰ ਮੇਰਾ ਨਾਮ 'ਪ੍ਰੇਮ ਸਿੰਘ' ਤੋਂ 'ਪ੍ਰੇਮ ਨਿਮਾਣਾ' ਦਿੱਤਾ ਸੀ ਤੇ ਨਾਲ ਗਿਫਟ ਵਿੱਚ ਪੈੱਨ ਦਿੱਤਾ ਸੀ। ਜੋ ਮੇਰਾ ਨਾਗਮਣੀ ਪਰਚੇ ਵਿੱਚ ਵਧੀਆ ਕਹਾਣੀ ਲਿਖਣ ਤੇ ਵਧੀਆ ਲੇਖਕ ਵਜੋਂ ਬਹੁਤ ਹੀ ਪਿਆਰ ਨਾਲ ਆਪਣੇ ਘਰ ਬੁਲਾ ਕੇ ਦਿੱਤਾ। ਉਹ ਪੈੱਨ ਮੇਰੇ ਡੈਡੀ ਜੀ ਲਈ ਬਹੁਤ ਵੱਡਾ ਇਨਾਮ ਸੀ। ਉਸ ਪੈੱਨ ਨੇ ਡੈਡੀ ਜੀ ਨੂੰ ਏਨੀ ਹੱਲਾ ਸ਼ੇਰੀ ਦਿੱਤੀ ਕਿ ਉਹ ਅਖ਼ਬਾਰਾਂ ਦੇ ਪੰਨਿਆਂ ਤੇ ਪ੍ਰੇਮ ਗੋਰਖੀ ਬਣ ਕਿ ਛਪਣ ਲੱਗੇ। ਮੇਰੇ ਨਾਲ ਉਹ ਹਮੇਸ਼ਾ ਕਹਾਣੀਆਂ ਵਾਰੇ ਜਾਂ ਇਨਾਮਾਂ ਵਾਰੇ ਹਰ ਪ੍ਰਕਾਰ ਦੀ ਗੱਲ ਕਰਦੇ ਰਹਿੰਦੇ ਸੀ। ਅੰਦਰੋਂ ਉਹਨਾਂ ਦਾ ਮਨ ਬਹੁਤ ਰੋਂਦਾ ਸੀ, ਪਰ ਅਸੀਂ ਹੌਸਲਾ ਦੇਣਾ ਕਿ ਕੋਈ ਗੱਲ ਨਹੀਂ ਡੈਡੀ ਜੀ ਹੋਰ ਵੀ ਕਈ ਇਨਾਮ ਮਿਲੇ ਹਨ ਉਹ ਕਿਹੜਾ ਘੱਟ ਹੈ ਤਾਂ ਫਿਰ ਉਹ ਹੱਸ ਪੈਂਦੇ। ਗੱਲਾਂ ਤਾਂ ਬਹੁਤ ਹਨ ਪਰ ਅਜੇ ਸਾਂਝੀਆਂ ਨਹੀਂ ਕਰ ਸਕਦੇ ਮਨ ਭਰ ਆਉਂਦਾ ਹੈ ਉਹਨਾਂ ਨੂੰ ਯਾਦ ਕਰਕੇ। ਸਾਡੇ ਡੈਡੀ ਜੀ ਸਾਡੇ ਨਾਲ ਸਾਡੀਆਂ ਯਾਦਾਂ ਵਿੱਚ ਹਮੇਸ਼ਾ ਰਹਿਣਗੇ। ਉਹ ਬਹੁਤ ਵਧੀਆ ਕਹਾਣੀਆਂ ਤੇ ਆਪਣਾ ਨਿਮਾਣਾ ਜਿਹਾ ਸੁਭਾਅ ਦੇ ਗਏ ਹਨ ਜੋ ਉਹਨਾਂ ਦੇ ਸਾਰੇ ਦੋਸਤਾਂ ਨੂੰ ਬਹੁਤ ਪਸੰਦ ਸੀ। ਬਹੁਤ ਘਟ ਬੋਲਦੇ ਹੁੰਦੇ ਸੀ ਪਰ ਜਦੋਂ ਵੀ ਕਹਾਣੀ ਬਾਰੇ ਬੋਲਣ ਲਈ ਸਟੇਜ ਤੇ ਚੜ੍ਹ ਜਾਂਦੇ ਤਾਂ ਸਭ ਨੂੰ ਕੀਲ ਲੈਂਦੇ ਤੇ ਹਰ ਸੱਚਾਈ ਪੇਸ਼ ਕਰ ਦਿੰਦੇ ਸਨ।

ਉਹ 25 ਅਪ੍ਰੈਲ ਨੂੰ ਬਹੁਤ ਵਧੀਆ ਠੀਕ ਠਾਕ ਸਨ ਮੰਮੀ ਜੀ ਨਾਲ ਗੱਲਾਂ ਕਰਦੇ ਸਨ ਥੋੜ੍ਹੀ ਕਮਜ਼ੋਰੀ ਮਹਿਸੂਸ ਕਰਦੇ ਸੀ ਤੇ ਅਚਾਨਕ ਹੀ ਭਰਾ ਨੇ ਆਖ ਦਿੱਤਾ ਕਿ ਚਲੋ ਡੈਡੀ ਜੀ ਹਸਪਤਾਲ ਦਿਖਾ ਲਿਆਈਏ ਤੁਹਾਨੂੰ, ਡੈਡੀ ਜੀ ਕਹਿੰਦੇ ਗਗਨ ਮੈਂ ਠੀਕ ਹਾਂ ਯਾਰ ਮੈਂ ਨਹੀਂ ਜਾਣਾ ਹਸਪਤਾਲ। ਫਿਰ ਵੀ ਜੇ ਤੂੰ ਕਹਿੰਦਾ ਹੈ ਚਲ ਚੱਲੀਏ। ਨਵਾਂ ਕੁੜਤਾ ਪਜ਼ਾਮਾ ਪਾਇਆ ਤੇ ਪਟਕਾ ਬੰਨ੍ਹਿਆ ਤੇ ਘਰ ਵਿੱਚ ਸਾਰਾ ਆਲਾ-ਦਆਲਾ ਦੇਖਿਆ ਤੇ ਤੁਰ ਪਏ। ਬੜੇ ਸੋਹਣੇ ਘਰੋਂ ਗਏ ਨੇ ਹਸਪਤਾਲ ਨੂੰ ਰਸਤੇ ਵਿੱਚ ਮੰਮੀ ਜੀ ਨਾਲ ਗੱਲਾਂ ਕਰਦੇ ਗਏ ਨੇ, ਜਾਂਦੇ ਹੀ ਡਾਕਟਰਾਂ ਨੇ ਆਕਸੀਜਨ ਲਗਾ ਦਿੱਤੀ ਤੇ ਮਿੰਟਾਂ ਵਿੱਚ ਹੀ ਦੇਖਦੇ ਹੀ ਅੱਖਾਂ ਬੰਦ ਕਰ ਲਈਆਂ। ਉਹ ਸਮਾਂ ਕਦੀ ਨਾ ਭੁੱਲਣ ਵਾਲਾ ਬਣ ਕੇ ਰਹਿ ਗਿਆ ਕਿ ਦਸ ਮਿੰਟ ਵੀ ਨਹੀਂ ਕੱਢੇ ਹਸਪਤਾਲ ਆਕੇ। ਮੈਨੂੰ ਫ਼ੋਨ ਆਇਆ ਤੇ ਮੈਂ 20 ਕੁ ਮਿੰਟਾਂ ਵਿਚ ਹਸਪਤਾਲ ਪਹੁੰਚੀ ਤਾਂ ਮੰਮੀ ਨੂੰ ਰੋਂਦੇ ਦੇਖ ਕੇ ਦਿਲ ਕੰਬ ਗਿਆ। ਅੰਦਰ ਜਾ ਕੇ ਡੈਡੀ ਜੀ ਨੂੰ ਸਟਾਰੇਚਰ ਤੇ ਪਏ ਵੇਖਿਆ ਤਾਂ ਅੱਖਾਂ ਵਿੱਚੋਂ ਹੰਝੂ ਹੀ ਨਹੀਂ ਰੁੱਕਦੇ ਸਨ। ਮੇਰੇ ਸਾਹਮਣੇ ਹੀ ਡੈਡੀ ਜੀ ਨੂੰ ਰੈਪ ਕਰਨ ਲੱਗ ਪਏ। ਅਸੀਂ ਧਾਹਾਂ ਮਾਰਦੇ ਹੀ ਰਹਿ ਗਏ ਤੇ ਉਹਨਾਂ ਦੀ ਬੋਡੀ ਨੂੰ ਲੈ ਕੇ ਜਾਣ ਲੱਗੇ ਪਏ। ਉਹਨਾਂ ਦੀ ਬੋਡੀ ਨੰ ਲਿਜਾਂਦਿਆਂ ਦੇਖਦਿਆਂ ਤਾਂ ਇਹੀ ਖ਼ਿਆਲ ਆ ਰਿਹਾ ਸੀ ਕਿ ਇਨਸਾਨ ਆਪਣੇ ਨਾਲ ਕੁਝ ਨਹੀਂ ਲੈ ਕੇ ਜਾਂਦਾ ਸਿਰਫ਼ ਆਪਣਿਆਂ ਦਾ ਪਿਆਰ ਹੀ ਲੈਕੇ ਜਾਂਦਾ ਹੈ। ਡੈਡੀ ਜੀ ਨੇ ਕਦੀ ਪੈਸੇ ਨਾਲ ਮੋਹ ਨਹੀਂ ਕੀਤਾ, ਉਹਨਾਂ ਦਾ ਮੋਹ ਸੀ ਤਾਂ ਸਿਰਫ਼ ਆਪਣੀਆਂ ਕਹਾਣੀਆਂ ਨਾਲ ਜਾਂ ਉਹਨਾਂ ਨੂੰ ਪੜ੍ਹਨ ਵਾਲੇ ਪਾਠਕਾਂ ਨਾਲ ਸੀ। ਸੱਚ ਅੱਜ ਤਾਂ ਹੀ ਉਹਨਾਂ ਦੇ ਪਾਠਕ ਇਸੀ ਮੋਹ ਸਦਕਾ ਹੀ ਦੁੱਖ ਪ੍ਰਗਟ ਕਰਦੇ ਹਨ। ਡੈਡੀ ਜੀ ਦਾ ਅਚਾਨਕ ਚਲੇ ਜਾਣ ਤੇ ਸਭ ਪਾਠਕਾਂ ਤੇ ਬਹੁਤ ਡੂੰਘਾ ਪ੍ਰਭਾਵ ਪਿਆ। ਜਦੋਂ ਅਖ਼ਬਾਰਾਂ ਵਿੱਚ ਉਹਨਾਂ ਦੇ ਤੁਰ ਜਾਣ ਦੀਆਂ ਖ਼ਬਰਾਂ ਛਪੀਆਂ ਤਾਂ ਪੂਰੇ ਸੰਸਾਰ ਵਿੱਚ ਸ਼ੋਕ ਦੀ ਲਹਿਰ ਤੁਰ ਪਈ ਸਾਨੂੰ ਮਿੰਟਾਂ ਵਿੱਚ ਹੀ ਫੋਨ ਆਉਣ ਲੱਗ ਪਏ, ਲੋਕ ਇਸ ਹਾਦਸੇ ਨੂੰ ਸੱਚ ਨਹੀਂ ਮੰਨ ਰਹੇ ਸਨ। ਸਭ ਦੋਸਤਾਂ ਮਿੱਤਰਾਂ ਨੇ ਸਾਡੇ ਨਾਲ ਦੁੱਖ ਸਾਂਝਾ ਕੀਤਾ, ਤੇ ਕਿਹਾ ਸਾਨੂੰ ਇਉਂ ਜਾਪਦਾ ਹੈ ਜਿਵੇਂ ਸਾਡੇ ਆਪਣੇ ਪਰਿਵਾਰ ਦਾ ਜੀਅ ਸਾਡੇ ਨਾਲੋਂ ਵਿਛੜ ਗਿਆ ਹੈ। ਸਭ ਦਾ ਬਹੁਤ ਧੰਨਵਾਦ। ਅੱਜ ਉਹਨਾਂ ਦੇ ਭੋਗ ਤੇ ਦੁਖੀ ਤੇ ਰੋਂਦੇ ਹੋਏ ਦਿਲ ਨਾਲ ਆਪਣੇ ਪਿਤਾ ਜੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਉਹਨਾਂ ਦੀ ਵੱਡੀ ਬੇਟੀ ਨਵਰੂਪ ਕੌਰ।

**- ਕੁਲਦੀਪ ਚੁੰਬਰ**

# ਬਹੁਪੱਖੀ ਸਖ਼ਸ਼ੀਅਤ ਦੀ ਮਾਲਕਣ : ਗੁਰਪ੍ਰੀਤ ਕੌਰ ਲਾਡਲ

ਪ੍ਰਾਣੀ ਜਦੋਂ ਧਰਤੀ 'ਤੇ ਜਨਮ ਲੈਂਦਾ ਹੈ ਤਾਂ ਦੁਨੀਆਂ ਵਿੱਚ ਉਸ ਦੀ ਆਪਣੀ ਕੋਈ ਪਹਿਚਾਣ , ਕੋਈ ਵਿਸ਼ੇਸ਼ਤਾ ਅਤੇ ਕੋਈ ਵੱਖਰੀ ਹੋਂਦ ਨਹੀਂ ਹੁੰਦੀ , ਪਰ ਸੋਝੀ ਸੰਭਾਲਣ ਤੋਂ ਬਾਅਦ ਉਸ ਦੇ ਵਿਚਾਰ , ਉਸ ਦੀ ਸੋਚ ਤੇ ਉਸ ਦੇ ਕਰਮ ਹੀ ਉਸ ਦੀ ਵਿਸ਼ੇਸ਼ ਹੋਂਦ ਦੀ ਗਵਾਹੀ ਭਰਦੇ ਹਨ। ਆਪਣੀ ਇੱਕ ਵੱਖਰੀ

ਲੇਖਕ ਮਾਸਟਰ ਸੰਜੀਵ ਧਰਮਾਣੀ
91-94785-61356

ਤੇ ਮਹਾਨ ਹੋਂਦ ਬਣਾਉਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਸਗੋਂ ਇਸ ਦੇ ਲਈ ਤਿਆਗ ਅਤੇ ਸਵੈ - ਇੱਛਾ ਜਿਹੇ ਅਦੁੱਤੀ ਤੇ ਮਹਾਨਤਾ ਸਮਾਹਿਤ ਕਰੀ ਬੈਠੇ ਗੁਣਾਂ ਦਾ ਅਸਤੀਤਵ ਬਹੁਤ ਜ਼ਰੂਰੀ ਹੈ। ਅਜਿਹੇ ਗੁਣਾਂ ਦੀ ਮਾਲਕਣ ਤੇ ਬਹੁਪੱਖੀ ਸਖ਼ਸ਼ੀਅਤ ਦੀ ਧਾਰਨੀ ਹੈ: ਮੈਡਮ ਗੁਰਪ੍ਰੀਤ ਕੌਰ ਲਾਡਲ। ਮੈਡਮ ਗੁਰਪ੍ਰੀਤ ਕੌਰ ਲਾਡਲ ਜੀ ਆਪਣੇ ਸਕੂਲ , ਸਮਾਜ , ਵਿਦਿਆਰਥੀਆਂ ਤੇ ਮਾਨਵਤਾ ਪ੍ਰਤੀ ਹਰ ਪੱਖੋਂ ਸਮਰਪਿਤ ਸ਼ਖ਼ਸੀਅਤ ਹਨ , ਜੋ ਕਿ ਸਮੇਂ ਅਤੇ ਸਥਾਨ ਅਨੁਸਾਰ ਸਾਹਮਣੇ ਆਈ ਜ਼ੰਮਿਵਾਰੀ ਤੇ ਕਾਰਜਾਂ ਤੋਂ ਕਦੇ ਮੂੰਹ ਨਹੀਂ ਮੋੜਦੇ। ਉਨ੍ਹਾਂ ਦੇ ਅਨੁਸਾਰ ਉਨ੍ਹਾਂ ਦੇ ਹਰ ਕਾਰਜ ਵਿੱਚ ਉਨ੍ਹਾਂ ਦੇ ਪਤੀ ਸ੍ਰੀ ਗੁਰਿੰਦਰ ਸਿੰਘ ਲਾਡਲ ਜੀ ਅਤੇ ਪਿਆਰੇ ਪਰਿਵਾਰ ਦਾ ਭਰਪੂਰ ਸਾਥ ਤੇ ਸਹਿਯੋਗ ਰਹਿੰਦਾ ਹੈ। ਮੈਡਮ ਗੁਰਪ੍ਰੀਤ ਕੌਰ ਲਾਡਲ ਜੀ ਦੀ ਖਾਸ ਵਿਸ਼ੇਸ਼ਤਾ ਇਹ ਵੀ ਹੈ ਕਿ ਜਿੱਥੇ ਖ਼ੁਦ ਰੰਗਮੰਚ ਤੇ ਸੰਗੀਤ ਦਾ ਸ਼ੌਕ ਰੱਖਦੇ ਹਨ , ਉੱਥੇ ਹੀ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਇਸ ਪ੍ਰਤੀ ਗੁੜ੍ਹਤੀ ਦਿੰਦੇ ਰਹਿੰਦੇ ਹਨ। ਮੈਡਮ ਲਾਡਲ ਜੀ ਆਪਣੇ ਸੁਭਾਵਿਕ ਗੁਣ ਸਦਕਾ ਬੱਚਿਆਂ ਦੇ ਅੰਦਰ ਛੁਪੇ ਹੋਏ ਵਿਸ਼ੇਸ਼ ਗੁਣਾਂ , ਉਨ੍ਹਾਂ ਦੀਆਂ ਸਵੈ - ਕੇਂਦਰਿਤ ਰੁਚੀਆਂ ਤੇ ਉਨ੍ਹਾਂ ਦੇ ਹੁਨਰਾਂ ਨੂੰ ਜਾਣਨ , ਲੱਭਣ ਤੇ ਤਰਾਸ਼ਣ ਦੀ ਭਰਪੂਰ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹਨਾਂ ਨੂੰ ਵਿਕਸਤ ਕਰਕੇ ਸਾਹਮਣੇ ਲਿਆਂਦਾ ਜਾ ਸਕੇ। ਮੈਡਮ ਗੁਰਪ੍ਰੀਤ ਕੌਰ ਲਾਡਲ ਜੀ ਦੀ ਯੋਗ ਅਗਵਾਈ ਸਦਕਾ ਲਗਭਗ ਵੀਹ ਬੱਚੇ ਰਾਜ - ਪੱਧਰੀ ਖੇਡਾਂ ਵਿੱਚ ਭਾਗੀਦਾਰੀ ਦਰਜ ਕਰਵਾ ਚੁੱਕੇ ਹਨ। ਆਨਲਾਈਨ ਪੜ੍ਹਾਈ ਤਹਿਤ ਉਨ੍ਹਾਂ ਵੱਲੋਂ ਦੋ ਸੌ ਪੰਜਾਹ



ਦੇ ਕਰੀਬ ਵਿੱਦਿਅਕ - ਵੀਡਿਓ ਬਣਾ ਦਿੱਤੀਆਂ ਗਈਆਂ। ਰੋਜ਼ਾਨਾ ਸਵੇਰ ਦੀ ਸਭਾ ਦੀ ਵਿਸ਼ੇਸ਼ ਤੌਰ 'ਤੇ ਪ੍ਰਭਾਵਸ਼ਾਲੀ ਤੇ ਸਿੱਖਿਆਦਾਇਕ ਪੇਸ਼ਕਾਰੀ ਕੀਤੀ ਗਈ। ਜਲੰਧਰ ਦੂਰਦਰਸ਼ਨ 'ਤੇ ਵਿੱਦਿਅਕ ਪ੍ਰੋਗਰਾਮਾਂ ਦੇ ਪ੍ਰਸਤੁਤੀਕਰਨ ਹਿੱਤ ਲਗਪਗ ਸਤਾਰਾਂ ਵਾਰ ਪ੍ਰਭਾਵਕਾਰੀ ਹਾਜ਼ਰੀ ਲਗਵਾਈ ਗਈ , ਜੋ ਕਿ ਆਪਣੇ - ਆਪ ਵਿੱਚ ਇੱਕ ਕੀਰਤੀਮਾਨ ਹੈ। ਉਨ੍ਹਾਂ ਵੱਲੋਂ ਡੀ.ਡੀ. ਪੰਜਾਬੀ ਦੇ ਟੈਲੀਵਿਜ਼ਨ ਪ੍ਰੋਗਰਾਮ "ਨੰਨ੍ਹੇ ਉਸਤਾਦ" ਦੇ ਸੰਡੇ ਸਪੈਸ਼ਲ ਪ੍ਰੋਗਰਾਮ ਵਿੱਚ ਵੀ ਕਹਾਣੀਆਂ ਦੀ ਪੇਸ਼ਕਾਰੀ ਬਹੁਤ ਰੁਚੀਕਰ ਢੰਗ ਤੇ ਵਿਉਂਤਬੱਧਤਾ ਨਾਲ ਕਰਕੇ ਆਪਣੀ ਵਿਸ਼ੇਸ਼ਤਾ ਦਾ ਲੋਹਾ ਮਨਵਾਇਆ ਗਿਆ । ਉਨ੍ਹਾਂ ਦੀ ਯੋਗ ਰਹਿਨੁਮਾਈ ਤਹਿਤ ਵਿਦਿਆਰਥੀਆਂ ਨੇ ਬਹੁਤ ਸਾਰੇ ਆੱਨਲਾਈਨ ਵਿੱਦਿਅਕ ਮੁਕਾਬਲਿਆਂ ਵਿੱਚ ਵੀ ਮੱਲਾਂ ਮਾਰੀਆਂ। ਬੱਚਿਆਂ ਦੇ ਮੁਕਾਬਲਿਆਂ ਤੋਂ ਇਲਾਵਾ ਅਧਿਆਪਕ - ਮੁਕਾਬਲਿਆਂ ਵਿੱਚ ਵੀ ਮੈਡਮ ਗੁਰਪ੍ਰੀਤ ਕੌਰ ਲਾਡਲ ਸੁੰਦਰ ਲਿਖਾਈ, ਕਵਿਤਾ ਉਚਾਰਣ ਆਦਿ - ਆਦਿ ਮੁਕਾਬਲਿਆਂ ਵਿੱਚ ਜ਼ਿਲ੍ਹਾ ਪੱਧਰ 'ਤੇ ਝੰਡੇ ਗੱਡ ਚੁਕੇ ਨੇ। ਮੈਡਮ ਗੁਰਪ੍ਰੀਤ ਕੌਰ ਲਾਡਲ ਜੀ ਦੀ ਮਿਹਨਤ, ਲਗਨ, ਸਵੈ - ਵਿਸ਼ਵਾਸ , ਸਮਰਪਣ ਤੇ ਸਕਾਰਾਤਮਕ ਸੋਚ ਦੇ ਫਲਸਰੂਪ ਸਮੇਂ - ਸਮੇਂ 'ਤੇ ਗ੍ਰਾਮ ਪੰਚਾਇਤ, ਜ਼ਿਲ੍ਹਾ ਮੈਜਿਸਟ੍ਰੇਟ, ਕੈਬਨਿਟ ਮੰਤਰੀ, ਫੇਸਬੁੱਕ ਮੰਚ, ਰੋਟਰੀ ਕਲੱਬ ਰੂਪਨਗਰ ਅਤੇ ਬਹੁਤ ਹੀ ਸਤਿਕਾਰਯੋਗ ਸਕੂਲ ਸਿੱਖਿਆ ਵਿਭਾਗ ਪੰਜਾਬ ਸਰਕਾਰ ਦੇ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਜੀ ਵੱਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ। ਆਪਣੀ ਸਫਲਤਾ ਤੇ ਪ੍ਰਾਪਤੀਆਂ ਬਾਰੇ ਮੈਡਮ ਗੁਰਪ੍ਰੀਤ ਕੌਰ ਲਾਡਲ ਜੀ ਦਾ ਕਹਿਣਾ ਹੈ,

ਮੰਜ਼ਿਲ ਯੂੰ ਹੀ ਨਹੀਂ ਮਿਲਤੀ ਰਾਹੀ ਕੋ ,
ਥੋੜ੍ਹਾ ਸਾ ਜੁਨੂੰਨ ਜਗਾਨਾ ਹੋਤਾ ਹੈ ,
ਪੂਛਾ ਚਿੜੀਆ ਸੇ ਕਿ ਘੌਂਸਲਾ ਕੈਸੇ ਬਨਤਾ ਹੈ ?
ਬੋਲੀ ਤਿਨਕਾ - ਤਿਨਕਾ ਉਠਾਨਾ ਪੜ੍ਹਤਾ ਹੈ। "

# ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਵਸ 'ਤੇ ਵਿਸ਼ੇਸ਼



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂਆਂ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਾਫੀ ਲੰਮਾ ਸਮਾਂ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ।

ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ ਦੇ ਦੌਰਿਆਂ ਤੋਂ ਅੰਮ੍ਰਿਤਸਰ ਪਰਤੇ। ਨੇੜਲੇ ਪਿੰਡ 'ਵਡਾਲੀ' ਵਿਖੇ 19 ਜੂਨ 1595 ਨੂੰ ਪਿਤਾ ਗੁਰੂ ਅਰਜਨ ਦੇਵ ਸਾਹਿਬ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਪ੍ਰਿਥੀ ਚੰਦ ਨੂੰ ਬੜੀ ਸੱਟ ਵੱਜੀ ਕਿ ਉਹ ਗੁਰਗੱਦੀ ਤੇ ਆਪਣੇ ਪੁੱਤਰ ਮਿਹਰਵਾਨ ਨੂੰ ਬਿਠਾਉਣਾ ਚਾਹੁੰਦਾ ਸੀ। ਇਸ ਲਈ ਉਸਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਹਰਿਗੋਬਿੰਦ ਸਾਹਿਬ ਜੀ ਨੂੰ ਮਾਰਨ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਗੁਰ ਪਿਤਾ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਵਿੱਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਘੋੜ ਸਵਾਰੀ, ਨੇਜ਼ਾਬਾਜ਼ੀ, ਬੰਦੂਕ ਅਤੇ ਪ੍ਰਚੱਲਿਤ ਸ਼ਸ਼ਤਰਾਂ ਨੂੰ ਚਲਾਉਣ ਲਈ ਅਭਿਆਸ ਕਰਵਾਏ।

ਗੁਰੂ ਹਰਿਗੋਬਿੰਦ ਜੀ 11 ਸਾਲਾਂ ਦੇ ਸਨ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਹਨਾਂ ਨੇ ਮੁੜ ਕੇ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਸ਼ਸ਼ਤਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਣੀ ਹੈ। ਇਸੇ ਫੌਜ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਦਾ ਰੂਪ ਦਿੱਤਾ। 25 ਮਈ 1606 ਨੂੰ ਗੁਰੂ ਹਰਿ-ਗੋਬਿੰਦ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਪ੍ਰਚੱਲਿਤ ਪ੍ਰੰਪਰਾ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ, ਜਿਸਦਾ ਤਿਆਗ ਕਰਕੇ ਗੁਰਾਂ ਨੇ ਦੋ ਤਲਵਾਰਾਂ ਸਜਾਈਆਂ। ਇਕ ਪੀਰੀ ਦੀ ਇਕ ਮੀਰੀ ਦੀ। ਇਕ ਰੂਹਾਨੀ ਅਗਵਾਈ ਵਾਸਤੇ ਦੂਸਰੀ ਸੰਸਾਰਕ ਅਗਵਾਈ ਵਾਸਤੇ। ਉਹਨਾਂ ਮਰਹੱਟਾ ਗੁਰੂ ਸਮਰੱਥ ਰਾਮਦਾਸ ਜੀ ਨੂੰ ਸਪਸ਼ਟ ਕੀਤਾ ਕਿ ਸ਼ਸ਼ਤਰ ਧਾਰਨ ਤੇ ਵੀ ਅੰਤਰਮੁਖੀ ਸਾਧੂ ਹਾਂ ਤੇ ਬਾਹਰਮੁਖੀ ਰਾਜੇ। ਸ਼ਸ਼ਤਰ ਗਰੀਬ ਦੀ ਰਾਖੀ ਅਤੇ ਅੱਤਿਆਰੀਆਂ ਦੇ ਜ਼ੁਲਮ ਦਾ ਨਾਸ਼ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਹੀ ਹੈ। ਗੁਰੂ ਜੀ ਨੇ ਪੰਥ ਨੂੰ ਹਥਿਅਰਬੰਦ ਹੋਣ ਦਾ ਐਲਾਨ ਕੀਤਾ। ਉਹਨਾਂ ਨੇ ਸੰਗਤਾਂ ਨੂੰ ਹਿਦਾਇਤ ਕੀਤੀ ਕਿ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਸ਼ਾਮਲ ਹੋਣ। ਜੁਆਨੀਆਂ ਕਾਇਮ ਰੱਖਣ ਲਈ ਵਰਜਿਸ਼ ਕੁਸ਼ਤੀਆਂ, ਘੋੜ-ਸਵਾਰੀ, ਗਤਕਾ ਅਤੇ ਸ਼ਿਕਾਰ ਖੇਡਣ ਦਾ ਉਤਸ਼ਾਹ ਦਿੱਤਾ। ਮਲ-ਅਖਾੜਾ ਬਣਾਇਆ। ਸਿੱਖਾਂ ਨੂੰ ਘੋੜਿਆਂ ਦੇ ਵਿਉਪਾਰ ਵਿਚ ਲਾਇਆ। ਘੋੜਿਆਂ ਦਾ ਵਪਾਰ ਹੋਣ ਲੱਗਾ, ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਰਥਿਕ ਤੌਰ 'ਤੇ ਵੀ ਖੁਸ਼ਹਾਲ ਹੋਣ ਲੱਗੇ ਅਤੇ ਸੰਤ ਸਿਪਾਹੀ, ਸੂਰਬੀਰ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ।

ਸੂਰਬੀਰਾਂ ਦੀ ਕੌਮ ਦੇ ਵਿਕਾਸ, ਉਤਸ਼ਾਹ ਅਤੇ ਰੱਖਿਆ ਲਈ ਲੋਹਗੜ੍ਹ ਦਾ ਕਿਲਾ ਬਣਾਇਆ। ਅੰਮ੍ਰਿਤਸਰ ਸ਼ਹਿਰ ਨੂੰ ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦੇ ਅਧੀਨ ਨਾ ਹੋਣ। ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ, ਜੋ ਕਿ ਗੁਰੂ ਸਾਹਿਬ ਜੀ ਦੀ ਸੰਸਾਰਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰ੍ਹਾਂ ਦਰਬਾਰ ਸਾਹਿਬ ਅੰਮ੍ਰਿਤਸਰ ਜੁੜਦੀਆਂ। ਗੁਰਬਾਣੀ-ਪਾਠ, ਕਥਾ ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਅਕਾਲ ਤਖਤ ਸਾਹਿਬ ਜੁੜਦੀਆਂ। ਸਰੀਰਕ ਕਸਰਤਾਂ ਹੁੰਦੀਆਂ, ਸੂਰਮਿਆਂ ਦੀਆਂ ਬੀਰ ਰਸ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਲੱਗੇ, ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਸੰਗਤਾਂ ਫੈਸਲੇ ਆਪ ਕਰਨ ਲੱਗੇ।

ਗੁਰੂ ਜੀ ਨੇ 52 ਯੋਧਿਆਂ ਨੂੰ ਆਪਣੇ ਨਿੱਜੀ ਸੁਰੱਖਿਅਕ ਵਜੋਂ ਰੱਖਿਆ। ਫੌਜ ਦਾ ਮੁੱਢ ਬੰਨਿਆ। ਮਾਝਾ, ਮਾਲਵਾ, ਦੁਆਬਾ ਦੇ 500 ਯੋਧੇ ਗੁਰੂ ਜੀ ਨਾਲ ਆਣ ਲੱਗੇ, ਜਿਹਨਾਂ ਨੇ ਮਰ ਮਿਟਣ ਦਾ ਪ੍ਰਣ ਲਿਆ। ਗੁਰੂ ਜੀ ਦੇ ਖਿਲਾਫ ਪ੍ਰਬੰਧਕ ਜਹਾਂਗੀਰ ਦੇ ਕੰਨ ਭਰਨ ਲੱਗੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ।

ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਹਨਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਉਹਨਾਂ ਦੀਆਂ ਕਾਰਵਾਈਆਂ ਮੁਗਲ ਹਕੂਮਤ ਲਈ ਵੱਡਾ ਖਤਰਾ ਹਨ। ਸਮੇਂ ਸਿਰ ਦਬਾਅ ਦਿੱਤਾ ਜਾਵੇ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਦਿੱਤਾ। ਗੁਰੂ ਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗੱਲਬਾਤ ਵਿਚੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਦੀਆਂ ਕਾਰਵਾਈਆਂ ਖਤਰਨਾਕ ਤਾਂ ਨਹੀਂ। ਵਕਤੀ ਤੌਰ 'ਤੇ ਉਸਦੀ ਤਸੱਲੀ ਹੋ ਗਈ। ਵਧੇਰੇ ਪਰਖ ਕਰਨ ਲਈ ਬਹਾਨੇ ਨਾਲ ਉਸਨੇ ਸੁਖਾਵਾਂ ਮਾਹੌਲ ਬਣਾਇਆ। ਬਾਦਸ਼ਾਹ ਗੁਰੂ ਜੀ ਨੂੰ ਇਕ ਦਿਨ ਸ਼ਿਕਾਰ ਤੇ ਲੈ ਗਿਆ। ਇਕ ਸ਼ੇਰ ਨੇ ਬਾਦਸ਼ਾਹ 'ਤੇ ਹਮਲਾ ਕਰ ਦਿੱਤਾ। ਬੇਦਸ਼ਾਹ ਬੇਵੱਸ ਸੀ ਕਿ ਗੁਰੂ ਜੀ ਨੇ ਢਾਲ ਤਲਵਾਰ ਨਾਲ ਸ਼ੇਰ ਨੂੰ ਮਾਰ ਦਿੱਤਾ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰ-ਗੁਜ਼ਾਰ ਤਾਂ ਹੋ ਗਿਆ ਪਰ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ। ਇਹ ਸੱਚਮੁਚ ਹੀ ਮੁਗਲ ਹਕੂਮਤ ਲਈ ਖਤਰਾ ਹਨ। ਇਸ ਬਗਾਵਤ ਨੂੰ ਦਬਾਅ ਦੇਣਾ ਚਾਹੀਦਾ ਹੈ। ਉਸਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦੀ ਸਨ। ਜੋ ਬਹੁਤ ਮਾੜਾ ਜੀਵਨ ਬਿਤਾ ਰਹੇ ਸਨ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਹਨਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਗੁਰੂ ਜੀ ਦੀ ਨਜਾਇਜ਼ ਲੰਮੀ ਹੁੰਦੀ ਜਾ ਰਹੀ ਸਜ਼ਾ ਤੇ ਰੋਹ ਜਾਗ ਪਿਆ। ਸਿੱਖਾਂ ਨੇ ਰਿਹਾਈ ਲਈ ਵਿਦਰੋਹ ਕੀਤਾ। ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨਾ ਚਾਹਿਆ। ਗੁਰੂ ਜੀ ਨੇ ਆਪਣੀ ਰਿਹਾਈ ਦੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ।

ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਸ਼ਹਿਰ ਵਿਚ ਦੀਪਮਾਲਾ ਕੀਤੀ। ਗੁਰੂ ਜੀ ਦੀ ਉਪਮਾ 'ਬੰਦੀ ਛੋੜ' ਕਹਿ ਕੇ ਕੀਤੀ। ਗੁਰੂ ਜੀ ਜਦ ਦਿੱਲੀ ਪਹੁੰਚੇ ਤਾਂ ਬਾਦਸ਼ਾਹ ਜਹਾਂਗੀਰ ਦਰਸ਼ਨਾਂ ਲਈ ਆਇਆ। ਫਿਰ ਅੰਮ੍ਰਿਤਸਰ ਵੀ ਆਇਆ। ਗੁਰੂ ਜੀ ਨੇ ਮਾਝਾ, ਦੁਆਬਾ ਦਾ ਪ੍ਰਚਾਰ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ੍ਰੀਨਗਰ ਤੇ ਬਾਰਾਮੂਲਾ ਦੇ ਰਸਤੇ ਪੰਜਾ ਸਾਹਿਬ ਰਹਤਾਸ, ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੌਲਾ ਸ਼ਾਹ ਨਾਲ ਭੇਂਟ ਹੋਈ। ਉਸਦੇ ਸ਼ੰਕੇ ਦੂਰ ਕੀਤੇ ਕਿ ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜਰਾਨ, ਪੁੱਤਰ ਨਿਸ਼ਾਨ, ਆਰਫ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਆਚਾਰ, ਮਾਰੂਥਲ ਮੇ ਜਲ ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ। ਸੰਨ 1626 ਈ: ਵਿਚ ਉਸਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ 'ਤੇ ਬੈਠਾ। ਉਸਨੇ ਗੁਰੂ ਜੀ ਨੂੰ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੂੰ ਚਾਰ ਜੰਗਾਂ ਸਹੇੜਨੀਆਂ ਪਈਆਂ, ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਮੁਗਲ ਫੌਜ ਦੇ ਇਕੱਲੇ-ਇਕੱਲੇ ਸੈਨਾਪਤੀ ਨੂੰ ਮਾਰ ਮੁਕਾਇਆ।

1. ਪਹਿਲੀ ਜੰਗ ਮਈ 1628 ਈ: ਵਿਚ ਅੰਮ੍ਰਿਤਸਰ ਵਿਖੇ ਹੋਇਆ ਮੁਗਲ ਸੈਨਾਪਤੀ ਮੁਖਲਿਸ ਖਾਂ ਸੀ।
2. ਦੂਸਰਾ ਜੰਗ ਸਤੰਬਰ 1629 ਈ ਹਰਿਗੋਬਿੰਦਪੁਰ ਵਿਖੇ ਹੋਇਆ ਮੁਗਲ ਸੈਨਾਪਤੀ ਅਬਦੁਲਾਹ ਖਾਂ ਸੀ।
3. ਤੀਜੀ ਜੰਗ ਨਵੰਬਰ 1631 ਈ: ਮਰਾੜ ਵਿਖੇ ਹੋਈ, ਸੈਨਾਪਤੀ ਲਲਾ ਬੇਗ ਸੀ।
4. ਚੌਥੀ ਜੰਗ 1634ਈ ਵਿਚ ਕਰਤਾਰਪੁਰ ਵਿਖੇ ਹੋਈ, ਸੈਨਾਪਤੀ ਸੀ ਕਾਲੇ ਖਾਂ ਅਤੇ ਪੈਂਦੇ ਖਾਂ।

ਜੰਗਾਂ ਉਪਰੰਤ ਗੁਰੂ ਜੀ ਸ਼ਾਂਤਮਈ ਜਗ੍ਹਾ ਦੀ ਤਲਾਸ਼ ਵਿਚ ਸਨ ਤਾਂ ਕੀਰਤਪੁਰ ਦੀ ਉਸਾਰੀ ਕੀਤੀ, ਜਿੱਥੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਿਤ ਕੀਤਾ। ਆਪਣੇ ਛੋਟੇ ਪੋਤਰੇ ਹਰਿਰਾਏ ਸਾਹਿਬ ਜੀ ਨੂੰ ਮਾਰਚ 1644ਈ: ਵਿਚ ਗੁਰਗੱਦੀ ਸੌਂਪੀ। ਆਪ 3 ਮਾਰਚ 1644 ਈ: ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

# ਸਿੱਖ ਵਿਰਾਸਤ ਦਾ ਪਹਿਰੇਦਾਰ : ਨਰਪਾਲ ਸਿੰਘ ਸ਼ੇਰਗਿਲ





ਉਜਾਗਰ ਸਿੰਘ
91-9417913072

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਿੱਖ ਕੌਮ ਦੀ 550 ਸਾਲ ਦੀ ਵਿਰਾਸਤ ਬਾਰੇ ਨਰਪਾਲ ਸਿੰਘ ਸ਼ੇਗਰਗਿਲ ਨੇ ਆਪਣੀ ਅਕੀਦਤ ਦੇ ਫੁੱਲ ਭੇਂਟ ਕਰਨ ਲਈ ਇਹ ਵਿਰਾਸਤੀ ਅੰਕ-2020 ਪ੍ਰਕਾਸ਼ਤ ਕੀਤਾ ਹੈ। ਉਹ ਹਮੇਸ਼ਾ ਹੀ ਗੁਰੂ ਸਾਹਿਬਾਨ, ਖਾਲਸਾ ਦੇ ਸਿਰਜਨਾ ਦਿਵਸ ਅਤੇ ਸਿੱਖ ਧਰਮ ਨਾਲ ਸੰਬੰਧਤ ਹੋਰ ਧਾਰਮਿਕ ਅਤੇ ਇਤਿਹਾਸਕ ਸ਼ਤਾਬਦੀਆਂ ਬਾਰੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਦੇ ਰਹਿੰਦੇ ਹਨ। ਉਹ ਸਿੱਖ ਸੋਚ, ਕਿਰਦਾਰ ਅਤੇ ਦਸਤਾਰ ਦੀ ਪਵਿਤਰਤਾ ਦੀ ਰਾਖੀ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਇਨ੍ਹਾਂ ਸ਼ਤਾਬਦੀਆਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਹ ਆਪਣੀ ਪੁਸਤਕ ਪ੍ਰਕਾਸ਼ਤ ਕਰ ਦਿੰਦੇ ਹਨ। ਸਿੱਖ ਅਤੇ ਸਿੱਖੀ ਨਾਲ ਸੰਬੰਧਤ ਕੋਈ ਵੀ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਘਟਨਾਵਾਂ ਦੇ ਵਾਪਰਨ ਦੇ ਹੰਦੇਸ਼ੇ ਸੰਬੰਧੀ ਉਹ ਅਗਾਊਂ ਆਪਣੀ ਦੂਰਅੰਦੇਸ਼ੀ ਪ੍ਰਵਿਰਤੀ ਹੋਣ ਕਰਕੇ ਸਿੱਖਾਂ ਨੂੰ ਜਾਗ੍ਰਤ ਕਰਨ ਦੇ ਇਰਾਦੇ ਨਾਲ ਸੋਵੀਨੀਅਰ ਪ੍ਰਕਾਸ਼ਤ ਕਰ ਦਿੰਦੇ ਹਨ। ਪਟਿਆਲਾ ਜਿਲ੍ਹੇ ਦੇ ਮਜਾਲ ਖੁਰਦ ਵਿਚ ਜਨਮ ਲੈਣ ਦੀ ਅਹਿਮੀਅਤ ਨੂੰ ਸਮਝਦੇ ਹੋਏ ਆਪਣੀ ਵਿਰਾਸਤ ਦੀ ਮਿੱਟੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਇੰਗਲੈਂਡ ਉਨ੍ਹਾਂ ਦੀ ਕਰਮ ਭੂਮੀ ਹੈ ਇਸ ਲਈ ਇੰਗਲੈਂਡ ਵਿਚ ਪਿਛਲੇ 55 ਸਾਲ ਤੋਂ ਆਉਂਦੇ ਜਾਂਦੇ ਰਹਿੰਦੇ ਹਨ ਪ੍ਰੰਤੂ ਦੇਸ਼ ਪਿਆਰ ਦੀ ਭਾਵਨਾ ਵਿਚ ਲਬਰੇਜ਼ ਹੋਣ ਕਰਕੇ ਇੰਗਲੈਂਡ ਦੀ ਨਾਗਰਿਕਤਾ ਨਹੀਂ ਲਈ। ਹੱਕ ਅਤੇ ਸੱਚ ਤੇ ਪਹਿਰਾ ਦੇਣ ਲਈ ਬਚਨਵੱਧ ਹਨ। ਨਰਪਾਲ ਸਿੰਘ ਸ਼ੇਰਗਿੱਲ ਨੇ ਆਪਣੀ ਇੰਡੀਅਨਜ਼ ਅਬਰਾਡ ਐਂਡ ਪੰਜਾਬ ਇੰਪੈਕਟ ਦੇ ਵਿਰਾਸਤੀ ਅੰਕ 2020 ਰਾਹੀਂ ਸੰਸਾਰ ਵਿਚ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਵੱਲੋਂ ਸਿੱਖ ਵਿਰਾਸਤ 'ਤੇ ਪਹਿਰਾ ਦੇਣ ਦੇ ਗੱਡੇ ਝੰਡਿਆਂ ਦੇ ਦਰਸ਼ਨ ਕਰਵਾ ਦਿੱਤੇ ਹਨ। ਇਸ ਪੁਸਤਕ ਨੂੰ ਪੜ੍ਹਕੇ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੀਆਂ ਬੁਲੰਦੀਆਂ ਤੇ ਨਜ਼ਰਾਂ ਪੈਣ ਨਾਲ ਉਨ੍ਹਾਂ ਦੇ ਸਿਰ ਮਾਣ ਨਾਲ ਉਚੇ ਹੋ ਜਾਂਦੇ ਹਨ। ਹਰ ਸਾਲ ਦੀ ਤਰ੍ਹਾਂ ਉਨ੍ਹਾਂ ਆਪਣੀ ਇਸ ਪੁਸਤਕ ਵਿਚ ਵੀ ਨਵੇਕਲਾ ਕੰਮ ਕੀਤਾ ਹੈ। ਨਰਪਾਲ ਸਿੰਘ ਸ਼ੇਰਗਿੱਲ ਹਮੇਸ਼ਾ ਪੁਰਾਣੀਆਂ ਪਗਡੰਡੀਆਂ 'ਤੇ ਚਲਣ ਦੀ ਥਾਂ ਨਵੇਂ ਰਾਹ ਬਣਾਕੇ ਚਲਣ ਦਾ ਆਦੀ ਹੈ। ਇਸ ਵਾਰ ਇਸ ਪੁਸਤਕ ਵਿਚ ਪੰਜਾਬੀ ਅਤੇ ਅੰਗਰੇਜ਼ੀ ਵਿਚ ਜਿਹੜੇ ਲੇਖ ਪ੍ਰਕਾਸ਼ਤ ਕੀਤੇ ਹਨ, ਉਨ੍ਹਾਂ ਵਿਚ ਪੰਜਾਬ ਦੀ ਵਿਰਾਸਤ ਦੀਆਂ ਧਰੋਹਰਾਂ ਬਾਰੇ ਅਜਿਹੀ ਜਾਣਕਾਰੀ ਦਿੱਤੀ ਹੈ, ਜਿਹੜੀ ਪਹਿਲਾਂ ਛੁਪੀ ਰਹੀ ਹੈ। ਦਸਤਾਰ ਦੀ ਆਨ ਅਤੇ ਸ਼ਾਨ, ਸਿੱਖੀ ਸਰੂਪ ਕਿਉਂ ਜ਼ਰੂਰੀ, ਸ੍ਰੀ ਗੁਰੂ ਗੋਬਿੰਦ ਸਿੰਘ ਦੀ ਵਿਚਾਰਧਾਰਾ 'ਤੇ ਪਹਿਰਾ ਦੇਣਾ ਅਜੋਕੇ ਸਮੇਂ ਲੋੜ ਅਤੇ ਪਵਾਸ ਵਿਚ ਗੁਰੂ ਘਰ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੰਦੇ ਹੋਏ ਸਿੱਖਾਂ ਦੀ ਸਰਦਾਰੀ ਦੀ ਪਹਿਚਾਣ ਬਣਾਉਂਦੇ ਹਨ। ਸਿੱਖ ਧਰਮ ਦੇ ਵਿਕਾਸ ਦੀ ਜਦੋਜਹਿਦ ਦਾ ਦਰਸਾਉਣ ਵਾਲਾ ਲੇਖ ਸਾਡੀ ਅੰਤਹਕਰਨ ਦੀ ਆਵਾਜ਼ ਸੁਣਨ ਦਾ ਪ੍ਰਤੀਕ ਵਜੋਂ ਮਹਿਸੂਸ ਕਰਨ ਵਾਲਾ ਹੈ। ਜਿਸ ਕੌਮ ਦਾ ਇਤਿਹਾਸ ਇਤ-ਨੀਆਂ ਕੁਰਬਾਨੀਆਂ ਵਾਲਾ ਹੋਵੇ ਉਸ ਕੌਮ ਨੂੰ ਵਿਰਾਸਤ 'ਤੇ ਪਹਿਰਾ ਹੀ ਨਹੀਂ ਦੇਣਾ ਚਾਹੀਦਾ ਸਗੋਂ ਹੋਰ ਉਤਸ਼ਾਹ ਨਾਲ ਅਕੀਦਤ ਦੇ ਫੁਲ ਭੇਂਟ ਕਰਨੇ ਚਾਹੀਦੇ ਹਨ। ਇਹ ਸੋਚ ਹੈ ਨਰਪਾਲ ਸਿੰਘ ਸ਼ੇਰਗਿਲ ਦੀ ਜੋ ਇਸ ਪੁਸਤਕ ਵਿਚੋਂ ਸ਼ਪਸ਼ਟ ਹੁੰਦੀ ਹੈ। ਇਸ ਵਿਰਾਸਤੀ ਅੰਕ ਨੂੰ ਆਮ ਪੁਸਤਕ ਨਾ ਸਮਝਿਆ ਜਾਵੇ, ਸਗੋਂ ਇਸ ਦੀ ਸੋਚ ਨੂੰ ਸਮਝਿਆ ਜਾਵੇ। ਸਲਾਮ ਹੈ ਨਰਪਾਲ ਸਿੰਘ ਸ਼ੇਰਗਿਲ ਦੀ ਤੀਖਣ ਬੁੱਧੀ ਵਾਲੀ ਸੋਚ ਨੂੰ। ਅਜਿਹੇ ਕੁਝ ਨੁਕਤੇ ਹਨ ਜਿਨ੍ਹਾਂ ਨੂੰ ਇਸ ਪੁਸਤਕ ਦੇ ਅਹਿਮ ਹਿੱਸੇ ਵਜੋਂ ਵੇਖਿਆ ਜਾ ਸਕਦਾ ਹੈ। ਉਨ੍ਹਾਂ ਉਚ ਕੋਟੀ ਦੇ ਖਿਡਾਰੀਆਂ ਦੀਆਂ ਪ੍ਰਾ-ਪਤੀਆਂ ਦਾ ਵਰਨਣ ਕਰਕੇ ਨੌਜਵਾਨ ਪੀੜ੍ਹੀ ਨੂੰ ਆਪਣੀ ਵਿਰਾਸਤ ਨੂੰ ਸਾਂਭਣ ਲਈ ਸੁਚੇਤ ਕੀਤਾ ਹੈ। ਪੁਸਤਕ ਦਾ ਬਹੁਰੰਗੀ ਸਚਿਤਰ ਦਿਲਕਸ਼ ਮੁੱਖ ਕਵਰ ਹੀ ਸੂਝਵਾਨ ਪਾਠਕ ਨੂੰ ਇਸ ਵਿਚਲੀ ਸਮਗਰੀ ਬਾਰੇ ਇਸ਼ਾਰੇ ਕਰ ਜਾਂਦਾ ਹੈ। ਨਰਪਾਲ ਸਿੰਘ ਸ਼ੇਰਗਿੱਲ ਦਾ ਸੁਭਾਅ ਹੀ ਨਵੀਆਂ ਪ੍ਰਿਤਾਂ ਪਾਉਣ ਨੂੰ ਤਰਜ਼ੀਹ ਦਿੰਦਾ ਹੈ। ਉਹ ਲਕੀਰ ਦਾ ਫ਼ਕੀਰ ਨਹੀਂ ਬਣਦਾ। ਉਹ ਸਥਾਪਤ ਪਰੰਪਰਾਵਾਂ ਦਾ ਵਿਰੋਧੀ ਵੀ ਨਹੀਂ ਪ੍ਰੰਤੂ ਉਨ੍ਹਾਂ ਨੂੰ ਨਵੇਂ ਢੰਗ ਨਾਲ ਆਧੁਨਿਕਤਾ ਦੇ ਗਿਲਾਫ਼ ਵਿਚ ਲਪੇਟ ਕੇ ਪ੍ਰਗਟਾਉਣ ਵਾਲਾ ਦੂਰ ਅੰਦੇਸ਼ ਵਿਅਕਤੀ ਹੈ। ਉਨ੍ਹਾਂ ਨੇ ਇਸ ਪੁਸਤਕ ਦੇ ਮੁੱਖ ਕਵਰ 'ਤੇ ਆਜ਼ਾਦੀ ਸੰਗਰਾਮ ਦਾ ਕੈਨੇਡਾ ਅਤੇ ਅਮਰੀਕਾ ਵਿਚ ਮੁੱਢ ਬੰਨ੍ਹਣ ਵਾਲੇ ਮੁਹਿੰਮਕਾਰੀ ਗ਼ਦਰ ਅਖ਼ਬਾਰ ਦੇ ਪਹਿਲੇ ਪੰਨੇ ਦੀ ਤਸਵੀਰ ਲਗਾਕੇ ਪਰਵਾਸ ਵਿਚ ਪੰਜਾਬੀਆਂ ਵੱਲੋਂ ਆਜ਼ਾਦੀ ਸੰ-ਗਰਾਮ ਦੇ ਯੋਗਦਾਨ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਇਸਦੇ ਨਾਲ ਹੀ ਬਾਬਾ ਸੋਹਣ ਸਿੰਘ ਭਕਨਾ ਅਤੇ ਗ਼ਦਰੀ ਬਾਬਿਆਂ ਦੀ ਤਸਵੀਰ ਲਗਾਈ ਹੈ ਤਾਂ ਜੋ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਸਕੇ। ਨਰਪਾਲ ਸਿੰਘ ਸ਼ੇਰਗਿੱਲ ਨੇ ਗ਼ਦਰ ਮੈਮੋਰੀਅਲ ਦਾ ਦੌਰਾ ਕਰਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ, ਜਿਸਦੀ ਤਸਵੀਰ ਵੀ ਮੁੱਖ ਕਵਰ ਤੇ ਲੱਗੀ ਹੋਈ ਹੈ। ਇੰਡੀਅਨ ਬ੍ਰਿਟਿਸ਼ ਸਮੇਂ ਸਿੱਖਾਂ ਵੱਲੋਂ ਫ਼ੌਜ ਵਿਚ ਨੌਕਰੀ ਕਰਦਿਆਂ ਮਾਰੇ ਗਏ ਮਾਅਰਕਿਆਂ ਨੂੰ ਦਰਸ-ਾਉਂਦੀਆਂ ਫ਼ੌਜੀ ਜਵਾਨਾ ਦੀਆਂ ਤਸਵੀਰਾਂ ਵੀ ਉਨ੍ਹਾਂ ਦੀ ਬਹਾ-ਦਰੀ ਦੀਆਂ ਬਾਤਾਂ ਪਾ ਰਹੀਆਂ ਹਨ। ਮਹਾਰਾਜਾ ਦਲੀਪ ਸਿੰਘ ਦੇ ਇੰਗਲੈਂਡ ਵਿਚ ਲਗਾਏ ਬੁੱਤ ਦੀ ਤਸਵੀਰ ਪੰਜਾਬੀਆਂ ਨੂੰ ਝੰਜੋੜਨ ਦਾ ਕੰਮ ਕਰੇਗੀ ਤਾਂ ਜੋ ਅੱਗੋਂ ਤੋਂ ਪੰਜਾਬੀ ਉਸ ਗ਼ਲਤੀ ਨੂੰ ਮੁੜ ਦੁਹਰਾਉਣ ਦੀ ਹਿੰਮਤ ਨਾ ਕਰਨ। ਭੁਪਿੰਦਰ ਸਿੰਘ ਹਾਲੈਂਡ ਸਿੱਖ ਇਤਿਹਾਸਕਾਰ ਆਪਣੀ ਅੰਗਰੇਜ਼ੀ ਵਿਚ ਪੁਸਤਕ ਕੈਪਟਨ ਅਮਰਿੰਦਰ ਸਿੰਘ ਤੋਂ ਜਾਰੀ ਕਰਵਾਉਂਦੇ ਹੋਏ ਵੀ ਮੁੱਖ ਕਵਰ ਦਾ ਹਿੱਸਾ ਹਨ। ਮਹਾਰਾਜਾ ਭੁਪਿੰਦਰ ਸਿੰਘ ਜਦੋਂ ਪ੍ਰੀਵੀ ਕੌਂਸਲ ਦੀ ਮੀਟਿੰਗ ਕਰਨ ਇੰਗਲੈਂਡ ਗਏ ਸਨ, ਉਦੋਂ ਦੀ ਤਸਵੀਰ ਵੀ ਲਗਾਈ ਗਈ ਹੈ ਕਿਉਂਕਿ ਉਹ ਵੀ ਇਤਿਹਾਸਕ ਘਟਨਾ ਸੀ। ਉਹ ਸਾਰੀਆਂ ਰਿਆਸਤਾਂ ਦੀ ਨੁਮਾਇੰਦਗੀ ਕਰ ਰਹੇ ਸਨ। ਇਸ ਸੰਬੰਧੀ ਲੇਖ ਪੁਸਤਕ ਦੇ ਪੰਨਾ ਨੰਬਰ 164-67 'ਤੇ ਹੈ। ਉਨ੍ਹਾ ਦੇ ਨਾਲ ਹੀ ਸਿੱਖ ਫ਼ੌਜੀ ਦਾ ਬੁੱਤ ਜੋ ਪਰਵਾਸ ਵਿਚ ਲਗਿਆ ਹੋਇਆ ਹੈ, ਉਹ ਸਿੱਖਾਂ ਦੇ ਯੋਗਦਾਨ ਦੀ ਮੂੰਹ ਬੋਲਦੀ ਤਸਵੀਰ ਦਾ ਸਬੂਤ ਹੈ। ਸਿੱਖ ਧਰਮ ਦੇ ਪੰਜੇ ਤਖ਼ਤਾਂ ਅਤੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਤਸਵੀਰਾਂ ਪੰਜਾਬੀ ਵਿਰਾਸਤ ਦੀਆਂ ਅਨਮੋਲ ਧਰੋਹਰਾਂ ਹਨ। ਇਹ ਤਸਵੀਰਾਂ ਇਸ ਕਰਕੇ ਲਗਾਈਆਂ ਗਈਆਂ ਹਨ ਤਾਂ ਜੋ ਸਿੱਖ ਆਪਣੀ ਬੇਸ਼ਕੀਮਤੀ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਮਨੁੱਖੀ ਹੱਕਾਂ ਅਤੇ ਸਰਬਤ ਦੇ ਭਲੇ ਉਪਰ ਪਹਿਰਾ ਦਿੰਦੇ ਰਹਿਣ। ਸਿੱਖ ਧਰਮ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਦਾ ਪਲੜਚਿੜ੍ਹੀ ਵਿਖੇ ਲੱਗਿਆ ਬੁੱਤ ਸਿੱਖਾਂ ਨੂੰ ਆਪਣੀ ਅਣਖ਼ ਨਾਲ ਜ਼ਿੰਦਗੀ ਜਿਓਣ ਦਾ ਸੰਦੇਸ਼ ਦਿੰਦਾ ਹੋਇਆ ਜ਼ੁਲਮ ਦਾ ਟਾਕਰਾ ਕਰਨ ਲਈ ਪ੍ਰੇਰਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਘੋੜ ਸਵਾਰੀ ਵਾਲਾ ਬੁੱਤ ਪੰਜਾਬੀਆਂ ਨੂੰ ਪਰਜਾ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲਾ ਰਾਜ ਸਥਾਪਤ ਕਰਨ ਦੀ ਪ੍ਰੇਰਨਾ ਦੇਣ ਦੇ ਮਕਸਦ ਦੀ ਪੂਰਤੀ ਕਰਦਾ ਹੈ। ਇਸ ਤੋਂ ਇਲਾਵਾ 550 ਪੰਜਾਬੀਆਂ ਦੀਆਂ ਰੰਗਦਾਰ ਤਸਵੀਰਾਂ ਪੁਸਤਕ ਦੇ ਵਿਚ ਲਗਾਈਆਂ ਹਨ, ਜਿਹੜੇ ਆਪੋ ਆਪਣੇ ਖੇਤਰਾਂ ਵਿਚ ਨਾਮਣਾ ਖੱਟ ਰਹੇ ਹਨ। ਇਹ ਤਸਵੀਰਾਂ ਵੀ ਨੌਜਵਾਨ ਪੀੜ੍ਹੀ ਲਈ ਉਤਸ਼ਾਹ ਜਨਕ ਸਾਬਤ ਹੋਣ-ਗੀਆਂ। ਇਹੋ ਜਿਹਾ ਉਦਮ ਚੇਤਨ ਅਤੇ ਤੀਖਣ ਬੁਧੀ ਵਾਲਾ ਨਰਪਾਲ ਸਿੰਘ ਸ਼ੇਰਗਿੱਲ ਵਰਗਾ ਦਲੇਰ ਅਤੇ ਉਤਸ਼ਾਹੀ ਵਿਅਕਤੀ ਹੀ ਕਰ ਸਕਦਾ ਹੈ। ਉਹ ਵੀ ਆਪਣੇ ਖ਼ਰਚੇ 'ਤੇ 384 ਪੰਨਿਆਂ ਵਾਲੀ ਰੰਗਦਾਰ ਪੁਸਤਕ ਪ੍ਰਕਾਸ਼ਤ ਕਰਕੇ ਆਪਣੀ ਵਿਰਾਸਤ ਨੂੰ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦੇਣ ਦੇ ਇਰਾਦੇ ਨਾਲ ਆਪਣਾ ਘਰ ਫੂਕ ਕੇ ਤਮਾਸ਼ਾ ਵੇਖਦਾ ਹੈ। ਇਸ ਪੁਸਤਕ ਵਿਚ ਪੰਜਾਬੀ ਉਦਮੀਆਂ, ਜਿਨ੍ਹਾਂ ਨੇ ਪ੍ਰਵਾਸ ਵਿਚ ਆਪਣੇ ਕਾਰੋਬਾਰਾਂ ਵਿਚ ਸਫਲਤਾ ਪ੍ਰਾਪਤ ਕਰਕੇ ਪੰਜਾਬੀਆਂ ਦਾ ਨਾਮ ਰੌਸ਼ਨ ਕੀਤਾ ਹੈ, ਉਨ੍ਹਾਂ ਬਾਰੇ ਵੀ ਦਿੱਤਾ ਗਿਆ ਹੈ। ਉਨ੍ਹਾਂ ਦੇ ਟੈਲੀਫੋਨ ਨੰਬਰ ਅਤੇ ਅਡਰੈਸ ਦਿੱਤੇ ਗਏ ਹਨ। ਸੰਸਾਰ ਵਿਚ ਜਿਤਨੇ ਗੁਰੂ ਘਰ ਹਨ, ਉਨ੍ਹਾਂ ਸਾਰਿਆਂ ਦੇ ਐਡਰੈਸ ਅਤੇ ਟੈਲੀਫੋਨ ਵੀ ਦਿੱਤੇ ਗਏ ਹਨ। ਸਾਰੇ ਦੇਸ਼ਾਂ ਦੇ ਹਾਈ ਕਮਿਸ਼ਨਰਜ਼ ਦੇ ਦਫ਼ਤਰਾਂ ਦੇ ਪਤੇ ਅਤੇ ਟੈਲੀਫੋਨ ਵੀ ਦਿੱਤੇ ਗਏ। ਇਨ੍ਹਾਂ ਦਾ ਭਾਵ ਪੰਜਾਬੀਆਂ ਨੂੰ ਪਰਵਾਸ ਵਿਚ ਕਿਸੇ ਵੀ ਕੰਮ ਲਈ ਕੋਈ ਮੁਸ਼ਕਲ ਪੇਸ਼ ਨਾ ਹੋਵੇ। ਪੰਜਾਬੀ ਦੇ ਸਾਹਿ-ਤਕਾਰਾਂ, ਖਿਡਾਰੀਆਂ, ਆਰਟਿਸਟਾਂ, ਪ੍ਰਵਾਸ ਦੇ ਸਿਆ-ਸਤਦਾਨਾ, ਸਿੱਖ ਧਰਮ ਦੀ ਅਮੀਰ ਵਿਰਾਸਤ ਅਤੇ ਕੁਰਬਾਨੀਆਂ ਬਾਰੇ ਲੇਖ ਦਿੱਤੇ ਗਏ ਹਨ। ਭਵਿਖ ਵਿਚ ਨਰਪਾਲ ਸਿੰਘ ਸ਼ੇਰਗਿਲ ਤੋਂ ਹੋਰ ਵਧੇਰੇ ਉਦਮ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।

# ਚੋਣ ਨਤੀਜੇ ਤੇ ਕਰੋਨਾ, ਜਵਾਬ-ਦੇਹੀ ਤਾਂ ਪ੍ਰਧਾਨ ਮੰਤਰੀ ਦੀ ਹੀ ਹੈ!



ਗੁਰਮੀਤ ਪਲਾਹੀ
91-98158-02070

ਬੰਗਾਲ ਦੀ ਹਰਮਨ ਪਿਆਰੀ ਖੇਡ ਫੁੱਟਬਾਲ ਹੈ। ਮੋਦੀ ਹਕੂਮਤ ਨਾਲ ਤਾਕਤੀ ਖੇਡ-ਖੇਡਦਿਆਂ ਸੂਬੇ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ 'ਬਾਲ' ਲੋਕਾਂ ਵੱਲ ਇੰਜ ਹਕਾਰਤ ਭਰੀਆਂ ਨਜ਼ਰਾਂ ਨਾਲ ਸੁੱਟਿਆ, ਇਹ ਆਸ ਰੱਖ ਕੇ ਕਿ ਉਹ ਮੋਦੀ ਟੀਮ ਨੂੰ ਚਿੱਤ ਕਰ ਦੇਣਗੇ। ਲੋਕਾਂ ਨੇ ਨੰਗੇ ਧੜ ਲੜਨ ਵਾਲੀ ਮਮਤਾ ਨੂੰ ਨਿਰਾਸ਼ ਨਹੀਂ ਕੀਤਾ ਤੇ ਮੋਦੀ ਨੂੰ ਚਾਰੋਂ ਖਾਨੇ ਚਿੱਤ ਕਰ ਦਿੱਤਾ। ਪੰਜਾਬੀਆਂ ਵਾਂਗਰ, ਬੰਗਾਲੀਆਂ ਨੇ ਵੀ ਉਸ ਸਰਕਾਰ ਦੀ ਈਨ ਨਹੀਂ ਮੰਨੀ, ਜਿਹੜੀ ਸਰਕਾਰ ਸੰਵਿਧਾਨ ਅਤੇ ਲੋਕ ਜਜ਼ਬਿਆਂ ਵੱਲ ਪਿੱਠ ਕਰ ਕੇ ਖੜੀ ਹੈ ਅਤੇ ਦੇਸ਼ 'ਚ ਹਰ ਥਾਂ ਮਨ-ਆਈਆਂ ਕਰਕੇ ਆਪਣੀ ਧੌਂਸ ਜਮਾਉਣ ਦੇ ਰਾਹ ਤੁਰੀ ਹੋਈ ਹੈ।

ਮਮਤਾ ਬੈਨਰਜੀ ਨੇ ਬੰਗਾਲ ਚੋਣਾਂ 'ਚ ਪ੍ਰਧਾਨ ਮੰਤਰੀ ਵਲੋਂ ਆਪਣੇ ਭਾਸ਼ਨਾਂ 'ਚ ਦਿੱਤੇ ਆਪਣੇ ਵਚਨ ਨੂੰ ਪੁਗਾਉਣ ਲਈ ਅਸਤੀਫ਼ੇ ਦੀ ਮੰਗ ਕੀਤੀ ਹੈ। ਦੇਸ਼ ਵਿੱਚ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਦੀ ਮੰਗ ਤਾਂ ਕਰੋਨਾ ਮਹਾਂਮਾਰੀ ਨੂੰ ਕੰਟਰੋਲ ਨਾ ਕਰਨ ਕਾਰਨ ਅਤੇ ਆਪਣੇ ਵਲੋਂ ਕੀਤੇ ਫੈਂਕੂ ਭਾਸ਼ਨਾਂ ਦੇ ਵਿਰੋਧ ਵਿੱਚ ਸ਼ੋਸ਼ਲ ਮੀਡੀਆ ਉਤੇ ਵੀ ਲੱਖਾਂ ਲੋਕਾਂ ਨੇ ਕੀਤੀ ਅਤੇ ਉਹਨਾਂ ਨੇ ਪ੍ਰਧਾਨ ਮੰਤਰੀ ਨੂੰ ਯਾਦ ਕਰਾਇਆ ਕਿ ਜਿਸ ਮਹਾਂਮਾਰੀ ਨੂੰ ਕਾਬੂ ਕਰਨ ਦੇ ਵੱਡੇ ਵੱਡੇ ਭਾਸ਼ਨ ਦਿੱਤੇ ਸਨ "ਮਿੱਤਰੋ, ਭਾਰਤ ਦੀ ਕਾਮਯਾਬੀ ਨੂੰ ਕਿਸੇ ਇੱਕ ਮੁਲਕ ਦੀ ਸਫਲਤਾ ਨਾਲ ਅੰਕਣਾ ਉਚਿਤ ਨਹੀਂ ਹੋਵੇਗਾ। ਜਿਸ ਮੁਲਕ 'ਚ ਵਿਸ਼ਵ ਦੀ 18 ਫੀਸਦੀ ਅਬਾਦੀ ਰਹਿੰਦੀ ਹੋਵੇ ਉਸ ਮੁਲਕ ਨੇ ਕਰੋਨਾ ਉਪਰ ਅਸਰ ਦਾਰ ਕਾਬੂ ਪਾ ਕੇ ਪੂਰੀ ਦੁਨੀਆ ਨੂੰ ਮਨੁੱਖਤਾ ਦੀ ਬੜੀ ਤ੍ਰਾਸਦੀ ਤੋਂ ਵੀ ਬਚਾਇਆ ਹੈ"।

ਪਰ ਅੱਜ ਜਦੋਂ ਹਰ ਰੋਜ਼ ਲਗਭਗ ਚਾਰ ਲੱਖ ਲੋਕ ਕਰੋਨਾ ਤੋਂ ਪੀੜਤ ਹੋ ਰਹੇ ਹਨ, ਲੋਕਾਂ ਨੂੰ ਹਸਪਤਾਲਾਂ 'ਚ ਬੈੱਡ ਨਹੀਂ ਮਿਲ ਰਹੇ। ਆਕਸੀਜਨ ਤੋਂ ਬਿਨਾਂ ਲੋਕ ਮਰ ਰਹੇ ਹਨ। ਦਵਾਈਆਂ ਦੀ ਘਾਟ ਹੈ। ਵੈਕਸੀਨ ਦੀ ਥੁੜੋਂ ਹੈ। ਡਾਕਟਰਾਂ ਅਤੇ ਸਟਾਫ ਦੀ ਕਮੀ ਹੈ। ਸਮਸ਼ਾਨ ਘਾਟਾਂ 'ਚ ਮੁਰਦੇ ਜਾਲਣ ਵਾਸਤੇ ਥਾਂ ਨਹੀਂ ਮਿਲ ਰਹੀ। ਦਿੱਲੀ 'ਚ ਲਾਸ਼ਾਂ ਫੂਕਣ ਲਈ ਬਾਲਣ ਨਹੀਂ ਮਿਲ ਰਿਹਾ । ਲੋਕ ਨਿਰਾਸ਼-ਪ੍ਰੇਸ਼ਾਨ ਹਨ। ਦੇਸ਼ 'ਚ ਹਾਹਾਕਾਰ ਮਚਿਆ ਹੋਇਆ ਹੈ। ਜਿਹੜੇ ਲੋਕਾਂ ਨੂੰ ਕਿਧਰੇ ਪ੍ਰਾਈਵੇਟ ਹਸਪਤਾਲਾਂ 'ਚ ਇਲਾਜ ਦੀ ਸੁਵਿਧਾ ਮਿਲ ਵੀ ਜਾਂਦੀ ਹੈ, ਉਥੇ ਹਸਪਤਾਲ ਉਹਨਾਂ ਦੀ ਇੰਨੀ ਕੁ ਲੁੱਟ ਕਰ ਲੈਂਦੇ ਹਨ ਕਿ ਹੱਥ ਬੰਦਾ ਤਾਂ ਜੀਊਂਦਾ ਲੱਗ ਜਾਂਦਾ ਹੈ, ਪਰ ਜ਼ਿੰਦਗੀ ਭਰ ਦੀ ਬੱਚਤ, ਕਮਾਈ ਲੁੱਟੀ ਪੁੱਟੀ ਜਾਂਦੀ ਹੈ। ਲੋਕ ਸਦਮੇ, ਅਫਰਾਤਫਰੀ ਵਿੱਚ ਹਨ ਅਤੇ ਉਸ ਸਾਰੇ ਤ੍ਰਿਸਕਾਰ ਨੂੰ ਉਹ ਬਿਆਨ ਕਰਨ ਤੋਂ ਵੀ ਆਤੁਰ ਹੈ, ਜਿਹੜਾ ਉਹਨਾਂ ਨੂੰ ਭੁਗਤਣਾ ਪੈ ਰਿਹਾ ਹੈ।

ਮਨੁੱਖ ਨੂੰ ਇਸ ਧਰਤੀ ਉਤੇ ਜੀਉਣ ਦਾ ਹੱਕ ਹੈ। ਭਾਰਤੀ ਨਾਗਰਿਕਾਂ ਨੂੰ ਭਾਰਤੀ ਸੰਵਿਧਾਨ ਦੀ ਧਾਰਾ-21 ਅਨੁਸਾਰ ਜੀਵਨ ਸਹੂਲਤਾਂ ਦੇਣਾ ਸਰਕਾਰ ਦੇ ਫਰਜ਼ਾਂ 'ਚ ਸ਼ਾਮਲ ਕੀਤਾ ਗਿਆ ਹੈ। ਸੁਪਰੀਮ ਕੋਰਟ ਦੇ 1984, 1987, 1992 'ਚ ਦਿੱਤੇ ਫੈਸਲਿਆਂ ਅਨੁਸਾਰ ਭਾਰਤ ਵਿੱਚ ਸਿਹਤ ਸੁਵਿਧਾਵਾਂ ਭਾਰਤੀ ਨਾਗਰਿਕਾਂ ਦਾ ਮੌਲਿਕ ਅਧਿਕਾਰ ਹੈ। ਜੇਕਰ ਆਮ ਆਦਮੀ ਨੂੰ ਸਮੇਂ ਤੇ ਇਲਾਜ ਨਹੀਂ ਮਿਲਦਾ, ਤਾਂ ਇਹ ਉਸਦੇ ਜੀਊਣ ਦੇ ਅਧਿਕਾਰ ਉਤੇ ਵੱਡਾ ਹਮਲਾ ਹੈ। ਪਹਿਲੀਆਂ ਤੇ ਮੌਜੂਦਾ ਸਰਕਾਰ ਨੇ ਦੇਸ਼ ਵਾਸੀਆਂ ਨੂੰ ਸਿਹਤ ਸਹੂਲਤਾਂ ਨਾ ਦੇ ਕੇ ਉਹਨਾਂ ਦੇ ਮੁੱਢਲੇ ਅਧਿਕਾਰਾਂ ਨੂੰ ਪੈਰਾਂ ਹੇਠ ਮਧੋਲਿਆ ਹੈ। ਇਹੀ ਕਾਰਨ ਹੈ ਕਿ ਅੱਜ ਦੇਸ਼ ਮਹਾਂਮਾਰੀ ਸਮੇਂ ਕੁਰਲਾ ਰਿਹਾ ਹੈ। ਇਲਾਜ ਤੋਂ ਬਿਨਾਂ ਪੂਰਾ ਦੇਸ਼ ਵਿਲਕ ਰਿਹਾ ਹੈ।

ਭਾਰਤ ਨੇ ਦੁਨੀਆ ਵਿੱਚ ਸਭ ਤੋਂ ਪਹਿਲਾਂ ਕਰੋਨਾ ਵੈਕਸੀਨ ਤਿਆਰ ਕਰਨ ਦਾ ਦਾਅਵਾ ਕੀਤਾ ਅਤੇ ਦੁਨੀਆ ਦੇ ਦਰਜਨਾਂ ਹੀ ਦੇਸ਼ਾਂ ਨੂੰ ਮਦਦ ਲਈ ਹੱਥ ਵਧਾਇਆ ਅਤੇ ਕਰੋਨਾ ਵੈਕਸੀਨ ਭੇਜੇ, ਪਰ ਸਵਾਲ ਪੈਦਾ ਹੁੰਦਾ ਹੈ ਕਿ ਅਚਾਨਕ ਇਹੋ ਜਿਹਾ ਕੀ ਹੋ ਗਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਮੁੱਖੀ ਵੀ ਇਹ ਕਹਿਣ ਲਈ ਮਜ਼ਬੂਰ ਹੋ ਗਏ ਕਿ ਭਾਰਤ ਦੇ ਹਾਲਾਤ ਦਿਲ ਤੋੜਨ ਤੋਂ ਵੀ ਕਿਧਰੇ ਜ਼ਿਆਦਾ ਗੰਭੀਰ ਹਨ। ਇੱਕ ਦੇ ਬਾਅਦ ਬੀਤਦੇ ਹਰ ਹਫਤੇ ਕੋਈ ਉਮੀਦ ਜਾਗਣ ਤੇ ਹੌਸਲਾ ਬੰਨਣ ਦੀ ਵਿਜਾਏ ਹੋਰ ਵੱਡੀਆਂ ਅਣਹੋਣੀਆਂ ਦੀ ਸ਼ੰਕਾ ਪੈਦਾ ਹੋ ਰਹੀ ਹੈ।



ਹਰ ਵਿਅਕਤੀ ਦੇ ਮਨ ਵਿੱਚ ਹੈ ਕਿ ਕੁੰਭ ਮੇਲੇ, ਚੋਣ ਰੈਲੀਆਂ ਤੋਂ ਬਿਨਾਂ ਵਿਆਹ ਸ਼ਾਦੀਆਂ, ਤਿਉਹਾਰਾਂ, ਪਾਰਟੀਆਂ 'ਚ ਸ਼ਮੂਲੀਅਤ ਦੇ ਰੂਪ ਵਿੱਚ ਸਰਕਾਰ, ਤੰਤਰ ਅਤੇ ਆਮ ਜਨਤਾ ਦੀ ਪੱਧਰ ਉਤੇ ਜੋ ਲਾਪਰਵਾਹੀ ਹੋਈ ਹੈ, ਉਸਨੇ ਦੁਨੀਆ ਦੀ ਸਭ ਤੋਂ ਵੱਡੀ ਅਬਾਦੀ ਵਾਲੇ ਦੇਸ਼ਾਂ ਵਿੱਚੋਂ ਇੱਕਨ ਭਾਰਤ ਦਾ ਆਤਮਵਿਸ਼ਵਾਸ਼ ਡਗਮਗਾ ਦਿੱਤਾ ਹੈ। ਖਾਸ ਤੌਰ ਤੇ ਮੈਡੀਕਲ ਆਕਸੀਜਨ ਦਾ ਸੰਕਟ ਇਹੋ ਜਿਹਾ ਹੈ ਕਿ ਇਸਦੀ ਮੰਗ ਅਤੇ ਪੂਰਤੀ ਦੇ ਅੰਤਰ ਨੇ ਸ਼ਾਇਦ ਅਣਗਿਣਤ ਲੋਕਾਂ ਨੂੰ ਅਣਿਆਈ ਮੌਤ ਦੇ ਮੂੰਹ ਧੱਕ ਦਿੱਤਾ ਹੈ। ਮੰਗ ਤੇ ਪੂਰਤੀ ਕਾਰਨ ਲੋਕਾਂ ਦੀ ਅੰਨ੍ਹੇ-ਵਾਹ ਲੁੱਟ ਵੱਧ ਗਈ ਹੈ।

ਕੀ ਇਸਦੀ ਜ਼ਿੰਮੇਵਾਰੀ ਦੇਸ਼ ਦੀ ਅਫ਼ਸਰਸ਼ਾਹੀ ਦੀ ਹੈ , ਲਾਲਫੀਤਾ ਸ਼ਾਹੀ ਦੀ ਹੈ ਜਾਂ ਜ਼ਿੰਮੇਵਾਰ ਉਹ ਹਾਕਮ ਲੋਕ ਹਨ ਜਿਹੜੇ ਹਰ ਛੋਟੀ ਮੋਟੀ ਪ੍ਰਾਪਤੀ ਨੂੰ ਵੱਡੀ ਮੰਨ ਕੇ ਉਸਦਾ ਸਿਹਰਾ ਆਪਣੇ ਸਿਰ ਸਜਾਉਣ ਦਾ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਵੇਖੋ ਨਾ, ਦੇਸ਼ ਵਿਆਪੀ 15 ਕਰੋੜ ਲੋਕਾਂ ਦੇ ਵੈਕਸੀਨ ਲਗਾਈ ਗਈ। ਵੈਕਸੀਨ ਤਸਦੀਕੀ ਸਰਟੀਫੀਕੇਟ ਉਤੇ ਫੋਟੋ ਸ਼੍ਰੀ ਮਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਛਾਪ ਦਿੱਤੀ ਗਈ। ਵੱਡਾ ਮਾਣ ਖੱਟਣ ਦਾ ਯਤਨ ਹੋਇਆ।

ਕਿਹਾ ਜਾ ਰਿਹਾ ਹੈ ਕਿ ਸਿਹਤ ਸੇਵਾਵਾਂ ਸੂਬਿਆਂ ਦੇ ਅਧੀਨ ਹਨ। ਦੇਸ਼ ਵਿੱਚ 29 ਸੂਬੇ ਅਤੇ 7 ਕੇਂਦਰ ਸਾਸ਼ਤ ਪ੍ਰਦੇਸ਼ ਹਨ। ਸੂਬਿਆਂ ਵਿੱਚ ਹਸਪਤਾਲਾਂ ਨੂੰ ਲਾਇਸੰਸ ਦੇਣਾ, ਉਹਨਾਂ 'ਚ ਬੈੱਡਾਂ ਦੀ ਗਿਣਤੀ ਵਧਾਉਣਾ, ਸਾਜੋ ਸਮਾਨ, ਸਟਾਫ ਦਾ ਪ੍ਰਬੰਧ, ਸਿਹਤ ਬਜਟ ਆਦਿ ਸਭ ਦੀ ਨਿਗਰਾਨੀ ਸੂਬਿਆਂ ਕੋਲ ਹੁੰਦੀ ਹੈ। ਪਰ ਕੇਂਦਰ ਦੀ ਸਰਕਾਰ ਵਲੋਂ ਸੂਬਿਆਂ ਨੂੰ ਸਿਹਤ ਸਹੂਲਤਾਂ ਲਈ ਨੈਸ਼ਨਲ ਹੈਲਥ ਮਿਸ਼ਨ ਦੀ ਸਥਾਪਨਾ ਕੀਤੀ ਹੋਈ ਹੈ, ਜੋ ਦੇਸ਼ ਦੇ ਹਰ ਥਾਂ ਆਪਣੇ ਪ੍ਰੋਗਰਾਮ ਚਲਾਉਂਦਾ ਹੈ, ਪਰ ਨਾ ਹੀ ਕੇਂਦਰ ਨੇ ਅਤੇ ਅਤੇ ਨਾ ਹੀ ਸੂਬਿਆਂ ਦੀ ਸਰਕਾਰ ਨੇ ਆਮ ਲੋਕਾਂ ਲਈ ਸਿਹਤ ਸਹੂਲਤਾਂ ਵਧਾਉਣ ਲਈ ਲੋੜੀਂਦੇ ਕਦਮ ਪੁੱਟੇ ਹਨ। ਮੌਜੂਦਾ ਹਾਕਮ ਹੁਣ ਸੂਬਿਆਂ ਦੀ ਸੰਘੀ ਘੁੱਟਣ ਦੇ ਰਾਹ ਉਤੇ ਹੈ। ਸੰਘਵਾਦ ਉਤੇ ਵੱਡੀ ਸੱਟ ਮਾਰ ਰਹੇ ਹਨ।

ਖੇਤੀ ਖੇਤਰ, ਜੋ ਸੂਬਿਆਂ ਦਾ ਵਿਸ਼ਾ ਹੈ, ਉਸ ਨੂੰ ਵੀ ਹਥਿਆਕੇ ਵਪਾਰ ਨਾਲ ਜੋੜਕੇ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਹਨ, ਜੋ ਕਿ ਭਾਰਤੀ ਸੰਵਿਧਾਨ ਨੂੰ ਤਾਰ-ਤਾਰ ਕਰਨ ਦਾ ਯਤਨ ਹੈ। ਇਹੋ ਕੁਝ ਦੇਸ਼ ਦੀਆਂ ਖ਼ੁਦਮੁਖਤਾਰ ਸੰਸਥਾਵਾਂ ਨੂੰ ਹਾਕਮੀ ਹੈਂਕੜ ਨਾਲ ਆਪਣੇ ਹਿੱਤਾਂ ਲਈ ਵਰਤਕੇ ਕੀਤਾ ਜਾ ਰਿਹਾ ਹੈ। ਦੇਸ਼ ਦਾ ਚੋਣ ਕਮਿਸ਼ਨ ਵੀ ਇਸ ਹੈਂਕੜੀ ਮਾਰ ਤੋਂ ਬਚ ਨਹੀਂ ਸਕਿਆ।

ਦੇਸ਼ ਵਿੱਚ ਪੰਜ ਰਾਜਾਂ ਦੀਆਂ ਚੋਣਾਂ ਤੇ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਅਤੇ ਸਿਹਤ ਸਹੂਲਤਾਂ ਦੀ ਕਮੀ ਦੇ ਮੱਦੇਨਜ਼ਰ ਦੇਸ਼ ਦੀਆਂ ਮਦਰਾਸ, ਕਲਕੱਤਾ, ਦਿੱਲੀ ਹਾਈਕੋਰਟਾਂ ਦੇ ਜੱਜਾਂ ਤੋਂ ਬਿਨਾਂ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਨੇ ਸਮੇਂ ਸਮੇਂ ਸਰਕਾਰ ਦੀ ਕਾਰਗੁਜ਼ਾਰੀ ਉਤੇ ਸਵਾਲ ਉਠਾਏ ਹਨ। ਦਿੱਲੀ ਹਾਈਕੋਰਟ ਨੇ ਪਹਿਲੀ ਮਈ ਨੂੰ ਇੱਕ ਭਾਵਪੂਰਤ ਟਿੱਪਣੀ ਕੀਤੀ ਹੈ, "ਹਰ ਕੋਈ ਥੱਕਿਆ ਹੋਇਆ ਹੈ। ਇਥੋਂ ਤੱਕ ਕਿ ਅਸੀਂ ਵੀ ਥੱਕ ਗਏ ਹਾਂ" ਆਕਸੀਜਨ ਸੰਕਟ ਦੇ ਹਾਲਾਤ ਤੇ ਟਿੱਪਣੀ ਕਰਦਿਆਂ ਕਿਹਾ ਕਿ ਹੁਣ ਪਾਣੀ ਸਿਰ ਤੋਂ ਲੰਘ ਗਿਆ ਹੈ। ਆਕਸੀਜਨ ਦੀ ਕਮੀ ਕਾਰਨ ਹੋਈਆਂ ਮੌਤਾਂ ਤਾ ਹਵਾਲਾ ਦਿੰਦਿਆਂ ਦਿੱਲੀ ਹਾਈਕੋਰਟ ਨੇ ਕਿਹਾ ਕਿ ਅਸੀਂ ਇਸ ਤੇ ਆਪਣੀਆਂ ਅੱਖਾਂ ਬੰਦ ਨਹੀਂ ਕਰ ਸਕਦੇ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਾਫ-ਸਾਫ ਕਿਹਾ ਕਿ ਉਸਨੂੰ ਵਿਸ਼ੇਸ਼ ਜ਼ੁੰਮੇਵਾਰੀ ਨਿਭਾਉਣੀ ਪਵੇਗੀ। ਕੇਂਦਰ ਸਰਕਾਰ ਨੂੰ ਆਕਸੀਜਨ, ਜ਼ਰੂਰੀ ਦਵਾਈਆਂ ਤੋਂ ਲੈ ਕੇ ਵੈਕਸੀਨ ਤੱਕ ਦੀ ਉਪਲੱਬਧਤਾ ਯਕੀਨੀ ਬਨਾਉਣੀ ਚਾਹੀਦੀ ਹੈ। ਮਦਰਾਸ ਹਾਈ ਕੋਰਟ ਨੇ ਤਾਂ ਚੋਣ ਕਮਿਸ਼ਨ ਨੂੰ ਕਰੋਨਾ ਦੀ ਦੂਜੀ ਲਹਿਰ ਲਈ ਜ਼ੁੰਮੇਵਾਰ ਮੰਨਿਆ ਅਤੇ ਕਿਹਾ ਕਿ ਕਮਿਸ਼ਨ ਦੇ ਅਧਿਕਾਰੀਆਂ ਤੇ ਕਤਲ ਦਾ ਮੁਕੱਦਮਾ ਚੱਲਣਾ ਚਾਹੀਦਾ ਹੈ ਅਤੇ ਭਾਰਤੀ ਚੋਣ ਕਮਿਸ਼ਨ ਦੇਸ਼ ਦਾ ਸਭ ਤੋਂ ਵੱਧ ਗੈਰ-ਜ਼ਿੰਮੇਦਾਰ ਅਦਾਰਾ ਸਾਬਤ ਹੋਇਆ ਹੈ, ਜਿਸਨੇ ਰੋਕਣ ਦੇ ਬਾਵਜੂਦ ਵੀ ਚੋਣ ਰੈਲੀਆਂ 'ਚ ਪ੍ਰੋਟੋਕਾਲ ਦੀਆਂ ਧੱਜੀਆਂ ਉੱਡਣ ਦਿੱਤੀਆਂ। ਪਰ ਸਵਾਲ ਪੈਦਾ ਹੁੰਦਾ ਹੈ ਕਿ ਚੋਣ ਕਮਿਸ਼ਨ ਕਿਸ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ? ਕਿਸ ਦੇ ਕਹਿਣ ਉਤੇ ਪੱਛਮੀ ਬੰਗਾਲ ਦੀਆਂ 296 ਸੀਟਾਂ ਲਈ ਅੱਠ ਪੜਾਵਾਂ ਵਿੱਚ ਚੋਣਾਂ ਨਿਰਧਾਰਤ ਕੀਤੀਆਂ? ਅਸਲ ਵਿੱਚ ਤਾਂ ਜਦੋਂ ਮਹਾਂਮਾਰੀ ਦੀ ਦੂਜੀ ਲਹਿਰ ਆਰੰਭ ਹੋਣ ਦੇ ਸੰਕੇਤ ਮਿਲ ਰਹੇ ਸਨ, ਉਦੋਂ ਹੀ ਮੌਜੂਦਾ ਹਾਕਮਾਂ ਨੂੰ ਵਿਧਾਨ ਸਭਾ ਚੋਣਾਂ 6 ਮਹੀਨੇ ਅੱਗੇ ਪਾ ਦਿੱਤੀਆਂ ਜਾਣੀਆਂ ਚਾਹੀਦੀਆਂ ਸਨ। ਪਰ ਦੇਸ਼ ਦੇ ਕੋਨੇ-ਕੋਨੇ ਆਪਣੀ ਹਕੂਮਤ ਦਾ ਫੈਲਾਅ ਕਰਨ ਦੀ ਲਲਕ ਨੇ ਦੇਸ਼ ਦੇ ਲੋਕਾਂ ਨੂੰ ਬਲਦੀ ਦੇ ਬੁਥੇ 'ਚ ਪਾ ਦਿੱਤਾ ਹੈ।

ਬਿਨ੍ਹਾਂ ਸ਼ੱਕ ਮਹਾਂਮਾਰੀ ਨੂੰ ਕਾਬੂ ਕਰਨ ' ਚ ਨੌਕਰਸ਼ਾਹੀ ਤਾਂ ਅਸਫ਼ਲ ਹੋ ਰਹੀ ਹੈ, ਪਰ ਦੇਸ਼ ਦੀ ਹਾਕਮ ਧਿਰ ਖ਼ਾਸ ਕਰਕੇ ਪ੍ਰਧਾਨ ਮੰਤਰੀ, ਦੇਸ਼ ਦੀ ਇਸ ਬਦਹਾਲ ਹਾਲਤ ਦੀ ਜ਼ੁੰਮੇਵਾਰੀ ਤੋਂ ਬਚ ਨਹੀਂ ਸਕਦੇ।

# ਦੇਸ ਵਿਚ ਫੈਲ ਰਹੀ ਹਫੜਾ-ਦਫੜੀ ਦਾ ਯੋਗ ਹੱਲ

ਗੁਰਬਚਨ ਸਿੰਘ, ਦੇਸ ਪੰਜਾਬ

ਕੋਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਨਿਪਟਣ ਵੇਲੇ ਆਮ ਲੋਕਾਂ ਅਤੇ ਗਰੀਬਾਂ ਪ੍ਰਤੀ ਵਿਖਾਈ ਗਈ ਸਿਰੇ ਦੀ ਦਇਆਹੀਣਤਾ ਤੇ ਅਲਗਰਜੀ ਕਾਰਨ ਮੋਦੀ ਭਗਤ ਅਰੁਣ ਪੁਰੀ ਅਤੇ ਸ਼ੇਖਰ ਗੁਪਤਾ ਹੁਣ ਮੋਦੀ ਰਾਜ ਨੂੰ ਇਕ ਫੇਲ੍ਹ ਜਾਂ ਲੜਖੜਾ ਰਿਹਾ ਰਾਜ ਕਰਾਰ ਦੇ ਰਹੇ ਹਨ। ਸੁਆਲ ਪੈਦਾ ਹੁੰਦਾ ਹੈ ਕੀ ਨਰੇਂਦਰ ਮੋਦੀ ਅਤੇ ਅਮਿਤ ਸ਼ਾਹ ਵਰਗੇ ਸਨਕੀ ਮਨੁੱਖ ਕਿਸੇ ਗੈਬੀ ਸ਼ਕਤੀ ਨਾਲ ਇਸ ਦੇਸ ਦੀ ਰਾਜਸਤਾ ਉਤੇ ਕਾਬਜ ਹੋ ਗਏ ਹਨ? ਜਦੋਂ ਕਿ ਸਚਾਈ ਇਹ ਹੈ ਕਿ ਬਾਕਾਇਦਾ ਇਕ ਸੋਚੀ ਸਮਝੀ ਯੋਜਨਾ ਤਹਿਤ ਅਤੇ ਸਾਮਰਾਜੀ ਸ਼ਕਤੀਆਂ ਦੀ ਸਹਿਮਤੀ ਨਾਲ, ਉਹਨਾਂ ਨੂੰ ਇਹਨਾਂ ਅਹੁਦਿਆਂ ਲਈ ਸ਼ਿੰਗਾਰਿਆ ਗਿਆ ਅਤੇ ਫਿਰ ਆਰ ਐਸ ਐਸ ਤੇ ਭਾਜਪਾ ਦੀ ਇਕ ਵਡੀ ਧਿਰ ਦੇ ਮੋਢਿਆਂ ਉਤੇ ਚੜ੍ਹਾ ਕੇ, ਉਹਨਾਂ ਨੂੰ ਇਹਨਾਂ ਅਹੁਦਿਆਂ ਉਤੇ ਬਿਠਾਇਆ ਗਿਆ। ਜਿਹੜਾ ਉਚ ਜਾਤੀ ਮਨੂਵਾਦੀ ਜਜਬਾ ਇੰਦਰਾਂ ਗਾਂਧੀ ਨੇ 1980 ਵਿਆਂ ਵਿਚ ਸਿਖ 'ਅਤਿਵਾਦ' ਜਾਂ ਖਾਲਿਸਤਾਨ ਵਿਰੁਧ ਭੜਕਾਇਆ ਸੀ, ਉਸ ਨੂੰ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਿਰ ਦੀ ਉਸਾਰੀ ਦੇ ਨਾਹਰੇ ਹੇਠ ਮੁਸਲਮਾਨ ਅਤੇ ਪਾਕਿਸਤਾਨ ਵਿਰੋਧੀ ਰੂਪ ਦੇ ਕੇ ਹੋਰ ਵਡੀ ਪਧਰ ਉਤੇ ਫੈਲਾਇਆ ਗਿਆ। ਲਗਪਗ ਸਾਰੇ ਮੀਡੀਏ ਨੂੰ ਖਰੀਦ ਕੇ ਅਤੇ ਅਰਬਾਂ ਖਰਬਾਂ ਰੁਪਏ ਖਰਚ ਕੇ ਕੀਤੇ ਗਏ ਧੂੰਆਧਾਰ ਪ੍ਰਚਾਰ ਦੇ ਸ਼ੋਰਸ਼ਰਾਬੇ ਹੇਠ 2014 ਅਤੇ 2019 ਦੀਆਂ ਪਾਰਲੀਮੈਂਟ ਚੋਣਾਂ ਜਿਤੀਆ ਗਈਆ। ਦੇਸ ਨੂੰ ਕਾਂਗਰਸ ਮੁਕਤ ਕਰਨ ਦਾ ਨਾਹਰਾ ਲਾ ਕੇ ਚੀਨ ਦੀ ਮਿਸਾਲ ਦੇਂਦਿਆ ਇਕ ਪਾਰਟੀ ਰਾਜ ਮੜ੍ਹਨ ਦੇ ਯਤਨ ਕੀਤੇ ਗਏ। ਵਲਭ ਭਾਈ ਪਟੇਲ ਨੂੰ ਦੇਸ ਦਾ ਅਸਲੀ ਆਗੂ ਕਰਾਰ ਦੇ ਕੇ ਜਵਾਹਰ ਲਾਲ ਨਹਿਰੂ ਦੇ ਧਰਮ ਨਿਰਪਖ ਵਿਰਸੇ ਉਤੇ ਖੁਲ੍ਹ ਕੇ ਸਿਧਾਂਤਕ ਹਮਲਾ ਕੀਤਾ ਗਿਆ। ਬਾਕਾਇਦਾ ਗਿਣੀ-ਮਿਥੀ ਯੋਜਨਾ ਤਹਿਤ ਭਾਰਤ ਨੂੰ ਇਕ ਕੌਮ ਇਕ ਭਾਸ਼ਾ (ਹਿੰਦੀ), ਇਕ ਦੇਸ ਇਕ ਮੰਡੀ, ਇਕ ਦੇਸ ਇਕ ਟੈਕਸ ਪ੍ਰਣਾਲੀ (ਜੀ ਐਸ ਟੀ), ਇਕ ਦੇਸ ਇਕ ਰਾਸ਼ਨ ਕਾਰਡ, ਇਕ ਦੇਸ ਇਕ ਚੋਣ, ਇਕ ਦੇਸ ਇਕ ਪਛਾਣ (ਆਧਾਰ ਕਾਰਡ) ਦੇ ਨਾਹਰਿਆਂ ਹੇਠ ਸਾਰੇ ਦੇਸ ਨੂੰ ਇਕ ਇਕਾਈ ਵਜੋਂ ਕੇਂਦਰਿਤ ਕਰਨ ਦੇ ਸੁਚੇਤ ਯਤਨ ਕੀਤੇ ਗਏ।

ਤੇ ਇਸ ਤਰ੍ਹਾਂ ਮਨੂਵਾਦੀ ਉਚ ਜਾਤੀ ਸੰਕਲਪ ਨੂੰ ਆਧਾਰ ਬਣਾ ਕੇ ਆਰ ਐਸ ਐਸ ਦੇ ਕਰੀਬ ਇਕ ਸਦੀ ਪੁਰਾਣੇ ਨਿਸ਼ਾਨੇ ਦੇਸ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਵਡਾ ਹੰਭਲਾ ਮਾਰਿਆ ਗਿਆ। ਮਹਾਨ ਬ੍ਰਾਹਮਣੀ ਸਭਿਅਤਾ ਦਾ ਘੁੰਮਡ ਇਸ ਹਦ ਤਕ ਸਿਰ ਚੜ੍ਹ ਕੇ ਬੋਲਿਆ ਕਿ 5 ਅਗਸਤ 2019 ਨੂੰ ਅਮਿਤ ਸ਼ਾਹ ਨੇ ਜੰਮੂ ਕਸ਼ਮੀਰ ਦੀ ਧਾਰਾ 370 ਖਤਮ ਕਰਨ ਦਾ ਐਲਾਨ ਕਰਦਿਆਂ ਪਾਰਲੀਮੈਂਟ ਵਿਚ ਚੀਨ ਕੋਲੋ ਅਕਸਾਈ ਚਿੰਨ੍ਹ ਅਤੇ ਪਾਕਿਸਤਾਨ ਕੋਲੋ ਆਜਾਦ ਕਸ਼ਮੀਰ ਦੇ ਇਲਾਕੇ ਜਬਰੀ ਖੋਹ ਕੇ ਦੇਸ ਨਾਲ ਮਿਲਾਉਣ ਦੀ ਫੜ੍ਹ ਦੇ ਮਾਰੀ। ਇਸੇ ਸਾਮਰਾਜੀ ਯੋਜਨਾ ਤਹਿਤ ਦੇਸ ਦੀ ਖੇਤੀਬਾੜੀ ਨੂੰ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਲਈ ਰਾਜ ਸਭਾ ਵਿਚ ਧਕੇ ਨਾਲ ਤਿੰਨ ਨਵੇਂ ਖੇਤੀ ਕਾਨੂੰਨ ਪਾਸ ਕੀਤੇ ਗਏ। ਇਥੇ ਮੋਦੀ ਜੁੰਡਲੀ ਦੂਹਰੀ ਗਲਤੀ ਕਰ ਗਈ। ਇਕ ਤਾਂ ਅਮਿਤ ਸ਼ਾਹ ਦੀ ਮਾਰੀ ਫੜ੍ਹ ਕਾਰਨ ਚੀਨ ਪਾਕਿਸਤਾਨ ਨਾਲ ਯੁਧਨੀਤਕ ਸਮਝੌਤਾ ਕਰਕੇ ਲਦਾਖ ਦੀਆਂ ਸਰਹਦਾਂ ਉਤੇ ਆ ਬੈਠਾ ਅਤੇ ਦੂਜਾ ਪਿਛਲੇ ਕਈ ਦਹਾਕਿਆਂ ਤੋਂ ਆਪਣੇ ਸਵੈਮਾਣ ਲਈ ਜਦੋਜਹਿਦ ਕਰ ਰਹੀ ਪੰਜਾਬ ਦੀ ਸਿਖ ਕਿਸਾਨੀ ਨੇ ਇਹਨਾਂ ਕਾਨੂੰਨਾਂ ਨੂੰ ਆਪਣੇ ਬੁਨਿਆਦੀ ਹਕਾਂ ਉਤੇ ਵਡਾ ਹਮਲਾ ਸਮਝ ਕੇ ਇਹਨਾਂ ਦਾ ਡਟਵਾਂ ਵਿਰੋਧ ਆਰੰਭ ਕਰ ਦਿਤਾ। ਅਜਬ ਗੱਲ ਇਹ ਹੋਈ ਕਿ ਇਸ ਅੰਦੋਲਨ ਦੀ ਅਗਵਾਈ ਉਹਨਾਂ ਸਿਖ ਅਤੇ ਕਮਿਊਨਿਸਟ ਆਗੂਆਂ ਦੇ ਹਥ ਵਿਚ ਆ ਗਈ, ਜਿਹੜੇ 'ਰਾਜੀਵ-ਲੋਂਗੋਵਾਲ' ਸਮਝੌਤੇ ਤੋਂ ਬਾਅਦ ਲੋਂਗੋਵਾਲ ਦੇ ਹੋਏ ਹਸ਼ਰ ਪ੍ਰਤੀ ਸੁਚੇਤ ਸਨ। ਲਦਾਖ ਦੀ ਸਰਹਦ ਉਤੇ ਚੀਨੀ ਫੌਜ ਦੀ ਮੌਜੂਦਗੀ ਅਤੇ ਸਿਖ ਕਿਸਾਨੀ ਦੇ ਸਿਦਕ, ਸਬਰ ਅਤੇ ਦ੍ਰਿੜਤਾ ਨੇ ਮੋਦੀ ਰਾਜ ਦੇ ਇਸ ਹਿੰਦੁਤਵੀ ਫਾਸ਼ੀਵਾਦ ਨੂੰ ਐਸਾ ਮੋੜਾ ਦਿਤਾ ਕਿ ਹੁਣ ਇਸ ਦੀਆਂ ਰਾਜਸੀ ਜੜ੍ਹਾਂ ਪੁਟੇ ਜਾਣ ਦੇ ਆਸਾਰ ਬਣ ਗਏ ਹਨ।

ਮਹਾਨ ਹਿੰਦੂ ਸਭਿਅਤਾ ਦੇ ਇਹਨਾਂ ਦਾਅਵੇਦਾਰਾਂ ਦੀ ਆਮ ਗਰੀਬ ਲੋਕਾਂ ਪ੍ਰਤੀ ਦਇਆਹੀਣ ਮਾਨਿਸਕਤਾ ਦਾ ਪ੍ਰਗਟਾਵਾ ਇਹਨਾਂ ਦੇ ਕੋਰੋਨਾ ਵਾਇਰਸ ਦੀ ਮਹਾਂਮਾਰੀ ਨੂੰ ਨਜਿਠਣ ਸਮੇ ਹੋ ਗਿਆ ਅਤੇ ਇਹਨਾਂ ਦੀ ਵਹਿਸ਼ੀ ਮਾਨਿਸਕਤਾ ਦੀ ਬਾਕੀ ਰਹਿੰਦੀ ਖੂੰਹਦੀ ਕਸਰ ਲਖਾਂ ਲੋਕਾਂ ਦੀਆਂ ਲਾਸ਼ਾਂ ਉਤੇ ਅਰਬਾਂ ਰੁਪਏ ਖਰਚ ਕੇ ਬਣਾਈ ਜਾਣ ਵਾਲੀ ਨਵੀਂ ਪਾਰਲੀਮੈਂਟ ਇਮਾਰਤ ਦੀ ਜਿਦ ਨੇ ਪੂਰੀ ਕਰ ਦਿੱਤੀ।

ਪਛਮੀ ਬੰਗਾਲ ਅੰਦਰ ਮਮਤਾ ਬੈਨਰਜੀ, ਤਾਮਿਲਨਾਡੂ ਵਿਚ ਡੀ ਐਮ ਕੇ ਅਤੇ ਕੇਰਲਾ ਵਿਚ ਸਾਂਝੇ ਮੋਰਚੇ ਦੀ ਹੋਈ ਜਿਤ ਨੂੰ ਸੂਬਿਆਂ ਦੀ ਖੁਦਮੁਖਤਿਆਰੀ ਦੇ ਵਡੇ ਪ੍ਰਸੰਗ ਵਿਚ ਸਪਸ਼ਟ ਕਰਦਿਆਂ ਹੋਇਆਂ, ਦੇਸ ਨੂੰ ਖਰੀਆ ਫੈਡਰਲ ਲੀਹਾਂ ਉਤੇ ਢਾਲਣ ਲਈ ਇਕ ਗੰਭੀਰ ਰਾਜਸੀ ਮੁਹਿੰਮ ਵਿਢਣ ਦੀ ਲੋੜ ਹੈ। ਪੰਜਾਬ ਅੰਦਰ ਹੋ ਰਹੀ ਨਵੀਂ ਰਾਜਸੀ ਸਫਬੰਦੀ ਇਸ ਆਧਾਰ ਉਤੇ ਹੀ ਹੋਣੀ ਚਾਹੀਦੀ ਹੈ, ਜਿਹੜੀ ਅਨੰਦਪੁਰ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਲੜੇ ਗਏ ਧਰਮ ਯੁਧ ਮੋਰਚੇ ਤੋਂ ਅਗਾਂਹ ਵਧ ਕੇ ਪੰਜਾਬ ਦੇ ਸਰਬਪਖੀ ਵਿਕਾਸ ਨੂੰ ਕੁਦਰਤ ਅਤੇ ਮਨੁਖ ਪਖੀ ਲੀਹਾਂ ਉਤੇ ਢਾਲ ਸਕੇ। ਇਸੇ ਵਿਚ ਹੀ ਦੇਸ ਦਾ ਭਲਾ ਹੈ। ਇਸੇ ਵਿਚ ਹੀ ਮਨੁਖਤਾ ਦਾ ਭਲਾ ਹੈ। ਇਸੇ ਵਿਚ ਹੀ ਸਰਬਤ ਦਾ ਭਲਾ ਹੈ।

## ਪੈਣ ਜੱਜਾਂ ਦੀਆਂ ਝਿੜਕਾਂ



ਪਾਈਏ ਕਿਵੇਂ ਛੁਟਕਾਰਾ ਇਹ ਸੋਚਦੇ ਨਾ
ਮਹਾਂਮਾਰੀ ਦੀਆਂ ਮਾੜੀਆਂ ਹਾਲਤਾਂ ਤੋਂ।
ਲਾਉਂਦੇ ਜੋਰ ਕਿ ਅੰਧਵਿਸ਼ਵਾਸ਼ ਫੈਲੇ
ਲਾਹਾ ਖੱਟਣਾ ਚਾਹੁਣ ਜਹਾਲਤਾਂ ਤੋਂ।
ਗੈਰ-ਭਾਜਪਾਂ ਰਾਜਾਂ ਨੂੰ ਤੰਗ ਕਰਦੇ
ਆਉਣ ਬਾਜ ਨਾ ਘਟੀਆ ਸ਼ਰਾਰਤਾਂ ਤੋਂ।
ਚਾਹੁੰਦੇ ਗੱਦੀ ਦੇ ਪਾਵੇ ਮਜ਼ਬੂਤ ਕਰਨੇ
ਫਿਰਕੂ ਪਾੜੇ ਵਧਾਉਂਦੀਆਂ ਆਦਤਾਂ ਤੋਂ।
ਤਾਨਾਸ਼ਾਹਾਂ ਦਾ ਰੂਪ ਹੀ ਬਣੇ ਬੈਠੇ
ਖੋਹ ਖੋਹ ਸਟੇਟਾਂ ਦੀਆਂ ਤਾਕਤਾਂ ਤੋਂ।
ਆਵੇ ਸੰਗ ਨਾ ਦੇਸ਼ ਦੇ ਹਾਕਮਾਂ ਨੂੰ
ਝਿੜਕੇ ਖਾਂਦਿਆਂ ਰੋਜ ਅਦਾਲਤਾਂ ਤੋਂ !

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਮਾਂ



ਦੁਨੀਆਂ ਉੱਤੇ ਐਸਾ ਰਿਸ਼ਤਾ, ਜਿਸਦਾ ਨਾਂ ਹੈ ਮਾਂ।
ਕਰਮਾਂ ਵਾਲੇ ਮਾਨਣ ਇਸਦੀ, ਠੰਢੀ ਗੂੜ੍ਹੀ ਛਾਂ।

ਬਚਪਨ ਦੇ ਵਿੱਚ ਨਿੱਕੇ ਹੁੰਦਿਆਂ, ਲੱਖਾਂ ਲਾਡ ਲਡਾਇਆ ਮਾਂ ।
ਹੋਰ ਕਿਤੋਂ ਉਹ ਸੁੱਖ ਨਹੀਂ ਮਿਲਿਆ, ਜੋ ਤੇਰੇ ਕੋਲੋਂ ਪਾਇਆ ਮਾਂ।
ਜਿੱਥੇ ਰਹੇਂ ਤੂੰ ਵਸਦੀ ਰਹੇ , ਭਾਵੇਂ ਸ਼ਹਿਰ ਤੇ ਭਾਵੇਂ ਗਰਾਂ।
ਕਰਮਾਂ ਵਾਲੇ ਮਾਨਣ ਇਸਦੀ, ਠੰਢੀ ਗੂੜ੍ਹੀ ਛਾਂ।

ਕਹਿੰਦੇ ਮਾਂ ਦੀ ਪੂਜਾ ਰੱਬ ਦੀ ਪੂਜਾ, ਨਾ ਇਸ ਦੇ ਵਿਚ ਕੋਈ ਸ਼ੱਕ ਲੋਕੋ।
ਜਦ ਮਾਂ ਦੁਨੀਆਂ ਤੋਂ ਤੁਰ ਜਾਂਦੀ, ਫਿਰ ਰਹਿੰਦਾ ਨਾ ਕੱਖ ਲੋਕੋ।
ਘਰ ਦੇ ਵਿੱਚ ਫਿਰ ਪਾਉਣ ਆਲ੍ਹਣੇ, ਚਿੜੀਆਂ, ਤੋਤੇ, ਕਾਂ।
ਕਰਮਾਂ ਵਾਲੇ ਮਾਨਣ ਇਸਦੀ, ਠੰਢੀ ਗੂੜ੍ਹੀ ਛਾਂ।

'ਗੁਰਵਿੰਦਰਾ' ਮਾਂ ਦੇ ਵਰਗਾ ਰਿਸ਼ਤਾ,
ਦੁਨੀਆਂ 'ਤੇ ਹੋਰ ਕੋਈ ਨਾ।
ਜਿਉਂਦੇ ਜੀ ਤੂੰ ਸਾਂਭੇ ਨਾ, ਤੁਰ ਜਾਣ ਤੋਂ ਮਗਰੋਂ ਰੋਈ ਨਾ।
ਉਹ ਥਾਂ ਜੰਨਤ ਵਰਗੀ ਬਣ ਜਾਏ, ਜਿੱਥੇ ਧਰਦੀ ਪੈਰ ਹੈ ਮਾਂ।
ਕਰਮਾਂ ਵਾਲੇ ਮਾਨਣ ਇਸਦੀ, ਠੰਢੀ ਗੂੜ੍ਹੀ ਛਾਂ।

-ਗੁਰਵਿੰਦਰ ਸਿੰਘ ਉੱਪਲ
91-98411-45000

# ਆਲਮਗੀਰ ਅਖਾੜੇ ਦਾ ਪਹਿਲਵਾਨ-ਧੰਨਾ ਸਿੰਘ ਕੈਲੇਫ਼ੋਰਨੀਆਂ



ਇਕਬਾਲ ਸਿੰਘ ਜੱਬੋਵਾਲੀਆ
917-375-6395

ਆਲਮਗੀਰ ਅਖਾੜੇ ਨੇ ਤਕੜੇ ਤਕੜੇ ਰੁਸਤਮ ਮੱਲ ਪੰਜਾਬ ਨੂੰ ਦਿੱਤੇ। ਜਿਨ੍ਹਾਂ 'ਚ ਫ਼ੱਤਾ, ਕੇਹਰ, ਸੁਮੇਰ, ਜਗਦੀਸ਼ ਭੋਲਾ, ਅਮਰੀਕ ਰੌਣੀ, ਨੰਦਾ ਰਗੀਆਂ ਦਾ (ਪ੍ਰਸਿੱਧ ਪਹਿਲਵਾਨ ਰੂਬਲ ਦਾ ਪਿਤਾ) ਹਰਵਿੰਦਰ ਤੇ ਹੋਰ ਬੜੇ ਬੜੇ ਪਹਿਲਵਾਨ। ਸੰਨ 75 'ਚ ਕੈਲੇਫ਼ੋਰਨੀਆਂ ਵਸਿਆ ਪਹਿਲਵਾਨ ਧੰਨਾ ਸਿੰਘ ਵੀ ਓਸੇ ਅਖਾੜੇ ਦਾ ਪਹਿਲਵਾਨ ਹੋਇਆ। ਧੰਨਾ ਸਿੰਘ ਨੇ ਆਲਮਗੀਰ ਅਖਾੜੇ 'ਚ ਕਈ ਸਾਲ ਪਹਿਲਵਾਨੀ ਕੀਤੀ। ਅਖਾੜੇ ਦੀ ਮਿੱਟੀ ਨਾਲ ਮਿੱਟੀ ਹੋ ਕੇ ਰਿਹਾ। ਕਈ ਕਈ ਘੰਟੇ 'ਖਾੜੇ 'ਚ ਮਿਹਨਤ ਕਰਦਾ।ਪੰਜਾਬ ਦੇ ਹੋਰ ਹਿੱਸਿਆਂ ਤੋਂ ਵੀ ਪਹਿਲਵਾਨ ਆਉਂਦੇ ਤੇ ਜੋਰ ਕਰਕੇ ਚਲੇ ਜਾਂਦੇ, ਪਰ ਫ਼ੱਤਾ, ਧੰਨਾ, ਨਛੱਤਰ, ਮੇਜਰ, ਲੰਮਾ ਕਰਮਾ ਹੁਣੀਂ ਅਖਾੜੇ ਦੇ ਪੱਕੇ ਪਹਿਲਵਾਨ ਸਨ। ਦੇ ਪਹਿਲਵਾਨ ਰਹੇ ਨੇ।

ਆਲਮਗੀਰ ਸਿਕੰਦਰ ਅਖਾੜਾ ਲੁਧਿਆਣਾ 'ਚ ਗਿੱਲਾ ਲਾਗੇ ਹੈ।ਅਖਾੜਾ ਆਲਮਗੀਰ, ਗੁਰਦਵਾਰਾ ਆਲਮਗੀਰ ਸਾਹਿਬ ਦੇ ਨਾਲ ਹੀ ਪਿਛਲੇ ਪਾਸੇ ਸਥਾਪਤ ਹੈ। ਸਿੱਖ-ਪੰਥ ਦੇ ਮਹਾਨ ਢਾਡੀ-ਜਥਾ ਚਰਨ ਸਿੰਘ ਵੀ ਓਸੇ ਆਲਮਗੀਰ ਦਾ ਹੈ।

ਧੰਨੇ ਦੇ ਪਰਿਵਾਰ 'ਚ ਖੇਡਾਂ ਅਤੇ ਭਾਰ ਚੁੱਕਣ ਦਾ ਬੜਾ ਸ਼ੌਕ ਸੀ।ਧੰਨਾ ਖੁਦ ਵੀ ਵੇਟ-ਲਿਫ਼ਟਿੰਗ ਕਰਦਾ, ਵੇਲਣ ਚੁੱਕਦਾ ਤੇ ਪੌਣੇ ਦੋ ਕੁਇੰਟਲ ਦੀ ਗੁੱਠਿਆਂ ਵਾਲੀ ਮਿੱਟੀ ਦੀ ਭਰੀ ਬੋਰੀ ਅਸਾਨੀ ਨਾਲ ਚੁੱਕਦਾ।ਭਾਰ ਚੁੱਕਦੇ ਦੇ ਇਕ ਵਾਰ ਪਿੱਠ 'ਤੇ ਸੱਟ ਵੀ ਲੱਗ ਗਈ ਸੀ।ਭਰਾ ਵੀ ਬੋਰੀ ਚੁੱਕਦਾ ਹੁੰਦਾ ਸੀ। ਭਾਰ ਚੁੱਕਣ ਦੇ ਨਾਲ ਨਾਲ ਧੰਨੇ ਨੂੰ ਘੁਲਣੇ ਦਾ ਸ਼ੌਕ ਸੀ।


ਜੇ ਕੋਈ ਅਸੂਲਾਂ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦਾ ਤਾਂ ਓਸੇ ਡੰਡੇ ਨਾਲ ਬਾਹਰ ਦਾ ਰਸਤਾ ਵੀ ਵਿਖਾ ਦਿੰਦਾ। ਨਛੱਤਰ ਪਹਿਲਵਾਨ ਨੇ ਧੰਨੇ ਹੁਣਾਂ ਦਾ ਬੜਾ ਜੋਰ ਕਰਾਉਣਾ। ਜੋਰ ਕਰਾਉਂਦੇ ਨਾਸੀਂ ਧੂੰਆਂ ਲਿਆ ਦੇਣਾ। ਮਿੱਟੀ 'ਚ ਕਿੰਨੀ ਕਿੰਨੀ ਦੇਰ ਮੂੰਹ ਦੁਆਈ ਰੱਖਣਾ। ਫਿਰ ਇਕ ਦਮ ਆਪ ਹੇਠ ਹੋ ਕੇ ਦੂਜੇ ਪਹਿਲਵਾਨ ਨੂੰ ਓਥੇ ਲੈ ਆਉਣਾ। ਆਮ ਛਿੰਝਾਂ 'ਚ ਧੰਨੇ ਨੇ ਕੁਸ਼ਤੀਆਂ ਲੜੀਆਂ। ਪਾਲੀ ਪਹਿਲਵਾਨ ਉਹਦਾ ਵਧੀਆ ਮਿੱਤਰ ਸੀ। ਢਿਲਵਾਂ ਕੋਲ ਲੁਧਿਆਣੇ ਕੁਸ਼ਤੀਆਂ 'ਚ ਜਿੱਤ ਪ੍ਰਾਪਤ ਕੀਤੀ। ਮੇਲੀ ਰੁੜਕੀ ਦਾ, ਜੈਲਾ ਬਿਜਲੀ ਪੁਰ, ਕੁਲਦੀਪ ਭੱਦਰਸੂਹਾ, ਪ੍ਰੇਮ ਬਾਠਾਂ ਦਾ, ਕੇਵਲ ਮੰਗਲੀ ਦਾ, ਨਾਰ ਬੇਟ ਦਾ ਪਹਿਲਵਾਨਾਂ ਨਾਲ ਦੋ ਦੋ ਹੱਥ ਕੀਤੇ। ਖੰਨੇ ਕੋਲ ਘੁਲਦੇ ਦੇ ਇਕ

ਤਿਆਰ ਕੀਤਾ ਤੇ ਆਪਣੀ ਗੱਡੀ 'ਚ ਬਿਠਾ ਕੇ ਕੈਲੇਫ਼ੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਅਤੇ ਨਿਉਯਾਰਕ ਮੈਚ ਖਿਡਾਉਣ ਲਿਜਾਂਦਾ ਰਿਹਾ।

ਟੀਮ 'ਚ ਜਸਵੀਰ ਮਾਹਲ, ਸਰਬਜੀਤ ਮਾਹਲ, ਪਾਲੀ ਸਰਹਾਲ, ਲਹਿੰਬਰ ਲੰਬੜ, ਪੰਮਾ ਸਮਰਾ, ਜੋਤੀ ਜੌਹਲ, ਨਿੰਦਰ ਗਿੱਲ, ਜਸਵੰਤ ਖੰਗੂੜਾ, ਜੱਸਾ ਖੈਰਾ ਮਾਝਾ, ਵੀਰ੍ਹਾ ਤੱਖਰ, ਬਲਵੀਰ ਪੂੰਨੀ ਖਿਡਾਰੀ ਸਨ। ਕੈਲੇਫ਼ੋਰਨੀਆਂ ਦੀਆਂ ਯੂਬਾਸਿਟੀ ਕਬੱਡੀ ਕਲੱਬ, ਫ਼ਰਿਜ਼ਨੋਂ ਕਬੱਡੀ ਕਲੱਬ, ਸੈਂਟਾਂ-ਕਲਾਰਾ ਕਬੱਡੀ ਕਲੱਬ, ਯੁਨਾਈਟਿਡ ਸਪੋਰਟਸ ਕਬੱਡੀ ਕਲੱਬ ਬੇ-ਏਰੀਆ ਅਤੇ ਹੋਰ ਕਬੱਡੀ ਕਲੱਬਾਂ, ਖੇਡ-ਪ੍ਰਮੋਟਰਾਂ, ਕਬੱਡੀ ਖਿਡਾਰੀਆਂ ਤੇ ਪ੍ਰਸੰਸਕਾਂ ਨੇ ਬੜਾ ਮਾਣ ਦਿੱਤਾ ਤੇ ਅੱਜ ਵੀ ਸਾਰੇ ਬੜੀ ਕਦਰ ਕਰਦੇ ਤੇ ਮਾਣ ਦਿੰਦੇ ਹਨ।







ਰਿਹਾਇਸ਼, ਖਾਣਾ-ਪੀਣਾ ਸਭ ਓਥੇ ਸੀ। ਖੁਰਾਕ 'ਚ ਦੁੱਧ, ਘਿਓ, ਬਦਾਮ, ਮੀਟ ਹੁੰਦਾ। ਧੰਨਾ ਪਹਿਲਾਂ ਮੀਟ ਨਹੀਂ ਸੀ ਖਾਦਾਂ ਨਹੀਂ ਸੀ ਪਰ ਭਲਵਾਨੀ ਕਰਦਾ ਕਰਕੇ ਖਾਣਾ ਸ਼ੁਰੂ ਕੀਤਾ। ਮਨ 'ਚ ਵਹਿਮ ਬਣਿਆਂ ਹੋਇਆ ਸੀ ਕਿ ਮੀਟ ਬਿਨਾਂ ਪਹਿਲਵਾਨੀ ਨਹੀਂ ਕੀਤੀ ਜਾ ਸਕਦੀ। ਉਸ ਦੇ ਨਾਲ ਦੇ ਪਹਿਲਵਾਨ ਵੀ ਖਾਣ ਲਈ ਜੋਰ ਪਾਉਂਦੇ ਰਹਿੰਦੇ ਸਨ। ਜਦੋਂ ਕਿ ਅੱਜ ਕੱਲ੍ਹ ਦੇ ਤਕੜੇ ਕਈ ਪਹਿਲਵਾਨ ਮੀਟ ਬਗੈਰਾ ਕੁਛ ਨਹੀਂ ਖਾਂਦੇ। ਵੈਸ਼ਨੋਂ ਖਾਣਾ ਖਾ ਕੇ ਮੱਲਾਂ ਮਾਰ ਰਹੇ ਹਨ। ਓਹਨਾਂ ਸਾਰੇ ਸ਼ੰਕੇ ਦੂਰ ਕਰ ਦਿੱਤੇ।

ਅਖਾੜੇ ਵਿੱਚ ਧੰਨਾ ਆਪ ਜੋਰ ਕਰਦਾ ਦੂਜਿਆਂ ਨੂੰ ਕਰਾਉਂਦਾ। ਸਿਰ 'ਤੇ ਹਮੇਸ਼ਾਂ ਜੂੜਾ ਰੱਖੀ ਛੱਡਿਆ। ਕੇਸ ਕਟਾਉਣ ਬਾਰੇ ਕਦੇ ਸੋਚਿਆ ਨਹੀਂ ਸੀ। ਜੂੜਾ ਆਖਰੀ ਸਾਹਾਂ ਦੇ ਨਾਲ ਜਾਵੇਗਾ, ਮਨ 'ਚ ਧਾਰਿਆ ਹੋਇਆ ਸੀ।

ਧੰਨੇ ਦੇ ਮਾਤਾ ਪਿਤਾ ਵੀ ਕੇਸ ਨਾ ਕਟਾਉਣ ਦੇ ਹੱਕ ਵਿੱਚ ਸਨ। ਸਿਕੰਦਰ ਪਹਿਲਵਾਨ ਨੂੰ ਤਾਕੀਦ ਕੀਤੀ ਹੋਈ ਸੀ ਜੋ ਮਰਜ਼ੀ ਹੋ ਜੇ, ਕੇਸ ਨੀ ਕਟਾਉਣੇ॥ ਧੰਨੇ ਵਿੱਚ ਵੱਡਾ ਪਹਿਲਵਾਨ ਬਣਨ ਦੇ ਗੁਣ ਵੇਖ ਸਿਕੰਦਰ ਉਸਤਾਦ ਦੀ ਪਾਰਖੂ ਅੱਖ ਧੰਨੇ 'ਤੇ ਟਿੱਕੀ ਹੋਈ ਸੀ। ਆਲਮਗੀਰ ਅਖਾੜੇ ਦੇ ਕਰਤਾ-ਧਰਤਾ ਸਿਕੰਦਰ ਨੇ ਧੰਨੇ ਨੂੰ ਤਰਾਸ਼ਣਾ ਸ਼ੁਰੂ ਕਰ ਦਿੱਤਾ। ਪਹਿਲਵਾਨ, ਕੋਚ ਤੇ ਉਸਤਾਦ ਰਾਮ ਕਿਸ਼ਨ ਵੀ ਸਿਕੰਦਰ ਨਾਲ ਹੁੰਦਾ। ਬੜਾ ਜੋਰ ਕਰਾਉਂਦੇਂ। ਸਿਕੰਦਰ ਉਸਤਾਦ ਆਪ ਤਾਂ ਭਾਵੇਂ ਘੱਟ ਪੜ੍ਹਿਆ, ਲਿਖਿਆ ਸੀ ਪਰ ਚੰਗੀ ਤਕਨੀਕ ਤੇ ਉਸਤਾਦੀ ਨਾਲ ਪੰਜਾਬ ਨੂੰ ਤਕੜੇ ਤਕੜੇ ਮੱਲ ਦੇ ਕੇ ਬੜਾ ਨਾਮਣਾ ਖੱਟਿਐ। ਭਲਵਾਨੀ ਤੋਂ ਪਹਿਲਾਂ ਸਿਕੰਦਰ ਭਾਰ ਚੁੱਕਦਾ ਹੁੰਦਾ ਸੀ। ਕਈ ਵਾਰ 'ਖਾੜੇ ਦੇ ਇਕ ਪਾਸੇ ਧੰਨੇ ਨਾਲ ਭਾਰ ਚੁੱਕਣ ਦਾ ਸਿਕੰਦਰ ਮੁਕਾਬਲਾ ਕਰਦਾ। ਪਹਿਲਵਾਨ ਸਿਕੰਦਰ, ਰਾਮ ਕਿਸ਼ਨ ਤੇ ਵੱਸਣ ਪਹਿਲਵਾਨ ਆਪਣੇ ਸਮੇਂ ਦੇ ਵੱਡੇ ਜੋੜਾਂ

ਸ਼ੁਰੂਆਤੀ ਦੀਆਂ ਕੁਸ਼ਤੀਆਂ ਵਿੱਚ ਧੰਨੇ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਥੋੜੀ ਨਮੋਸ਼ੀ ਜਰੂਰ ਹੋਈ ਪਰ ਦਿਲ ਨੀ ਹਾਰਿਆ। ਪਿਤਾ ਨੇ ਵੀ ਹੌਸਲਾ ਦਿੱਤਾ, ਘੋੜੇ ਤੋਂ ਡਿੱਗ ਡਿੱਗ ਸਵਾਰ ਕਾਮਯਾਬ ਹੁੰਦੇ ਨੇ, ਦਿਲ ਨੀ ਛੱਡੀਦਾ। ਫਿਰ ਕੀ ਸੀ, ਚੰਗੀ ਮਿਹਨਤ ਕੀਤੀ ਤੇ ਫਿਰ ਓਸੇ ਪਹਿਲਵਾਨ ਨੂੰ ਜਾ ਲਲਕਾਰਿਆ। ਉਹ ਪਹਿਲਵਾਨ ਫਿਰ ਘੁੱਲਿਆ ਨਹੀਂ ਦੂਰ ਦੂਰ ਰਿਹਾ।

ਆਲਮਗੀਰ 'ਖਾੜੇ 'ਚ ਮੇਹਰਦੀਨ ਜੋਰ ਕਰਨ ਆਉਂਦਾ ਰਿਹੈ। ਮੇਹਰਦੀਨ ਭਾਰਤ ਦਾ ਤਕੜਾ ਮੱਲ ਹੋਣ ਕਰਕੇ ਧੰਨਾ ਉਹਦਾ ਬੜਾ ਸਤਿਕਾਰ ਕਰਦਾ ਸੀ।ਸਿਰ 'ਤੇ ਜੂੜਾ ਹੋਣ ਕਰਕੇ ਮੇਹਰਦੀਨ ਉਹਨੂੰ ਫ਼ੌਜੀ ਕਹਿ ਕੇ ਬੁਲਾਉਂਦਾ। ਸਲਾਣੇਂ ਕੁਸ਼ਤੀਆਂ 'ਚ ਧੰਨੇ ਨੇ ਮੇਹਰਦੀਨ ਤੇ ਜ਼ਗਦੀਸ ਮਿੱਤਲ ਦੀ ਅੱਖੀਂ ਕੁਸ਼ਤੀ ਦੇਖੀ ਜੋ ਮੇਹਰਦੀਨ ਨੇ ਜਿੱਤ ਲਈ ਸੀ। ਮੇਹਰਦੀਨ ਦੀ ਮਾਸਟਰ ਚੰਦਗੀ ਰਾਮ ਨਾਲ ਦਿੱਲੀ ਬਰਾਬਰ ਕੁਸ਼ਤੀ ਵੇਖੀ।ਧੰਨਾ ਸਿੰਘ ਬੁੱਧ ਸਿੰਘ ਦੀ ਪਹਿਲਵਾਨੀ ਦਾ ਵੀ ਬੜਾ ਕਾਇਲ ਸੀ। ਉਹਨੂੰ ਆਪਣੇ ਸਮੇਂ ਦਾ ਭਾਰਤ ਦਾ ਬਿਹਤਰੀਨ ਮੱਲ ਮੰਨਿਆਂ।ਦਿਨਾਂ 'ਚ ਅੱਜ ਹੋਰ ਕੱਲ੍ਹ ਹੋਰ ਪੁਲਾਘਾਂ ਭਰਦਾ ਅੱਗੇ ਜਾਂਦਾ ਬੁੱਧ ਸਿੰਘ ਦੇਖਿਆ। ਖੰਨੇ ਦਾ ਖਰੈਤੀ ਪਹਿਲਵਾਨ ਵੀ ਚੰਗਿਆਂ 'ਚ ਜਾਣਿਆਂ ਜਾਂਦਾ ਸੀ।

ਸਿਕੰਦਰ ਪੱਕੇ ਅਸੂਲਾਂ ਵਾਲਾ ਉਸਤਾਦ ਸੀ। ਸਾਰੀ ਉਮਰ ਵਿਆਹ ਨਾ ਕਰਾਇਆ। ਅਗ਼ਰ ਚਾਹੁੰਦਾ ਤਾਂ ਵਿਆਹ ਕਰਾ ਕੇ ਜਿੰਦਗੀ ਦੇ ਹਰ ਸੁਖ-ਸਹੂਲਤਾਂ ਨਾਲ ਵਧੀਆ ਬਸਰ ਕਰ ਸਕਦਾ ਸੀ। ਪਰ ਨਹੀਂ ਸਾਰੀ ਜਿੰਦਗੀ ਪਹਿਲਵਾਨੀ ਤੇ 'ਖਾੜੇ ਦੇ ਲਾਖੇ ਲਾ ਦਿੱਤੀ। ਆਪਣੇ ਮਨ ਨੂੰ ਸੰਤੁਸ਼ਟ ਰੱਖਣ ਦੀ ਕੋਸ਼ਿਸ਼ ਕੀਤੀ। ਪਹਿਲਵਾਨਾਂ ਨੂੰ ਪਿਆਰ ਕਰਨ ਵਾਲਾ ਹਰਫ਼ਨ ਮੌਲਾ ਰੱਬੀ ਰੂਹ ਇਨਸਾਨ ਸੀ ਉਹ। ਡੰਡਾ ਲੈ ਕੇ ਬਹਿ ਜਾਂਦਾ।

ਵਾਰ ਉਹਦੇ ਕੇਸ ਖੁਲ੍ਹ ਗਏ ਸਨ। ਉਹਦੇ ਦੱਸਣ ਅਨੁਸਾਰ ਕਿ ਪਹਿਲਵਾਨਾਂ ਨੂੰ ਕੇਸ ਬੜਾ ਅੜਿੱਕਾ ਜਰੂਰ ਬਣਦੇ ਹਨ। ਘੁਲਦੇ, ਜ਼ੋਰ ਕਰਦੇ ਕੇਸ ਖੁਲ੍ਹ ਜਾਂਦੇ। ਸਿਰ 'ਚ ਮਿੱਟੀ ਪੈ ਜਾਣੀਂ। ਨਹਾਉਣ ਲੱਗਿਆਂ ਕੇਸੀਂ ਨਹਾਉਣਾ। ਕਈ ਵਾਰ ਪਾਣੀ ਠੰਢਾ ਹੋਣਾ।ਪਾਣੀ ਸਿਰ ਵਿੱਚ ਜੰਮ ਜਾਣਾ। ਚੰਗੀ ਤਰ੍ਹਾਂ ਨਹਾ ਨਾ ਹੋਣਾ। ਕਈਆਂ ਨੇ ਕਟਾਉਣ ਲਈ ਕਿਹਾ। ਪਰ ਨਹੀਂ। ਜਿੰਨਾਂ ਮਰਜ਼ੀ ਔਖਾ ਰਿਹਾ ਪਰ ਕੇਸ ਕਟਾਉਣ ਬਾਰੇ ਕਦੇ ਸੋਚਿਆ ਨਹੀਂ ਸੀ। ਸਿਰੜ ਕਾਇਮ ਰੱਖਿਆ। ਪੁੱਤਾਂ ਵਾਂਗ ਕੇਸ ਹਿੱਕ ਨਾਲ ਲਾਈ ਰੱਖੇ।ਗੁਰੂ ਦੀ ਮੋਹਰ ਸਮਝ ਕੇ ਅੱਜ ਵੀ ਸਾਂਭੇ ਹੋਏ ਨੇ।

ਵੱਡੇ ਪਰਿਵਾਰ ਦੀਆਂ ਜ਼ੁੰਮੇਵਾਰੀਆਂ ਨਿਭਾਉਣ ਵਾਲਾ ਪਿਤਾ ਹਿੰਮਤ ਸਿੰਘ ਤੇ ਮਾਤਾ ਰਘਵੀਰ ਕੌਰ ਦਾ ਬੇਟਾ ਧੰਨਾ ਸਿੰਘ ਚੰਗੇ ਭਵਿੱਖ ਦੀ ਕਾਮਨਾ ਕਰਦਾ ਸੰਨ 75 'ਚ ਅਮਰੀਕਾ ਦੇ ਸ਼ਹਿਰ ਕੈਲੇਫ਼ੋਰਨੀਆਂ ਆ ਗਿਆ ਸੀ। ਇਥੇ ਆ ਕੇ ਵੀ ਪਹਿਲਵਾਨੀ ਦਾ ਸ਼ੌਕ ਨਹੀਂ ਛੱਡਿਆ। ਬੜੀ ਮਿਹਨਤ ਕੀਤੀ । ਡੰਡ-ਬੈਠਕਾਂ ਮਾਰੀਆਂ। ਬੈਠਕਾਂ ਮਾਰਦੇ ਪਸੀਨੇ ਦੀਆਂ ਧਰਾਲਾਂ ਪੈਂਦੀਆਂ। ਪਹਿਲਵਾਨੀ ਦਾ ਸ਼ੌਕ ਪਾਲਦੇ ਯੂਬਾ ਸਿਟੀ ਵਿਖੇ ਅਖਾੜਾ ਸਥਾਪਤ ਕੀਤਾ ਜਿਥੇ ਸਰਬਜੀਤ ਮਾਹਲ, ਜਸਵੀਰ ਮਾਹਲ, ਬਲਦੇਵ ਮਾਹਲ, ਅਮਰਜੀਤ ਰਾਏ ਵਰਗੇ ਨੌਜਵਾਨਾਂ ਨੂੰ ਪਹਿਲਵਾਨੀ ਦੇ ਦਾਉ-ਪੇਚ ਸਿਖਾਏ। ਧੰਨਾ ਸਿੰਘ ਨੇ ਕੈਲੇਫ਼ੋਰਨੀਆਂ ਪਹੁੰਚ ਕੇ ਪੰਜ ਸਾਲ ਕਬੱਡੀ ਖੇਡੀ।ਸਾਹ ਪਾਏ ਤੇ ਰੇਡਾਂ ਕੀਤੀਆਂ। ਤਕੜੇ ਤਕੜੇ ਧਾਵੀ ਰੋਕੇ। ਮਹਿੰਦਰ ਤੱਖਰ, ਭਿੰਦਰ ਸੰਧੂ, ਸੁਰਜੀਤ ਰੱਤੂ, ਦਾਲਾ ਦੁਸਾਂਝ, ਧਰਮ ਸਿੰਘ, ਦਵਿੰਦਰ ਧਾਮੀ, ਉਂਕਾਰ ਦੁਸਾਂਝ, ਭਿੰਦਰ ਦੁਸਾਂਝ, ਗੁਰਮੀਤ ਝਾਲੀ ਟੀਮ ਦੇ ਪਲੇਅਰ ਸਨ। ਵਧੀਆ ਟੀਮ ਬਣਾ ਕੇ ਕੈਲੇਫ਼ੋਰਨੀਆਂ, ਨਿਊਯਾਰਕ ਕਬੱਡੀ ਮੈਚ ਖੇਡਣ ਜਾਂਦੇ ਰਹੇ। ਆਪ ਖੇਡਣਾ ਛੱਡ ਦਿੱਤਾ ਤਾਂ ਆਪਣੇ ਤੋਂ ਛੋਟੇ ਖਿਡਾਰੀਆਂ ਨੂੰ

ਖੰਨੇ ਕੋਲ ਪੈਂਦੇ ਮਹੌਂਣ ਪਿੰਡ ਦਾ ਜੰਮਪਲ ਧੰਨਾ ਸਿੰਘ 1975 'ਚ ਵਿਆਹਿਆ ਗਿਆ ਸੀ। ਉਹਦਾ ਬੇਟਾ ਤਕੜਾ ਪਹਿਲਵਾਨ ਬਣਦਾ ਜਾ ਰਿਹਾ ਸੀ। ਪਿਉ-ਪੁੱਤ ਦੋਵੇਂ 'ਕੱਠੇ ਜਿੰਮ ਕਰਨ ਜਾਂਦੇ ਰਹੇ। ਅਫ਼ਸੋਸ,ਕਿਸੇ ਦਰਘਟਨਾ ਦਾ ਸ਼ਿਕਾਰ ਹੋ ਕੇ ਸਦਾ ਲਈ ਵਿਛੋੜਾ ਦੇ ਗਿਆ ਸੀ। ਪੁੱਤਰ ਨੂੰ ਤਕੜਾ ਮੱਲ ਬਣਾਉਂਣ ਦੀਆਂ ਆਸਾਂ ਅਧੂਰੀਆਂ ਰਹਿ ਗਈਆ। ਰੱਬ ਨੂੰ ਜੋ ਮਨਜ਼ੂਰ ਸੀ, ਭਾਣਾ ਮੰਨਣਾ ਪਿਆ। ਬੇਟੇ ਦੇ ਵਿਯੋਗ 'ਚ ਸੇਹਿਤ ਵੀ ਬਹੁਤੀ ਠੀਕ ਨਹੀਂ ਰਹਿੰਦੀ। ਉਠਦੇ ਖਿਡਾਰੀਆਂ ਨੂੰ ਬੜਾ ਹੌਸਲਾ ਦੇ ਰਿਹੈ।

ਮਾਹਲ-ਗੈਹਿਲਾ ਦੇ ਤਿਆਰ ਹੋ ਰਹੇ ਖੇਡ-ਕੰਪਲੈਕਸ ਵਿੱਚ ਬੜੀ ਵੱਡੀ ਦੇਣ ਹੈ ਹਰ ਤਰ੍ਹਾਂ ਨਾਲ। ਜੁਆਨੀ 'ਚ ਕੀਤੀ ਹੋਈ ਮਿਹਨਤ ਨੂੰ ਅੱਜ ਵੀ ਯਾਦ ਕਰਦੇ ਨੇ। ਸੁਣਦੇ ਹੁੰਦੇ ਸਾਂ, ਫ਼ਲਾਣੇਂ ਭਲਵਾਨ ਦੇ ਗੇਲਣਾਂ ਵਰਗੇ ਪੱਟ ਹੁੰਦੇ ਸਨ ਪਰ ਧੰਨਾ ਸਿੰਘ ਦੀ ਮਿਹਨਤ, ਸਾਧਨਾ, ਤਪੱਸਿਆ ਅੱਜਕੱਲ੍ਹ ਦੇ ਸ਼ੌਕੀਨੀ ਲਾ ਕੇ ਘੁੰਮਣ ਵਾਲੇ ਨੌਜਵਾਨਾਂ ਲਈ ਵੱਡੀ ਉਦਾਰਹਣ ਸਭ ਦੇ ਸਾਹਮਣੇਂ ਹੈ। ਪਹਿਲਵਾਨ ਧੰਨਾ ਸਿੰਘ ਉਠਦੇ ਪਹਿਲਵਾਨਾਂ ਤੇ ਖਿਡਾਰੀਆਂ ਲਈ ਮਿਸਾਲ ਹੈ। ਈਮਾਨਦਾਰੀ, ਲਗ਼ਨ ਤੇ ਮਿਹਨਤ ਨਾਲ ਕੁਛ ਵੀ ਕੀਤਾ ਜਾ ਸਕਦੇ। ਅਗ਼ਰ ਧੰਨਾ ਸਿੰਘ ਅਮਰੀਕਾ ਨਾ ਆਉਂਦਾ ਤਾਂ ਅੱਜ ਉਹ ਵੀ ਫ਼ੱਤਾ, ਕੇਹਰ, ਸੁਮੇਰ, ਸ਼ਿੰਦੇ ਪੱਟੀ ਤੇ ਬੁੱਧ ਸਿੰਘ ਹੁਣਾਂ ਵਾਂਗ ਤਕੜਾ ਮੱਲ ਹੋਣਾ ਸੀ।

ਕਬੱਡੀ ਪਹਿਲਵਾਨੀ ਜਿਨ੍ਹਾਂ ਸ਼ੌਕ ਰੱਖਿਆ, ਿ
ਮਹਨਤਾਂ ਕਰ ਪਸੀਨੇਂ ਨਾਲ ਨਹਾਉਂਦੇ ਰਹੇ।
ਆਪ ਤੇ ਆਪਣਿਆਂ ਦੀ ਲੱਜ ਰੱਖੀ,
ਧੱਕੜ ਖਿਡਾਰੀਆਂ ਮੂਹਰੇ ਸੀਨਾ ਡਹਾਉਂਦੇ ਰਹੇ।
ਜੱਬੋਵਾਲੀਏ ਇਕਬਾਲ” ਵਰਗੇ ਦਿੰਦੇ ਰਹੇ ਥਾਪੜਾ,
ਦਿਨ ਰਾਤ ਕਲਮਾ ਚਲਾਉਂਦੇ ਰਹੇ।”

## ਮਿਹਰਬਾਨ ਜੱਜ ਸਾਹਿਬ

ਮਿਹਰਬਾਨ ਜੱਜ ਸਾਹਿਬ
ਮਹਾਵੀਰ ਨਰਵਾਲ ਮਰ ਗਿਐ
ਹਾਂ, ਜੱਜ ਸਾਹਿਬ
ਨਤਾਸ਼ਾ ਦਾ ਪਿਉ
ਇਸ ਜੱਗ ‘ਚ ਨਹੀਂ ਰਿਹਾ।

ਮਿਹਰਬਾਨ ਜੱਜ ਸਾਹਿਬ
ਉਹ ਧੀ ਧਿਆਣੀ
ਪਿਛਲੇ ਦਿਨੀਂ
ਤੁਹਾਡੇ ਦਰਬਾਰ ‘ਚ ਆਈ ਸੀ
ਉਸ ਨੇ ਇਹ ਨਹੀਂ ਸੀ ਕਿਹਾ
ਕਿ ਮੇਰੇ ‘ਤੇ ਮੁਕੱਦਮਾ ਨਾ ਚਲਾਓ
ਉਸ ਨੇ ਇਹ ਨਹੀਂ ਸੀ ਕਿਹਾ
ਕਿ ਮੈਨੂੰ ਦੋਸ਼ ਮੁਕਤ ਕਰ ਦਿਓ
ਉਸ ਦੇ ਵਕੀਲ ਨੇ ਮਿੰਨਤ ਕੀਤੀ ਸੀ
ਕਿ ਉਸ ਨੂੰ ਦੇ ਦਿਓ ਦੋ ਪਲ
ਉਸ ਨੇ ਆਪਣੇ ਪਿਓ ਦਾ ਮੂੰਹ ਵੇਖਣੈ
ਉਸ ਦੇ ਨਾਲ ਦੋ ਗੱਲਾਂ ਕਰਨੀਆਂ ਨੇ
ਉਹ ਬਿਮਾਰ ਹੈ

ਉਹ ਤੇਰ੍ਹਾਂ ਵਰ੍ਹਿਆਂ ਦੀ ਸੀ
ਜਦ ਉਹਦੀ ਮਾਂ ਮਰ ਗਈ
ਉਹਦਾ ਪਿਉ ਹੀ ਉਹਦੀ ਮਾਂ ਸੀ
ਡੂੰਘੀ ਛਾਂ ਸੀ ਉਹ।

ਤੁਸੀਂ ਜਾਣਦੇ ਓ ਜੱਜ ਸਾਹਿਬ
ਤੁਹਾਨੂੰ ਬਹੁਤ ਚੰਗੀ ਤਰ੍ਹਾਂ ਪਤਾ ਐ
ਇਸ ਕੁੜੀ ਨੇ
ਦਿੱਲੀ ਦੇ ਦੰਗੇ ਨਹੀਂ ਸੀ ਕਰਾਏ
ਉਹ ਨਿਰਦੋਸ਼ ਐ
ਉਹ ਸਮਾਜ ਦੇ ਪਿੰਜਰੇ ਤੋੜਨਾ ਚਾਹੁੰਦੀ ਸੀ
ਤੁਸੀਂ ਉਸ ਨੂੰ ਤਾਕਤ ਦੇ ਪਿੰਜਰੇ ‘ਚ ਕੈਦ ਕਰ ਦਿੱਤੈ

ਤੁਸੀਂ ਬਹੁਤ ਤਾਕਤਵਰ ਓ, ਜੱਜ ਸਾਹਿਬ
ਤੁਸੀਂ ਮੁਨਸਿਫ਼ ਓ
ਤੁਸੀਂ ਉਸਨੂੰ
ਉਹ ਦੋ ਪਲ ਦੇ ਸਕਦੇ ਸੀ
ਕਿ ਉਹ ਆਪਣੇ ਪਿਉ ਦਾ ਮੂੰਹ ਵੇਖ ਸਕਦੀ

ਤੁਸੀਂ ਉਸ ਨੂੰ ਹੋਰ ਕੈਦ ਵਿੱਚ ਰੱਖ ਸਕਦੇ ਓ ਜੱਜ ਸਾਹਿਬ
ਤੁਸੀਂ ਉਸ ਨੂੰ ਉਮਰ ਕੈਦ ਦੀ ਸਜ਼ਾ ਦੇ ਸਕਦੇ ਓ
ਤੁਹਾਡੇ ਕੋਲ ਹਰ ਤਾਕਤ ਐ, ਜੱਜ ਸਾਹਿਬ
ਤੁਸੀਂ ਇਨਸਾਫ ਕਰ ਸਕਦੇ ਓ

ਉੱਪਰ ਲਿਖਿਐ ਗਲਤ ਐ
ਤੁਸੀਂ ਸਭ ਕੁਝ ਕਰ ਸਕਦੇ ਓ ਜੱਜ ਸਾਹਿਬ
ਪਰ ਤੁਸੀਂ
ਉਸ ਨੂੰ ਆਪਣੇ ਪਿਉ ਨਾਲ ਗੱਲਾਂ ਕਰਨ ਲਈ
ਦੋ ਪਲ ਨਹੀਂ ਸੀ ਦੇ ਸਕਦੇ

ਤੁਸੀਂ ਉਹ ਦੋ ਪਲ ਨਹੀਂ ਸੀ ਦੇ ਸਕਦੇ ਜੱਜ ਸਾਹਿਬ
ਤੁਹਾਡੇ ਕੋਲ
ਉਹ ਦੋ ਪਲ ਦੇਣ ਵਾਲਾ ਦਿਲ ਨਹੀਂ ਹੈ, ਜੱਜ ਸਾਹਿਬ
ਤੁਹਾਡੇ ਕੋਲ ਤਾਕਤ ਹੈ
ਤੁਹਾਡੇ ਕੋਲ ਇਨਸਾਫ ਹੈ
ਤੁਹਾਡਾ ਦਿਲ ਸਾਫ਼ ਸ਼ਫਾਫ ਹੈ

ਤੁਸੀਂ ਕਿਹਾ ਸੀ
ਤੁਸੀਂ ਉਸਦੀ ਫਰਿਆਦ
ਸੋਮਵਾਰ ਸੁਣੋਗੇ
ਜੱਜ ਸਾਹਿਬ
ਉਹ ਸੋਮਵਾਰ ਹੁਣ ਨਹੀਂ ਆਵੇਗਾ
ਉਹ ਸੋਮਵਾਰ
ਹੁਣ ਕੈਲੰਡਰ ‘ਚੋਂ ਗਾਇਬ ਹੋ ਗਿਐ।

ਜੱਜ ਸਾਹਿਬ
ਤੁਸੀਂ ਸਾਰੀ ਉਮਰ
ਇਸ ਸੋਮਵਾਰ ਦੀ ਤਲਾਸ਼ ਕਰਦੇ ਰਹੋਗੇ।

**ਸਵਰਾਜਬੀਰ**

# ਪੰਜਾਬ 'ਚ ਚਰਚਾ ਵਿਚ ਆਇਆ ਐਸ. ਸੀ. ਭਾਈਚਾਰਾ

ਨਿੰਦਰਪਾਲ ਮਚਾਕੀ
91-73971-06161

ਅਜੋਕੇ ਸਮੇਂ ਦੀ ਜੇਕਰ ਗੱਲ ਕਰੀਏ ਤਾਂ 'ਐਸ. ਸੀ.' ਸਮਾਜ ਵੱਡੀ ਤਾਦਾਦ ਵਿਚ ਹੋਣ ਦੇ ਬਾਵਜੂਦ ਵੀ ਰਾਜਨੀਤਿਕ ਸੱਤਾ ਤੋਂ ਲੱਗਭੱਗ ਬਾਹਰ ਹੀ ਹੈ, ਜਿਸਦਾ ਸਭ ਤੋਂ ਵੱਡਾ ਤੇ ਮੁੱਖ ਕਾਰਨ 'ਇਕ ਮੰਚ' ਦਾ ਨਾ ਹੋਣਾ ਹੈ। ਵੱਖੋ ਵੱਖ ਰਾਜਨੀਤਿਕ ਪਾਰਟੀਆਂ, ਵੱਖੋ ਵੱਖਰੇ ਪਲੇਟਫਾਰਮ ਤੋਂ ਅਲੱਗ ਅਲੱਗ ਚੋਣ ਨਿਸ਼ਾਨ ਤੋਂ ਚੋਣਾਂ ਲੜਦੀਆਂ ਨੇ ਤੇ ਹਰ ਵਾਰ ਨਮੋਸ਼ੀ ਦਾ ਸ਼ਿਕਾਰ ਹੁੰਦੀਆਂ ਨੇ। ਜੇਕਰ ਇਹ ਅਲੱਗ ਅਲੱਗ ਲੜਨ ਦੀ ਬਜਾਏ 'ਇਕ ਮੰਚ' ਤੋਂ ਚੋਣਾਂ ਲੜਨ ਤਾਂ ਜਿੱਤ ਵੱਲ ਸੁਖਾਵੇਂ ਕਦਮੀ ਵੱਧ ਸਕਦੇ ਹਨ। ਪਰ ਇਕ ਮੰਚ ਨਾ ਹੋਣ ਦਾ ਸਭ ਤੋਂ ਵੱਧ ਫਾਇਦਾ ਦੂਸਰੀਆਂ ਰਾਜਨੀਤਿਕ ਪਾਰਟੀਆਂ ਨੂੰ ਹੁੰਦਾ ਹੈ ਜੋ ਅਨੁਸੂਚਿਤ ਜਾਤੀਆਂ ਦੇ ਆਪਸੀ ਮਤਭੇਦ ਦਾ ਰਾਜਨੀ-ਤਿਕ ਲਾਹਾ ਖੱਟ ਰਾਜਸੀ ਸੱਤਾ ਦਾ ਸੁੱਖ ਭੋਗਦੀਆਂ ਹਨ। ਜੇਕਰ ਅਸੀਂ 1947 ਤੋਂ ਬਾਅਦ ਆਜ਼ਾਦ ਭਾਰਤ ਵਿਚ ਚੋਣ ਨਤੀਜਿਆਂ ਦੀ ਗੱਲ ਕਰੀਏ ਤਾਂ 1952 ਤੋਂ ਲੈ ਕੇ 2019 ਤੱਕ ਭਾਰਤ ਦੇ ਪੰਜਾਬ ਸੂਬੇ ਵਿਚ ਨਾ ਕਦੇ ਕੋਈ ਅਨੁਸੂਚਿਤ ਜਾਤੀ ਦਾ ਮੁੱਖ ਮੰਤਰੀ ਅਤੇ ਨਾ ਹੀ ਕੋਈ ਉਪ ਮੁੱਖ ਮੰਤਰੀ ਬਣ ਸਕਿਆ। ਪੰਜਾਬ ਵਿਚ ਹੁਣ ਤੱਕ ਜੇਕਰ ਦੇਖਿਆ ਜਾਵੇ ਦੋ ਹੀ ਰਾਜਨੀਤਿਕ ਪਾਰਟੀਆਂ ਦਾ ਬੋਲਬਾਲਾ ਰਿਹਾ ਹੈ। ਪਹਿਲੀ ਹੈ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਦੂਜੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੈ। ਤੀਜੀ ਪਾਰਟੀ ਬਹੁਜਨ ਸਮਾਜ ਪਾਰਟੀ ਨੈਸ਼ਨਲ ਪੱਧਰ ਦੀ ਪਾਰਟੀ ਹੋਣ ਦੇ ਬਾਵਜੂਦ ਵੀ ਕਾਂਸ਼ੀ ਰਾਮ ਦੇ ਇਸ ਦੁਨੀਆਂ ਤੋਂ ਜਾਣ ਤੋਂ ਬਾਅਦ ਖਾਸ ਕਰਕੇ ਪੰਜਾਬ ਵਿਚ ਆਪਣਾ ਕੋਈ ਖਾਸ ਰੁਤਬਾ ਕਾਇਮ ਨਹੀਂ ਕਰ ਸਕੀ। ਬਸਪਾ ਦੀ ਜੇਕਰ ਪੰਜਾਬ ਵਿਚ ਵੋਟ ਬੈਂਕ ਦੀ ਗੱਲ ਕਰੀਏ ਤਾਂ 1989 'ਚ ਹੋਈਆਂ ਚੋਣਾਂ ਵਿਚ ਬਸਪਾ ਵੱਲੋਂ ਹਰਭਜਨ ਸਿੰਘ ਲਾਖਾ ਜੇਤੂ ਰਹੇ ਸਨ। ਇਸੇ ਤਰ੍ਹਾਂ 1991 'ਚ ਬਸਪਾ ਦੇ ਉਮੀਦਵਾਰ ਮੋਹਨ ਸਿੰਘ ਜੇਤੂ ਰਹੇ। ਇਸ ਤੋਂ ਬਾਅਦ 1992 'ਚ ਹੋਈਆਂ ਚੋਣਾਂ 'ਚ ਬਸਪਾ ਨੂੰ ਕੁੱਲ 9 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ। 1996 ਵਿਚ ਫਿਰੋਜ਼ਪੁਰ ਤੋਂ ਮੋਹਨ ਸਿੰਘ, ਫਿਲੌਰ ਤੋਂ ਹਰਭਜਨ ਸਿੰਘ ਲਾਖਾ ਬਸਪਾ ਦੇ ਉਮੀਦਵਾਰ ਜੇਤੂ ਰਹੇ ਸਨ ਅਤੇ ਇਹਨਾਂ ਚੋਣਾਂ ਵਿਚ ਹੀ ਕਾਂਸ਼ੀ ਰਾਮ ਹੁਸ਼ਿਆਰ-ਪੁਰ ਤੋਂ ਚੋਣ ਲੜੇ ਅਤੇ ਜੇਤੂ ਰਹੇ। ਬਹੁਜਨ ਸਮਾਜ ਦੇ ਸੱਤਾ ਤੋਂ ਲਾਂਭੇ ਰਹਿਣ ਦੇ ਪਿੱਛੇ ਬਹੁਤ ਸਾਰੇ ਕਾਰਨ ਛੁਪੇ ਹੋਏ ਹਨ। ਆਪਸੀ ਮਤਭੇਦ ਰਾਜਨੀਤਿਕ ਵਿਚਾਰਾਂ 'ਚ ਵਖਰੇਵਿਆਂ ਨੇ ਬਹੁਤ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਜਨਮ ਦਿੱਤਾ, ਜਿਹਨਾਂ ਦਾ ਮੁੱਖ ਮਕਸਦ ਦੱਬੇ ਕੁਚਲੇ ਸ਼ੋਸ਼ਿਤ ਵੰਚਿਤ ਬੇਜ਼ਮੀਨੇ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਣਾ ਸੀ ਪਰ ਕਿਸੇ ਵੀ ਪਾਰਟੀ ਨੂੰ ਕਦੇ ਕੋਈ ਵੱਡੀ ਸਫਲਤਾ ਹਾਸਲ ਨਹੀਂ ਹੋਈ। ਪਰ ਮੌਜੂਦਾ ਸਮੇਂ ਵਿਚ ਬਸਪਾ ਦਾ ਵੋਟ ਗਰਾਫ ਤੇਜ਼ੀ ਨਾਲ ਉਪਰ ਉਠ ਰਿਹਾ ਹੈ।



ਆਜ਼ਾਦੀ ਤੋਂ ਲੰਮੇ ਸਮੇਂ ਬਾਅਦ ਜੇਕਰ ਹੁਣ ਤੱਕ ਦੇ ਰਾਜਨੀਤਿਕ ਸਫਰ ਦੀ ਗੱਲ ਕਰੀ ਜਾਵੇ ਤਾਂ ਸਿਰਫ ਇਕ ਵਾਰ ਗਿਆਨੀ ਜ਼ੈਲ ਸਿੰਘ 17 ਮਾਰਚ 1972 ਤੋਂ 30 ਅਪ੍ਰੈਲ 1977 ਪੰਜਾਬ ਦੇ ਮੁੱਖ ਮੰਤਰੀ ਰਾਮਗੜ੍ਹੀਆ ਭਾਈਚਾਰੇ ਵਿਚੋਂ ਰਹੇ ਹਨ।

ਪਰ ਅਖੀਰ ਇੰਨੇ ਲੰਮੇ ਅਰਸੇ ਤੋਂ ਬਾਅਦ ਅਚਾਨਕ ਹੀ ਰਾਜਨੀਤਿਕ ਪਾਰਟੀਆਂ ਨੂੰ ਕਿਉਂ ਵਿਧਾਨ ਸਭਾ 2022 ਦੀਆਂ ਚੋਣਾਂ ਤੋਂ ਪਹਿਲਾਂ ਹੀ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ 'ਐਸ. ਸੀ.( ਬਣਾਉਣ ਦਾ ਐਲਾਨ ਕਰਨਾ ਪਿਆ। ਇਸਦੇ ਪਿੱਛੇ ਤਿੰਨ ਵੱਡੇ ਕਾਰਨ ਹੋ ਸਕਦੇ ਹਨ, ਪਹਿਲਾ ਬਸਪਾ ਦਾ ਪੰਜਾਬ ਵਿਚ ਵੱਧ ਰਿਹਾ ਰਾਜਨੀਤਿਕ ਕੱਦ, ਦੂਸਰਾ ਸੋਸ਼ਲ ਮੀਡੀਆ ਤੇ ਲੰਮੇ ਸਮੇਂ ਤੋਂ ਐਸ. ਸੀ. ਮੁੱਖ ਮੰਤਰੀ ਬਣਾਉਣ ਦੀ ਚੱਲ ਰਹੀ ਮੁਹਿੰਮ ਅਤੇ ਤੀਸਰਾ ਸਭ ਤੋਂ ਵੱਡਾ ਕਾਰਨ ਐਸ. ਸੀ. ਭਾਈਚਾਰੇ ਦੀ ਪੰਜਾਬ ਵਿਚ ਵੱਸੋਂ ਪ੍ਰਤੀਸ਼ਤ 33 ਫੀਸਦੀ ਤੋਂ ਉਪਰ ਹੋਣਾ, ਜਦੋਂ ਪੰਜਾਬ ਵਿਚ ਹਰ ਵਾਰ 21 ਫੀਸਦੀ ਆਬਾਦੀ ਦੇ ਨਾਲ ਪੰਜਾਬ ਦਾ ਮੁੱਖ ਮੰਤਰੀ ਜੱਟ ਸਿੱਖ ਭਾਈਚਾਰੇ ਵਿਚੋਂ ਹੀ ਬਣਦਾ ਹੈ। ਹੁਣ ਇੱਥੇ 2011 ਦੀ ਮਰਦਮਸ਼ੁਮਾਰੀ ਦੇ ਕੁਝ ਅੰਕੜੇ ਤੇ ਵਿਚਾਰ ਚਰਚਾ ਕਰਨੀ ਲਾਜ਼ਮੀ ਬਣਦੀ ਹੈ। 2011 ਵਿਚ ਹੋਈ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਦੇ ਜ਼ਿਲ੍ਹਿਆਂ ਵਿਚ ਅਨੁਸੂਚਿਤ ਜਾਤੀਆਂ ਦੀ ਵੰਡ ਤੇ ਝਾਤ ਮਾਰੀਏ ਤਾਂ ਸ਼ਹੀਦ ਭਗਤ ਸਿੰਘ ਨਗਰ (42.51 ਪ੍ਰਤੀਸ਼ਤ), ਸ੍ਰੀ ਮੁਕਤਸਰ ਸਾਹਿਬ (42.31 ਪ੍ਰਤੀਸ਼ਤ), ਫਿਰੋਜ਼ਪੁਰ (42.17 ਫੀਸਦੀ), ਜਲੰਧਰ 38.95 ਫੀਸਦੀ)। ਇਹਨਾਂ ਜ਼ਿਲ੍ਹਿਆਂ ਵਿਚ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਦੀ ਪ੍ਰਤੀਸ਼ਤ ਵੱਧ ਪਾਈ ਜਾਂਦੀ ਹੈ। ਇਸੇ ਕ੍ਰਮਵਾਰ ਫਰੀਦਕੋਟ (38.92 ਫੀਸਦੀ), ਮੋਗਾ (36.50 ਫੀਸਦੀ), ਹੁਸ਼ਿਆਰਪੁਰ (35.14 ਫੀਸਦੀ), ਕਪੂਰਥਲਾ (33.94 ਫੀਸਦੀ), ਤਰਨ-ਤਾਰਨ (33.71 ਫੀਸਦੀ), ਮਾਨਸਾ (33.63 ਫੀਸਦੀ), ਫਤਿਹਗੜ੍ਹ ਸਾਹਿਬ (32.07 ਫੀਸਦੀ), ਬਰਨਾਲਾ (32.24 ਫੀਸਦੀ), ਬਠਿੰਡਾ (32.44 ਫੀਸਦੀ)। ਇਹਨਾਂ ਅੰਕੜਿਆਂ ਦੇ ਹਿਸਾਬ ਨਾਲ ਹਰ ਜ਼ਿਲ੍ਹੇ ਵਿਚ ਇਕ ਤਿਹਾਈ ਜਾਂ ਵਧੇਰੇ ਆਬਾਦੀ ਅਨੁਸੂਚਿਤ ਜਾਤੀਆਂ ਦੀ ਹੈ। ਪੰਜਾਬ ਦੇ 12169 ਪਿੰਡਾਂ ਵਿਚੋਂ 57 ਪਿੰਡ ਅਜਿਹੇ ਹਨ, ਜਿਹਨਾਂ ਵਿਚ ਐਸ. ਸੀ. ਭਾਈਚਾਰੇ ਦੀ ਆਬਾਦੀ 100 ਫੀਸਦੀ ਹੈ ਅਤੇ 4700 ਪਿੰਡਾਂ ਵਿਚ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਦੀ ਗਿਣਤੀ ਲੱਗਭੱਗ 40 ਫੀਸਦੀ ਦੇ ਕਰੀਬ ਹੈ। ਮਰਦਮਸ਼ੁਮਾਰੀ 2011 ਦੇ ਅਨੁਸਾਰ ਪੰਜਾਬ ਦੀ ਕੁੱਲ ਵਸੋਂ 177.43 ਲੱਖ ਹੈ, ਜਿਸਦੇ ਵਿਚੋਂ 88.60 ਲੱਖ (33.54 ਫੀਸਦੀ) ਐਸ. ਸੀ. ਭਾਈਚਾਰੇ ਦੀ ਹੈ ਤੇ ਜਨਰਲ ਸਮਾਜ ਦੀ ਕੁੱਲ ਗਿਣਤੀ 188.83 ਲੱਖ (68.06 ਫੀਸਦੀ) ਹੈ।

ਇਹੀ ਕਾਰਨ ਹੈ ਕਿ ਬੀਜੇਪੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਰਾਜਨੀਤਿਕ ਰੈਲੀਆਂ ਵਿਚ ਐਸ. ਸੀ. ਸਮਾਜ ਦਾ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਐਲਾਨ ਕਰ ਰਹੀਆਂ ਨੇ। 2019 ਦੀਆਂ ਹੋਈਆਂ ਚੋਣਾਂ ਤੇ ਜੇਕਰ ਇਕ ਝਾਤ ਮਾਰੀਏ ਤਾਂ ਬਸਪਾ ਦਾ ਵੋਟ ਪ੍ਰਤੀਸ਼ਤ ਖਿ-ਸਕਿਆ ਹੋਇਆ ਨਜ਼ਰ ਆ ਰਿਹਾ ਸੀ ਜੋ ਲੱਗਭੱਗ 3.5 ਫੀਸਦੀ ਸੀ ਪਰ ਪਿੱਛੇ ਜਿਹੇ ਹੋਈਆਂ ਐਮ. ਸੀ. ਦੀਆਂ ਚੋਣਾਂ 'ਚ ਬਸਪਾ ਦਾ ਵਧਦਾ ਹੋਇਆ ਵੋਟ ਗਰਾਫ ਨਜ਼ਰ ਆਇਆ। ਬਸਪਾ ਹੁਣ ਅਜਿਹੇ ਮੁਕਾਮ ਤੇ ਪੁੱਜ ਚੁੱਕੀ ਹੈ ਕਿ ਉਹ ਕਿਸੇ ਵੀ ਪਾਰਟੀ ਨੂੰ ਜਿਤਾਉਣ ਤੇ ਹਰਾਉਣ ਦਾ ਰਾਹ ਪੱਧਰਾ ਕਰ ਸਕਦੀ ਹੈ। ਇਸ ਵਾਰ ਦਾ ਚੋਣ ਮੈਦਾਨ ਕਿਸੇ ਵੀ ਰਾਜਨੀਤਿਕ ਪਾਰਟੀ ਲਈ ਸੁਖਾਲਾ ਨਹੀਂ ਹੋਵੇਗਾ। ਪਰ ਬਸਪਾ ਕੋਲ ਇਸ ਵਾਰ ਛੱਕਾ ਲਗਾਉਣ ਦਾ ਸੁਨਹਿਰੀ ਅਵਸਰ ਹੈ।

# ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਕਲਮ-ਪ੍ਰੋਫ਼ੈਸਰ ਲਾਲ ਸਿੰਘ

ਡਾ. ਹਰਨੇਕ ਸਿੰਘ ਕਲੇਰ
91-98151-21286

ਪ੍ਰੋ.ਲਾਲ ਸਿੰਘ ਜੀ ਮਿਹਨਤੀ, ਸਿਰੜੀ ਤੇ ਜੁਝਾਰੂ ਕਲਮਕਾਰ ਸਨ। ਉਹਨਾਂ ਨੇ ਜੀਵਨ ਭਰ ਸੰਘਰਸ਼ ਕੀਤਾ। ਕਿਰਤੀ ਸਮਾਜ ਵਿਚ ਪੈਦਾ ਹੋਏ ਪ੍ਰੋਫੈਸਰ ਲਾਲ ਸਿੰਘ ਨੇ ਇਕ ਦੋਸਤ ਵਰਿੰਦਰ ਦੀ ਮੱਦਦ ਨਾਲ ਵਿੱਦਿਆ ਪ੍ਰਾਪਤ ਕੀਤੀ। ਸ਼ਾਇਦ ਇਹ ਭਾਵਨਾ ਅੰਦਰ ਲਹਿ ਗਈ ਸੀ ਜਿਸ ਕਾਰਨ ਉਹ ਉਮਰ ਭਰ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਹੋ ਕੇ ਸਮਾਜ ਦੀ ਸੇਵਾ ਵਿਚ ਜੁੱਟੇ ਰਹੇ। ਉਹ ਕਹਿੰਦੇ ਸਨ ਕਿ ਦੱਬੇ ਕੁਚਲੇ ਵਰਗ ਦੇ ਲੋਕਾਂ ਨੂੰ ਡਾ ਭੀਮ ਰਾਓ ਅੰਬੇਡਕਰ ਜੀ ਦੀ ਫਿਲਾਸਫੀ ਪੜ੍ਹਨੀ ਤੇ ਪ੍ਰਚਾਰਨੀ ਚਾਹੀਦੀ ਹੈ। ਸਮਾਜ ਪ੍ਰਤੀ ਹਿੱਤ ਰੱਖਣ ਵਾਲੇ ਅਜਿਹੇ ਅਨਮੋਲ ਰਤਨ 3 ਮਈ 2021 ਨੂੰ ਸਾਥੋਂ ਸਦਾ ਲਈ ਵਿੱਛੜ ਗਏ ਜਿਨ੍ਹਾਂ ਨਮਿਤ ਅੰਤਿਮ ਅਰਦਾਸ 12 ਮਈ 2021 ਨੂੰ ਗੁਰੂ ਰਵਿਦਾਸ ਗੁਰਦੁਆਰਾ ਅਮਨ ਨਗਰ ਲੁਧਿਆਣਾ ਵਿਖੇ ਹੋਈ।

ਇਸ ਪ੍ਰਤਿਭਾਸ਼ੀਲ ਸ਼ਖ਼ਸੀਅਤ ਦਾ ਜਨਮ 5 ਜਨਵਰੀ 1940 ਨੂੰ ਪਿਤਾ ਰਾਮ ਸਿੰਘ ਮਾਤਾ ਹਰਨਾਮ ਕੌਰ ਜੀ ਦੇ ਘਰ ਪਿੰਡ ਸ਼ੇਰਵਾਨੀ ਕੋਟ (ਸੰਗਰੂਰ )ਵਿੱਚ ਹੋਇਆ । ਮੁੱ-ਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਅਤੇ ਬੀ.ਏ. ਸਰਕਾਰੀ ਕਾਲਜ ਮਲੇਰਕੋਟਲਾ ਤੋਂ ਪਾਸ ਕਰਨ ਉਪਰੰਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਵਿਸ਼ੇ ਦੀ ਐਮ. ਏ. ਪੰਜਾਬੀ ਦੀ ਡਿਗਰੀ ਕੀਤੀ। ਉਹ ਇਕ ਪੁਸਤਕ ਵਿਚ ਲਿਖਦੇ ਹਨ ਕਿ ਵਿੱਦਿਆ ਵਿਚ ਕੀਤੇ ਸਹਿਯੋਗ ਲਈ ਉਹ ਆਪਣੇ ਦੋਸਤ ਵਰਿੰਦਰ ਦੇ ਰਿਣੀ ਰਹਿਣਗੇ। ਉਹਨਾਂ ਨੇ ਮੈਟ੍ਰਿਕ ਤੋਂ ਬਾਅਦ ਸਹਿਕਾਰਤਾ ਵਿਭਾਗ ਵਿਚ ਸ਼ੁਰੂ ਕੀਤੀ ਸਬ ਇੰਸਪੈਕਟਰ ਦੀ ਨੌਕਰੀ ਤਿਆਗ ਕੇ ਪੜ੍ਹਾਈ ਸ਼ੁਰੂ ਕੀਤੀ ਸੀ। ਉਹਨਾਂ ਦੇ ਘਰ ਤੋਂ ਦੂਰ ਰਹਿਣ ਕਾਰਨ ਉਨ੍ਹਾਂ ਦੀ ਭੈਣ ਗੁਰਕੀਰਤ ਕੌਰ ਸਦੀਵੀ ਵਿਛੋੜਾ ਦੇ ਗਈ। ਜਿਸ ਦੀ ਯਾਦ ਉਨ੍ਹਾਂ ਦੇ ਮਨ ਵਿਚ ਸਦਾ ਸਮਾਈ ਰਹੀ। ਇਹ ਹੀ ਕਾਰਨ ਹੈ



ਕਿ ਉਹਨਾਂ ਨੇ ਆਪਣੇ ਇਕ ਪੁੱਤਰ ਦਾ ਨਾਂ ਗੁਰਕੀਰਤ ਸਿੰਘ ਰੱਖਿਆ। ਜਦੋਂ ਉਹਨਾਂ ਨੇ ਸਰਕਾਰੀ ਕਾਲਜ ਗੁੜਗਾਉਂ ਵਿਖੇ ਪੰਜਾਬੀ ਅਧਿਆਪਕ ਦੇ ਤੌਰ ਤੇ ਅਧਿਆਪਨ ਕਾਰਜ ਸ਼ੁਰੂ ਕੀਤਾ ਤਾਂ ਉਸ ਦੇ ਦ੍ਰਿੜ ਇਰਾਦੇ ਤੋਂ ਪੂਰਾ ਪਰਿਵਾਰ ਖੁਸ਼ ਹੋ ਗਿਆ। ਪੰਜਾਬ ਦੇ ਭਿੰਨ ਭਿੰਨ ਕਾਲਜਾਂ ਜਿਵੇਂ ਮਲੇਰਕੋਟਲਾ, ਨਾਭਾ, ਭੁਲੱਥ, ਮੁਕਤਸਰ, ਫਰੀਦਕੋਟ, ਹੁਸ਼ਿਆਰਪੁਰ ਵਿਚ ਪੰਜਾਬੀ ਅਧਿਆਪਨ ਦੇ ਕਾਰਜ ਦੁਰਾਨ ਆਪ ਨੇ ਅਨੇਕਾਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨਾਲ ਜੋੜਿਆ। ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਪੜ੍ਹਾਉਂਦਿਆਂ ਆਪ ਨੇ ਐਲ.ਐਲ.ਬੀ. ਦੀ ਡਿਗਰੀ ਪ੍ਰਾਪਤ ਕੀਤੀ ਤਾਂ ਜੋ ਲੋੜਵੰਦਾਂ ਨੂੰ ਕਾਨੂੰਨੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ। ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਆਪ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਬਣੇ। ਇੱਥੋਂ ਸਫਲਤਾ ਸਹਿਤ ਸੇਵਾ ਨਿਭਾਉਂਦਿਆ ਆਪ 1998 ਵਿਚ ਸੇਵਾ ਮੁਕਤ ਹੋ ਗਏ। ਹੁਣ ਉਹਨਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਕਰਕੇ ਖੋਜ ਕਾਰਜ ਆਰੰਭ ਕੀਤਾ। ਫਲਸਰੂਪ ਗੁਰੂ ਰਵਿਦਾਸ ਜੀ ਦੀ ਫਿਲਾਸਫੀ ਬਾਰੇ ਅੱਠ ਪੁਸਤਕਾਂ ਦਾ ਯੋਗਦਾਨ ਪਾਇਆ। ਇਸ ਮੌਕੇ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਗੁਰਬਾਣੀ ਦੀ ਖੋਜ ਦੇ ਮਿਸ਼ਨ ਦੀ ਲਹਿਰ ਚਲ ਰਹੀ ਸੀ। ਆਪ ਜੀ ਨੇ ਇਸ ਲਹਿਰ ਨੂੰ ਸਿਖਰ ਤਕ ਪਹੁੰਚਾਉਣ ਲਈ ਦਿਨ ਰਾਤ ਇੱਕ ਕਰ ਦਿੱਤਾ। ਉਨ੍ਹਾਂ ਨੇ ਗੁਰੂ ਜੀ ਦੀ ਬਾਣੀ ਅਤੇ ਜੀਵਨ ਬਾਰੇ ਲਿਖਣ ਲਈ ਕਲਮ ਚੁੱਕੀ ਤੇ ਇਸ ਕਾਰਜ ਵਿਚ ਜੀਵਨ ਲਾ ਦਿੱਤਾ। ਉਨ੍ਹਾਂ ਦੀ ਪਹਿਲੀ ਪੁਸਤਕ "ਗੁਰੂ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਦੀ ਸਟੀਕ ਅਤੇ ਤੱਤ ਸਿਧਾਂਤ"1995 ਵਿੱਚ ਪ੍ਰਕਾਸ਼ਤ ਹੋਈ ਇਸ ਪੁਸਤਕ ਦੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਭਰਪੂਰ ਸ਼ਲਾਘਾ ਕੀਤੀ। ਅਗਲੀ ਖੋਜ ਭਰਪੂਰ ਪੁਸਤਕ 'ਸ੍ਰੀ ਗੁਰੂ ਰਵਿਦਾਸ ਤੇ ਉਨ੍ਹਾਂ ਦੇ ਗੁਰੂ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੀ। ਇਕ ਹੋਰ ਪੁਸਤਕ 'ਮੂਲ ਮੰਤਰ ਅਨੁਸਾਰ ਆਦਿ ਧਰਮ ਬਨਾਮ ਵਿਸ਼ਵ ਧਰਮ ਦੇ ਸਿਰਜਕ ਗੁਰੂ ਰਵਿਦਾਸ ਜੀ'। ਉਨ੍ਹਾਂ ਦੀ ਹਰ ਇੱਕ ਪੁਸਤਕ ਖੋਜ ਕਾਰਜ ਸਦਕਾ ਸਮਾਜ ਲਈ ਪਥ ਪ੍ਰਦਰਸ਼ਕ ਬਣੀ। ਉਨ੍ਹਾਂ ਦੀ ਚੌਥੀ ਪੁਸਤਕ 'ਬੇਗਮਪੁਰਾ ਸ਼ਹਿਰ ਕੋ ਨਾਉ' ਵਿਚ ਸਥਾਪਤ ਵਿਸ਼ਵ ਸੰਵਿਧਾਨ ਦੇ ਸਿਰਜਕ ਗੁਰੂ ਰਵਿਦਾਸ ਜੀ ਨੂੰ ਸੰਗਤਾਂ ਨੇ ਬਹੁਤ ਮਾਣ ਦਿੱਤਾ।ਪੰਜਵੀਂ ਪੁਸਤਕ ਜਿਵੇਂ ਨਾਮ ਤੋਂ ਹੀ ਵਿਲੱਖਣਤਾ ਹੈ 'ਗੁਰੂ ਰਵਿਦਾਸ ਜੀ ਦਾ ਧਰਮ ਸਿੰਧੂ ਘਾਟੀ ਦੇ ਆਦਿ ਵਾਸੀ ਅਛੂਤਾਂ ਦਾ ਆਦਿ ਧਰਮ', 'ਛੇਵੀਂ ਪੁਸਤਕ ਆਦਿ ਧਰਮ ਬਨਾਮ ਵਿਸ਼ਵ ਧਰਮ ਗ੍ਰੰਥ,' ਸੱਤਵੀਂ ਪੁਸਤਕ 'ਸਤਿਗੁਰੂ ਜੀ ਦੀ ਇਤਿਹਾਸਕ ਜੀਵਨੀ' ਤੇ ਅੱਠਵੀਂ ਪੁਸਤਕ 'ਫ਼ੌਜਾਂ ਦੇ ਸੁਪਰੀਮ ਕਮਾਂਡਰ' ਹੈ। ਉਨ੍ਹਾਂ ਦੀਆਂ ਲਿਖੀਆਂ ਸਾਰੀਆਂ ਪੁਸਤਕਾਂ ਖੋਜ ਦੀਆਂ ਲਖਾਇਕ ਹਨ। ਪ੍ਰੋਫੈਸਰ ਲਾਲ ਸਿੰਘ ਜੀ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਅਤੇ ਮਾਣ ਸਨਮਾਨ ਮਿਲਦਾ ਰਿਹਾ।

ਉਨ੍ਹਾਂ ਨੂੰ ਦੇਸ਼ ਵਿਦੇਸ਼ ਦੀਆਂ ਅਨੇਕਾਂ ਸਭਾਵਾਂ ਤੇ ਸੰਸਥਾਵਾਂ ਵੱਲੋਂ ਮਾਣ ਸਨਮਾਨ ਕੀਤਾ ਗਿਆ। ਪੰਜਾਬ ਸਰਕਾਰ , ਸਾਧੂ ਸੰਪਰਦਾਇ ਸੋਸਾਇਟੀ ਪੰਜਾਬ। ਗੁਰੂ ਰਵਿਦਾਸ ਸਭਾ ਇਟਲੀ। ਗੁਰੂ ਰਵਿਦਾਸ ਸਭਾ ਯੂ ਕੇ ਨੇ ਸੋਨੇ ਦੇ ਪੈਨ ਨਾਲ ਸਨਮਾਨਤ ਕੀਤਾ। ਡੇਰਾ ਸੰਤ ਸਰਬਣ ਦਾਸ ਸੱਚ ਖੰਡ ਬੱਲਾਂ ਵਾਲਿਆਂ ਨੇ 1995 ਵਿਚ ਚਾਂਦੀ ਦੀ ਪਲੇਟ ਨਾਲ ਸਨਮਾਨਤ ਕੀਤਾ। ਭਾਰਤੀਆ ਦਲਿਤ ਸਾਹਿਤ ਉੱਤਰ ਪ੍ਰਦੇਸ਼ ਤੇ ਸਤਿਗੁਰੂ ਰਵਿਦਾਸ ਸਭਾ ਕਪੂਰ ਵੱਲੋਂ ਸਨਮਾਨਤ ਕੀਤਾ ਗਿਆ। ਆਪਣੀਆਂ ਪੁਸਤਕਾਂ ਸਦਕਾ ਆਪ ਦੇਸ਼ ਵਿਦੇਸ਼ ਵਿੱਚ ਵਸਦੇ ਲੋਕਾਂ ਦੇ ਦਿਲਾਂ ਵਿਚ ਸਦਾ ਹੀ ਵੱਸਦੇ ਰਹਿਣਗੇ। ਉਨ੍ਹਾਂ ਦਾ ਵਿਛੋੜਾ ਸਾਹਿਤ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹ ਰਵਿਦਾਸੀਆ ਸਮਾਜ ਲਈ ਕੀਤੇ ਉਤਸ਼ਾਹ ਵਧਾਊ ਕੰਮਾਂ ਅਤੇ ਖੋਜ ਭਰਪੂਰ ਲਿਖਤਾਂ ਸਦਕਾ ਯਾਦ ਆਉਂਦੇ ਰਹਿਣਗੇ। ਸਾਡੇ ਸਮਾਜ ਦਾ ਫਰਜ਼ ਬਣਦਾ ਹੈ ਇਹੋ ਜਿਹੇ ਵਿਦਵਾਨਾਂ ਦੀਆਂ ਲਿਖਤਾਂ ਤੋਂ ਸੇਧ ਲੈ ਕੇ ਸਮਾਜ ਨੂੰ ਚੰਗੇ ਪਾਸੇ ਵੱਲ ਤੋਰਨ ਲਈ ਪ੍ਰੇਰਿਤ ਕੀਤਾ ਜਾਵੇ।

***ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਪ੍ਰੋ. ਲਾਲ ਸਿੰਘ ਦੀ ਬੇਵਕਤੀ ਮੌਤ ਤੇ ਦਿਲੀ ਹਾਰਦਿਕ ਦੁੱਖ ਪ੍ਰਗਟ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ।***

## 9 ਮਈ ਮਦਰ ਡੇ 'ਤੇ/ ਅਪਣੀ ਮਾਂ

ਚਾਚੀਆਂ, ਮਾਸੀਆਂ ਚਾਹੇ ਕਿੰਨਾ ਚੰਗਾ ਕਰਨ ਵਿਹਾਰ।
ਆਪਣੀ ਮਾਂ ਦੇ ਵਰਗਾ ਕੋਈ ਕਰ ਨਾ ਸਕੇ ਪਿਆਰ।
ਬੱਚੇ ਨੂੰ ਤਕਲੀਫ਼ ਹੁੰਦੀ ਜਦ ਦੁਖੀ ਹੁੰਦੀ ਹੈ ਮਾਂ,
ਸੁੱਕੀ ਥਾਂ 'ਤੇ ਪਾ ਕੇ ਉਸ ਨੂੰ ਪੈਂਦੀ ਗਿੱਲੀ ਥਾਂ,
ਧੀਆਂ ਪੁੱਤਰਾਂ ਦੀਆਂ ਪੀੜਾਂ ਨੂੰ ਸਕਦੀ ਨਹੀਂ ਸਹਾਰ।
ਆਪਣੀ ਮਾਂ--------
ਧੁੱਪਾਂ ਸਹਿ ਕੇ ਅਕਸਰ ਕਰਦੀ ਹੈ ਬੱਚਿਆਂ ਨੂੰ ਛਾਵਾਂ,
ਮਾਂ ਦੀ ਨਿੱਘੀ ਗੋਦ 'ਚ ਹੁੰਦਾ ਜੰਨਤ ਦਾ ਸਿਰਨਾਵਾਂ,
ਮਾਂ ਦੇ ਨਾਲ ਸੰਪੂਰਨ ਹੁੰਦਾ ਬੱਚਿਆਂ ਦਾ ਪਰਿਵਾਰ।
ਆਪਣੀ ਮਾਂ-------
ਤੰਦਰੁਸਤੀ ਤੇ ਲੰਮੀ ਉਮਰ ਦੀਆਂ ਮੰਗਦੀ ਸਦਾ ਦੁਆ,
ਆਪਣੇ ਬੱਚਿਆਂ ਦੇ ਸਾਹਾਂ ਨਾਲ ਮਾਂ ਲੈਂਦੀ ਹੈ ਸਾਹ,
ਔਖੇ ਆਉਂਦੇ ਸਾਹ ਜੇ ਬੱਚੇ ਲੱਗ ਜਾਣ ਕਰਨ ਖ਼ੁਆਰ।
ਆਪਣੀ ਮਾਂ----------
ਆਪ ਮਾਂ ਰਹਿ ਲਏ ਭੁੱਖੀ ਭਾਵੇਂ ਬੱਚਿਆਂ ਨੂੰ ਰਜਾਵੇ,
ਖਾਂਦੀ ਖਾਂਦੀ ਕੱਢ ਕੇ ਆਪਣੇ ਬੱਚਿਆਂ ਦੇ ਮੂੰਹ ਪਾਵੇ,
ਆਪਣੇ ਹਿੱਸੇ ਦਾ ਸੁੱਖ ਦੇਵੇ ਆਪਣੀ ਔਲਾਦ ਤੋਂ ਵਾਰ।
ਆਪਣੀ ਮਾਂ-----------
ਰਿਸ਼ਤੇ ਹੋਰ ਪਿਆਰੇ ਪਰ ਮਾਂ ਸਭ ਤੋਂ ਵੱਧ ਪਿਆਰੀ,
ਰੱਬ ਦਾ ਰੂਪ ਸਮਝਕੇ ਜਾਂਦੀ ਜਗ ਦੇ ਵਿਚ ਸਤਿਕਾਰੀ,
ਪੀਰ ਪੈਗ਼ੰਬਰਾਂ ਵੀ ਕੀਤਾ ਮਾਂ ਦੀ ਮਮਤਾ ਦਾ ਸਤਿਕਾਰ।
ਆਪਣੀ ਮਾਂ-----------
ਕਹਿਣ ਸਿਆਣੇ ਦੁਨੀਆਂ ਵਾਲਿਓ
ਮਾਂ ਹੁੰਦੀ ਹੈ ਮਾਂ, ਚਾਚੀ ਤਾਈ ਲੈ ਨਾ ਸਕਦੀ ਕਦੇ
ਵੀ ਇਸ ਦੀ ਥਾਂ, 'ਚੋਹਲੇ' ਵਾਲਾ 'ਬੱਗਾ' ਲਿਖਦਾ ਕਰਕੇ
ਸੋਚ ਵਿਚਾਰ। ਆਪਣੀ ਮਾਂ ਦੇ ਵਰਗਾ ਕੋਈ ਕਰ ਨਾ ਸਕੇ
ਪਿਆਰ। ---------

-ਰਮੇਸ਼ ਬੱਗਾ ਚੋਹਲਾ
94631-32719

# ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਸੋਕਾ ਵੇ



ਬਲਜਿੰਦਰ ਮਾਨ
91-98150-18947

ਦੁਆਬੇ ਦੀਆਂ ਅੰਬੀਆਂ ਦਾ ਰਸ ਮਾਨਣ ਵਾਲੇ ਪੂਰੀ ਦੁਨੀਆਂ ਵਿਚ ਬੈਠੇ ਹਨ।ਜਦੋਂ ਕਦੀ ਪ੍ਰਦੇਸੋਂ ਫ਼ੋਨ ਆਉਂਦਾ ਹੈ ਤਾਂ ਪਹਿਲਾਂ ਦੁਆਬੇ ਦੇ ਰਸੀਲੇ ਤੇ ਸੰਧੂਰੀ ਅੰਬਾਂ ਦੀ ਚਰਚਾ ਹੁੰਦੀ ਹੈ।ਲੋਕ ਸਾਹਿਤ ਵਿਚ ਵੀ ਦੁਆਬੇ ਦੀਆਂ ਅੰਬੀਆਂ ਦੀਆਂ ਸਿਫ਼ਤਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਨੇ।ਜਿਵੇਂ

ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਬੂਰ ਵੇ,
ਰੁੱਤ ਏ ਪਿਆਰਾਂ ਵਾਲੀ ਮਾਹੀ ਮੇਰਾ ਦੂਰ ਵੇ।
ਅੰਬੀਆਂ ਨੂੰ ਤਰਸੇਂਗੀ ਨੀ ਤੂੰ ਛੱਡ ਕੇ ਦੇਸ ਦੁਆਬਾ।

ਹੁਣ ਇਹ ਗੀਤ ਉਲਟ ਹੋ ਗਿਆ ਹੈ।ਹੁਣ ਦੁਆਬੇ ਵਿਚ ਰਹਿ ਕੇ ਵੀ ਅੰਬਾਂ ਨੂੰ ਤਰਸਣਾ ਪਵੇਗਾ।ਜਿਹੜਾ ਦੁਆਬਾ ਬਾਗਾਂ ਨਾਲ ਭਰਿਆ ਪਿਆ ਸੀ ਉਥੇ ਹੁਣ ਅੰਬ ਦਾ ਬੂਟਾ ਬੜੀ ਮੁਸ਼ਕਿਲ ਨਾਲ਼ ਭਾਲ਼ ਕਰਨ ਤੋਂ ਬਾਅਦ ਲੱਭਦਾ ਹੈ। ਕੰਢੀ ਦੇ ਇਲਾਕੇ ਵਿਚ ਅੰਬਾਂ ਦੀ ਭਰਮਾਰ ਹੁੰਦੀ ਸੀ।ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ,ਹਰਿਆਣਾ ਤੇ ਭੂੰਗਾ ਤਾਂ ਇਥੋਂ ਦੇ ਇਨਾਮੀ ਬਾਗਾਂ ਲਈ ਮਸ਼ਹੂਰ ਰਹੇ ਹਨ।

ਸਾਡੇ ਵੱਡੇ ਵਡੇਰੇ ਅੰਬਾਂ ਦਾ ਵਪਾਰ ਕਰਿਆ ਕਰਦੇ ਸਨ।ਅਸੀਂ ਬਚਪਨ ਵਿਚ ਆਪਣੇ ਦਾਦਾ ਦਾਦੀ ਅਤੇ ਚਾਚੇ ਤਾਇਆਂ ਨਾਲ ਅੰਬਾਂ ਦੇ ਸੀਜ਼ਨ ਵਿਚ ਨਿੱਕਾ ਮੋਟਾ ਕੰਮ ਉਹਨਾਂ ਨਾਲ ਕਰਵਾਇਆ ਕਰਦੇ ਸਾਂ। ਸਕੂਲ ਦਾ ਕੰਮ ਵੀ ਉਥੇ ਬਾਗਾਂ ਵਿਚ ਹੀ ਅੰਬਾਂ ਦੀ ਛਾਵੇਂ ਬੈਠ ਕਰਦੇ ਰਹਿੰਦੇ। ਜਦੋਂ ਟਪਕਾ ਪੈਂਦਾ ਤਾਂ ਚੁਣ ਚੁਣ ਕੇ ਅੰਬ ਚੂਪਦੇ।ਟਪਕੇ ਤੋਂ ਭਾਵ ਹੁੰਦਾ ਹੈ ਦਰੱਖਤ ਨਾਲੋ ਪੱਕ ਕੇ ਫ਼ਲ ਦਾ ਧਰਤੀ ਡਿਗਣਾ ।ਇਥੇ ਹੀ ਬਸ ਨਹੀਂ ਉਸ ਜ਼ਮਾਨੇ ਅੰਬਾਂ ਦੀ ਸਾਂਭ ਸੰਭਾਲ ਬੜੇ ਸਲੀਕੇ ਨਾਲ ਭਾਵ ਕੁਦਰਤੀ ਤਰੀਕੇ ਨਾਲ ਕੀਤੀ ਜਾਂਦੀ ਸੀ। ਅਜਕਲ ਸਭ ਤਰ੍ਹਾਂ ਦੇ ਅੰਬ ਮਸਾਲੇ (ਕੈਲਸ਼ੀਅਮ ਕਾਰਬਾਈਟ) ਨਾਲ ਹੀ ਪਕਾਏ ਜਾ ਰਹੇ ਹਨ ਜੋ ਸਿਹਤ ਤੇ ਬੁਰਾ ਪ੍ਰਭਾਵ ਪਾ ਜਾਂਦੇ ਹਨ। ਪੁਰਾਣੇ ਜ਼ਮਾਨੇ ਅਜਿਹਾ ਕਦੀ ਨਹੀਂ ਸੀ ਹੁੰਦਾ।

ਅੰਬਾਂ ਨੂੰ ਤੋੜਨ ਤੇ ਪਕਾਉਣ ਦੀ ਵਿਧੀ ਬੜੀ ਦਿਲਚਸਪ ਹੈ।ਛਿੱਕੀ ਕਾਂਡੂ ਨਾਲ ਅੰਬਾਂ ਦੀ ਤੁੜਾਈ ਕੀਤੀ ਜਾਂਦੀ।ਕੋਈ ਵੀ ਅੰਬ ਹੇਠਾਂ ਧਰਤੀ ਤੇ ਨਾ ਡਿਗਣ ਦਿੱਤਾ ਜਾਂਦਾ। ਡਿਗਿਆ ਅੰਬ ਪਕਾਉਣ ਵਾਲੇ ਅੰਬਾਂ ਵਿਚ ਸ਼ਾਮਿਲ ਵੀ ਨਾ ਕੀਤਾ ਜਾਂਦਾ। ਸਾਡੀ ਜ਼ਿੰਮੇਵਾਰੀ ਇਹ ਹੁੰਦੀ ਕਿ ਹੇਠਾਂ ਕਾਂਡੂ ਨੂੰ ਫ਼ੜਕੇ ਟੋਕਰੇ ਵਿਚ ਉਲੱਦਣਾ ਬਾਅਦ ਵਿਚ ਅੰਬਾਂ ਦੀਆਂ ਡੰਡੀਆਂ ਤੋੜਕੇ ਸਿਰਕੀ ਤੇ ਪਾਉਣਾ।ਇਹਨਾਂ ਅੰਬਾਂ ਦੇ ਡੋਕ ਨੂੰ ਛਾਵੇਂ ਸਿਰਕੀ (ਕਾਨੇ ਦੀਆਂ ਤੀਲਾਂ ਦੀ ਬਣੀ ਚਟਾਈ) ਉੱਤੇ ਸੁਕਾਇਆ ਜਾਂਦਾ।ਬਾਅਦ ਦੁਪਹਿਰ ਅੰਬ ਪਕਾਉਣ ਲਈ ਬਗੜ ਦੀਆਂ ਟੋਕਰੀਆਂ ਲਗਾਈਆਂ ਜਾਂਦੀਆਂ। ਬਗੜ ਦੀ ਗਰਮੀ ਨਾਲ ਅੰਬ ਕੁਦਰਤੀ ਤਰੀਕੇ ਨਾਲ ਪੱਕਦਾ ਸੀ। ਜਿਸ ਵਿਚ ਅੰਬਾਂ ਦੀਆਂ ਤਿੰਨ ਤਹਿਆਂ ਪਾਈਆਂ ਜਾਂਦੀਆਂ। ਟੋਕਰੀਆਂ ਵਿਚ ਲਾਇਆ ਅੰਬ ਹਫ਼ਤੇ ਅੰਦਰ ਪੱਕ ਕੇ ਮਹਿਕਣ ਲਗ ਪੈਂਦਾ ਸੀ।ਸੰਧੂਰੀ ਅੰਬ ਦੇਖ ਤਾਂ ਹਰ ਕਿਸੇ ਦਾ ਜੀਅ ਚੂਪਣ ਨੂੰ ਕਰਨ ਲਗ ਪੈਂਦਾ। ਕੱਚੇ ਅੰਬਾਂ ਨੂੰ ਬੋਰੀਆਂ ਪਰ ਅਜਕਲ ਜੁਆਨਾਂ ਦੀ ਸਮਰੱਥਾ ਘੱਟ ਹੋਣ ਕਰਕੇ ਸ਼ੀਮੈਂਟ ਦੇ ਖਾਲੀ ਥੈਲਿਆਂ ਵਿਚ ਭਰੇ ਜਾਂਦੇ ਹਨ। ਜਿਨ੍ਹਾਂ ਨੂੰ ਅਚਾਰੀ ਅੰਬ ਵੀ ਕਿਹਾ ਜਾਂਦਾ ਹੈ। ਬੋਰੇ ਦੇ ਹੇਠਾਂ ਤੇ ਉੱਪਰ ਅੰਬ ਦੇ ਪੱਤਿਆਂ ਦੀ ਤਹਿ ਭਰੀ ਜਾਂਦੀ ਹੈ ਤਾਂਕਿ ਅੰਬ ਨੂੰ ਸੱਟ ਨਾ ਲੱਗੇ।ਅਜਕਲ ਕੱਚਾ ਅੰਬ ਕਾਂਡੂ ਛਿੱਕੀ ਨਾਲ ਨਹੀਂ ਸਗੋਂ ਕੁੰਡੀ ਨਾਲ ਭਰੂਇਆ ਜਾਂ ਤੋੜਿਆ ਜਾਂਦਾ ਹੈ।



ਬਚਪਨ ਦੀਆਂ ਮਿੱਠੀਆਂ ਯਾਦਾਂ ਤਾਜ਼ੀਆਂ ਕਰਨ ਅੰਬਾਂ ਦੇ ਬਾਗ ਲੱਭਿਆਂ ਵੀ ਨਹੀਂ ਲੱਭਦੇ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਬਾਗਾਂ ਦੀ ਥਾਂ ਸਫ਼ੈਦਿਆਂ ਦੇ ਝੁੰਡ ਜਾਂ ਪਾਪੂਲਰ ਹੀ ਦਿ-ਖਾਈ ਦਿੰਦੇ ਹਨ ।ਅੰਬ ਹੁੰਦੇ ਤਾਂ ਅੰਬਾਂ ਦੀ ਰਾਖੀ ਕਰਨ ਵਾਲੇ ਅਤੇ ਤੁੜਾਈ ਕਰਕ ਵਾਲੇ ਤੁੜਾਵੇ ਵੀ ਮਿਲ ਜਾਂਦੇ। ਬਸ ਹਰ ਪਾਸੇ ਬਰਾਨੀ ਹੀ ਦਿਖਾਈ ਦਿੰਦੀ ਹੈ। ਅੰਬਾਂ ਦੇ ਬੂਟਿਆਂ ਨੂੰ ਅੱਖਾਂ ਤਰਸ ਗਈਆਂ।ਜਿਹੜੀਆਂ ਸੜਕਾਂ ਅੰਬਾਂ ਅਤੇ ਟਾਹਲੀਆਂ ਦੀਆਂ ਛਾਵਾਂ ਨਾਲ ਭਰੀਆਂ ਹੁੰਦੀਆਂ ਸਨ।ਉਹ ਵੀ ਰੁੰਡ ਮੁੰਡ ਹੋਈਆ ਪਈਆਂ ਸਨ।ਅੰਬ,ਟਾਹਲੀ ਅਤੇ ਕਿੱਕਰ ਦੇ ਸਭ ਰੁੱਖ ਵੱਢੇ ਜਾ ਚੁੱਕੇ ਸਨ ਜਾਂ ਸੁੱਕ ਰਹੇ ਸਨ। ਬਸ ਜਿਹੜੇ ਟਾਵੇਂ ਟਾਂਵੇ ਬਚੇ ਸਨ ਉਹ ਵੀ ਸੁੱਕਣ ਦੀ ਤਿਆਰੀ ਵਿਚ ਸਨ। ਅੰਬਾਂ ਦੀਆਂ ਟਾਹਣੀਏ ਤੇ ਲਏ ਝੂਟੇ ਮੁੜ ਬਚਪਨ ਵਿਚ ਲੈ ਗਏ। ਪਰ ਯਾਦਾਂ ਤੋਂ ਸਿਵਾ ਹੁਣ ਮਾਨਣ ਵਾਸਤੇ ਕੁੱਝ ਵੀ ਨਹੀਂ ਸੀ। ਜਿਸ ਦੁਆਬੇ ਨੂੰ ਲੋਕ ਅੰਬ ਚੂਪਣ ਲਈ ਉਚੇਚੇ ਆਉਂਦੇ ਸਨ ਉਹਨਾਂ ਨੂੰ ਹੁਣ ਟਪਕਾ ਜਾਂ ਇਸ ਇਲਾਕੇ ਦੇ ਦੇਸੀ ਅੰਬ ਤੋਤਾ ਪਰੀ, ਸੌਂਫੀਆਂ, ਗਾਜਰ, ਥਾਣੇਦਾਰ, ਮੇਮ, ਸਾਹਬ ਆਦਿ ਕਿਸਮਾਂ ਦੇ ਨਹੀਂ ਮਿਲਦੇ। ਅੰਬਾਂ ਦੇ ਬੂਟਿਆਂ ਦੇ ਖਾਤਮੇ ਦਾ ਮੁੱਖ ਕਾਰਨ ਵਧਦੀ ਜਨਸੰਖਿਆ ਅਤੇ ਵਧਦੀ ਐਸ਼ ਪ੍ਰੱਸਤੀ ਨੇ ਸਾਡੇ ਕੋਲੋ ਸਭ ਕੁਝ ਖੋਹ ਲਿਆ ਹੈ। ਜਿਹੜੇ ਲੋਕ ਅੰਬਾਂ ਦੇ ਸੀਜ਼ਨ ਵਿਚ ਵਪਾਰ ਕਰਦੇ ਉਹ ਵਿਹਲੇ ਹੋ ਗਏ ।ਇਸ ਕਾਰੋਬਾਰ ਨਾਲ ਸਬੰਧਤ ਕਾਮੇ ਵੀ ਵਿਹਲੇ ਹੋ ਗਏ ਨੇ।ਅੰਬਾਂ ਨਾਲ ਸਬੰਧਤ ਕਈ ਤਰ੍ਹਾਂ ਦੇ ਘਰੇਲੂ ਕਿੱਤੇ ਵੀ ਚੱਲਦੇ ਸਨ ਜਿਹੜੇ ਹੁਣ ਖਤਮ ਹੋ ਗਏ ਨੇ।ਅੰਬਾਂ ਤੋਂ ਬਣਨ ਵਾਲੇ ਚਟਣੀ, ਮੁਰੱਬੇ ਬਾਖੜੀਆਂ ਆਦਿ ਦਾ ਕੰਮ ਵੀ ਅੰਬਾਂ ਦੇ ਖਾਤਮੇ ਨੇ ਖੋਹ ਲਿਆ ਹੈ। ਅੰਬਾਂ ਦੇ ਦਿਨਾਂ ਵਿਚ ਆਮ ਤੇ ਖਾਸ ਲੋਕ ਅੰਬ ਦੀ ਮਲਾਜੀ, ਬਾਂਜੂ, ਚਟਨੀ ਅਤੇ ਬਾਖੜੀਆਂ ਅਦਿ ਸਵਾਦੀ ਵਸਤਾਂ ਤਿਆਰ ਕਰਕੇ ਖਾਂਦੇ ਅਤੇ ਘਰ ਆਏ ਮਹਿਮਾਨਾਂ ਨੂੰ ਵੀ ਪੇਸ਼ ਕਰਦੇ।ਅਜਕਲ ਕੁਝ ਕੁ ਲੋਕ ਅੰਬਾਂ ਦੇ ਬਾਗ ਮੁੜ ਲਾਉਣ ਵਿਚ ਰੁਚੀ ਲੈਣ ਲੱਗੇ ਹਨ। ਪਰ ਇਹ ਨਾਂ ਮਾਤਰ ਬਾਗ ਜਾਂ ਬੂਟੇ ਦੁਆਬੇ ਦੇ ਦੇਸੀ ਅੰਬਾਂ ਦੀ ਘਾਟ ਨੂੰ ਪੂਰਾ ਨਹੀਂ ਕਰ ਸਕਦੇ ।ਸੌ-ਸੌ ਸਾਲ ਪੁਰਾਣੇ ਅੰਬਾਂ ਦੇ ਰੁੱਖ ਹੁਣ ਬੀਤੇ ਦੀ ਕਹਾਣੀ ਬਣਕੇ ਰਹਿ ਗਏ ਹਨ।ਅੰਬਾਂ ਵਿਚਲੇ ਵਿਟਾਮਿਨ ਏ ਬੀ ਸੀ, ਪੋਟਾਸ਼ੀਅਮ ਕੈਲਸ਼ੀਅਮ, ਫਾਸਫੋਰਸ, ਕਰਬੋ-ਹਾਈਡ੍ਰੇਟਸ ਭਰਪੂਰ ਫ਼ਾਇਦਿਆਂ ਨਾਲ ਉਸ ਜ਼ਮਾਨੇ ਦੇ ਲੋਕ ਅਜ ਨਾਲੋਂ ਕਿਤੇ ਤੰਦਰੁਸਤ ਸਨ।ਸੋ ਅਜ ਅਸੀਂ ਧਰਤੀ ਦਾ ਸ਼ਿੰਗਾਰ ਹੀ ਖਤਮ ਨਹੀਂ ਖਤਮ ਕੀਤਾ ਸਗੋਂ ਆਪਣੀ ਜੀਵਨ ਸ਼ੈਲੀ ਵੀ ਖਰਾਬ ਕਰ ਲਈ ਹੈ। ਰੁੱਖ ਤੇ ਮਨੁੱਖ ਦੀ ਸਾਂਝ ਨੂੰ ਕਾਇਮ ਰੱਖਣ ਨਾਲ ਹੀ ਅਸੀਂ ਸੁਖਾਲੇ ਜੀਵਨ ਦੀ ਆਸ ਲਾ ਸਕਦੇ ਹਾਂ।ਮਾਹਿਲਪੁਰ ਤੋਂ ਜੇਜੋਂ ਨੂੰ ਜਾਂਦੀ ਸੜਕ ਜੋ ਅੱਗੇ ਹਿਮਾਚਲ ਦੇ ਊਨਾ ਤੇ ਨੰਗਲ ਵੱਲ ਨੂੰ ਜਾਂਦੀ ਹੈ ।ਅਜਕਲ ਅੰਬਾਂ ਦੇ ਬੂਟਿਆਂ ਲਈ ਤਰਸ ਰਹੀ ਹੈ।ਜਦਕਿ ਬਚਪਨ ਵਿਚ ਸਾਡੇ ਵਡੇਰੇ ਇਥੋਂ ਅੰਬਾਂ ਨਾਲ ਟਰੱਕਾਂ ਦੇ ਟਰੱਕ ਭੱਰ ਕੇ ਮੋਗਾ, ਮੁਕਤਸਰ, ਜਗਾਦਰੀ ਅਤੇ ਸਿਰਸਾ ਤਕ ਅੰਬ ਵੇਚਣ ਜਾਂਦੇ ਸਨ।ਅੰਬਾਂ ਦੇ ਖਾਤਮੇ ਬਾਰੇ ਬਾਗਬਾਨੀ ਮਾਹਿਰਾਂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸਮੇਂ ਨਾਲ ਸਭ ਕੁਝ ਬਦਲੀ ਜਾ ਰਿਹਾ ਹੈ।

ਹੁਣ ਦੇਸੀ ਅੰਬ ਤੇ ਫਲਾਂ ਦਾ ਜ਼ਮਾਨਾ ਨਹੀਂ ਰਿਹਾ।ਇਸੇ ਕਰਕੇ ਧਰਤੀ ਵਿਚੋਂ ਲੋੜੀਂਦੇ ਤੱਤ ਖਤਮ ਹੋਈ ਜਾ ਰਹੇ ਹਨ।ਦੂਜਾ ਅਸੀਂ ਇਹਨਾਂ ਦੀ ਪਰਵਰਿਸ਼ ਲਈ ਵੀ ਕੋਈ ਗੌਰ ਨਹੀ ਕਰ ਰਹੇ।ਸੋ ਹੁਣ ਤਾਂ ਇਹੀ ਕਹਿਣਾ ਬਣਦਾ ਹੈ:

ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਸੋਕਾ ਵੇ,
ਲ਼ੁੱਟ ਦੇ ਖਜ਼ਾਨਿਆਂ ਨੂੰ ਕਿੰਜ ਮੈਂ ਰੋਕਾ ਵੇ,
ਦੁਆਬੇ ਵਿਚ ਰਹਿਕੇ ਹੁਣ ਅੰਬੀਆਂ ਨੂੰ ਤਰਸਾਂਗੇ,
ਮੇਰੇ ਨਾਲ ਹਾਣੀਆਂ ਤੂੰ ਕਰ ਗਿਆ ਧੋਖਾ ਵੇ।



# ਸਿੱਖ ਜਗਤ ਇਸ ਨੂੰ ਬਚਾਉਣ ਲਈ ਗੰਭੀਰਤਾ ਨਾਲ ਵਿਚਾਰ ਕਰੇ



ਜੀਗ ਸਿੰਘ
91-94170-95965

ਜਿਹੜੀਆਂ ਗੱਲਾਂ ਦਾ ਜਿਕਰ ਮੈਂ ਪਹਿਲਾਂ ਲਿਖੇ ਲੇਖਾਂ ਦੇ ਦੋ ਭਾਗਾਂ ਵਿੱਚ ਕੀਤਾ ਹੈ ਜਾਂ ਫਿਰ ਅਗੋਂ ਲਿਖੇ ਜਾਣ ਵਾਲੇ ਲੇਖਾਂ ਵਿੱਚ ਕੀਤਾ ਜਾਣਾ ਹੈ।ਇਹ ਮੈਂ ਨਹੀਂ ਆਪਣੇ ਕੋਲੋਂ ਨਹੀਂ ਕਹਿ ਰਿਹਾ। ਇਹੋ ਜਿਹੇ ਵਿਚਾਰ ਸਿੱਖ ਬੁੱਧੀ ਜੀਵੀਆਂ, ਸਿੱਖ ਚਿੰਤਕਾਂ, ਬਾਦਲ ਦੱਲ ਤੋਂ ਬਿਨਾ ਬਾਕੀ ਵੱਖ ਵੱਖ ਅਕਾਲੀ ਦੱਲਾਂ ਦੇ ਆਗੂਆਂ, ਸਿੱਖ ਮਿਸ਼ਨਰੀਆਂ, ਬਹੁਤ ਸਾਰੇ ਸਿੰਘ ਸਭਾ ਗੁਰਦੁਆਰਿਆਂ ਦੇ ਪ੍ਰਬੰਧਕਾਂ, ਸਰਬੱਤ ਖਾਲਸੇ ਦੇ ਹੋਏ ਇਕੱਠਾਂ ਦੌਰਾਨ ,ਦੱਲ ਖਾਲਸਾ ਆਦਿ ਬਹੁਤ ਸਾਰੀਆਂ ਹੋਰ ਸਿੱਖ ਜਥੇਬੰਦੀਆਂ ਵਲੋਂ ਮੀਟਿੰਗਾਂ, ਸੈਮੀਨਾਰਾਂ, ਕਾਨਫਰੰਸਾਂ, ਧਾਰਮਿਕ ਸਮਾਗਮਾਂ, ਪ੍ਰੈਸ ਕਾਨਫਰੰਸਾਂ ਆਦਿ ਵਿੱਚ ਸਮੇਂ ਸਮੇਂ ਪ੍ਰਗਟਾਏ ਜਾ ਚੁੱਕੇ ਹਨ । ਜਦੋਂ ਸ਼੍ਰੋਮਣੀ ਅਕਾਲੀ ਦੱਲ ਦੇ ਪੁਰਾਤਨ ਇਤਿਹਾਸ ਤੇ ਮੌਜੂਦਾ ਇਤਿਹਾਸ ਤੇ ਝਾਤ ਮਾਰੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਜਦੋਂ ਦੇਸ਼ ਦੀ ਅਜਾਦੀ ਦੀ ਲੜਾਈ ਲੜੀ ਜਾ ਰਹੀ ਸੀ ਉਸ ਵੇਲੇ ਅੰਗਰੇਜੀ ਰਾਜ ਸਮੇਂ ਗੁਰਦੁਆਰੇ ਮਹੰਤਾਂ ਦੇ ਅਧੀਨ ਸਨ , ਗੁਰਦੁਆਰਿਆਂ ਨੂੰ ਉਨਾਂ ਨੇ ਆਪਣੀ ਨਿੱਜੀ ਜਾਇਦਾਦ ਬਣਾ ਕੇ ਉਨਾਂ ਵਿੱਚ ਵੱਡੀਆਂ ਕੁਤਾਹੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਵੇਲੇ ਸਿੱਖ ਜੱਗਤ ਵਿੱਚ ਫੈਲੇ ਰੋਹ ਕਾਰਨ ਹੋਏ ਖੂਨੀ ਸਾਕਿਆਂ ਦੌਰਾਨ ਗੁਰਦੁਆਰਿਆਂ ਤੇ ਕਾਬਜ ਮਹੰਤਾਂ ਕੋਲੋਂ ਗੁਰਦੁਆਰਿਆਂ ਦੀਆਂ ਚਾਬੀਆਂ ਅੰਗਰੇਜਾਂ ਨੇ ਉਨਾਂ ਕੋਲੋ ਖੋਹ ਕੇ ਸਿੱਖ ਆਗੂਆਂ ਦੇ ਸਪੁੱਰਦ ਕੀਤੀਆਂ ਸਨ, ਖਾਸ ਕਰਕੇ ਜਦੋਂ ਜੇਤੋ ਦਾ ਮੋਰਚਾ ਸਰ ਹੋਇਆ ਤਾਂ ਮਹਾਤਮਾ ਗਾਂਧੀ ਨੂੰ ਸਾਡੀ ਕੌਮ ਦੇ ਉਸ ਵੇਲੇ ਦੇ ਸਿੱਖ ਆਗੂ ਬਾਬਾ ਖੜਕ ਸਿੰਘ ਆਦਿ ਨੂੰ ਵਧਾਈ ਦੇਂਦਿਆ ਕਿਹਾ ਸੀ ਕਿ ਅਸੀਂ ਹੁਣ ਉਅਜਾਦੀ ਦੀ ਅੱਧੀ ਲੜਾਈ ਜਿੱਤ ਲਈ ਹੈ'' ਕਿੰਨੇ ਮਾਣ ਨਾਲ ਸਿਰ ਉਸ ਸਮੇਂ ਦੇ ਆਗੂਆਂ ਨੇ ਸਿੱਖ ਕੌਮ ਦਾ ਕਰਾਇਆ ਸੀ। ਬਹੁਤੇ ਸਮੇਂ ਦੀ ਗੱਲ ਨਹੀਂ, ਜਦੋਂ 'ਪੰਜਾਬੀ ਸੂਬਾ' ਮੋਰਚਾ ਚੱਲ ਰਿਹਾ ਸੀ ਉਸ ਵੇਲੇ ਦੇ ਨਿਰਛੱਲ ਆਗੂਆਂ ਵਲੋਂ ਇਕ ਸੁਨੇਹਾ ਦੇਣ ਤੇ ਲਗ ਭਗ ਪੌਣਾ ਲੱਖ ਸਿੱਖਾਂ ਨੇ ਆਪਣੇ ਆਪ ਨੂੰ ਗ੍ਰਿਫਤਾਰੀਆਂ ਲਈ ਪੇਸ਼ ਕਰਕੇ ਝੱਟ ਸਰਕਾਰ ਦੀਆਂ ਜੇਲਾਂ ਭਰ ਦਿੱਤੀਆਂ ਸਨ। ਹੁਣ ਇਸੇ ਸਿਖ ਕੌਮ ਦੇ ਖੁਦਗਰਜ ਤੇ ਪੈਸੇ ਦੇ ਭੁੱਖੇ ਤੇ ਲਾਲਚੀ ਕਿਸਮ ਦੇ ਆਗੂਆਂ ਨੇ ਇਸੇ ਸਿੱਖ ਕੌਮ ਨੂੰ ਰਸਾਤਲ ਵਿੱਚ ਧਸਾ ਕੇ ਰੱਖ ਦਿੱਤਾ ਹੈ। ਪਹਿਲੇ ਸਿੱਖ ਆਗੂ ਸਿਰੜੀ ਤੇ ਆਪਣੀ ਧੁਨ ਤੇ ਨਿਸ਼ਾਨੇ ਦੇ ਪੱਕੇ ਹੁੰਦੇ ਸਨ ਜੋ ਦਸਮ ਪਾਤਸ਼ਾਹ ਦੇ ਸਿਰਜੇ ਪੰਥ ਨੂੰ ਬਚਾਉਣ ਲਈ ਆਪਣੇ ਸਿਰ ਧੜ੍ਹ ਦੀ ਬਾਜੀ ਤਕ ਲਗਾ ਕੇ ਸਿੱਖ ਧਰਮ ਨੂੰ ਬਚਾਉਣ ਵਾਲੇ ਹੁੰਦੇ ਸਨ ਤਾਂ ਕਿ ਬਾਬੇ ਨਾਨਕ ਦੇ ਇਸ ਧਰਮ ਨੂੰ ਕਿਸੇ ਪ੍ਰਕਾਰ ਦੀ ਕੋਈ ਆਂਚ ਨਾ ਆਵੇ। ਪਰ ਅਸ਼ਕੇ ਜਾਈਏ ਮੌਜੂਦਾ ਲੀਡਰਾਂ ਦੇ ਜਿਨਾਂ ਨੇ ਸਿੱਖ ਕੌਮ ਤੇ ਪੰਥ ਦੀ ਵਾਗਡੋਰ ਸਾਂਭੀ ਹੋਈ ਹੈ ਜਿਨਾਂ ਦੀ ਇਕੋ ਇਕ ਲਾਲਸਾ ਹੈ ਕਿ ਸਾਡਾ ਦੀਨ, ਇਮਾਨ ਆਦਿ ਸਾਰਾ ਕੁਝ ਭਾਵੇਂ ਵਿੱਕ ਜਾਵੇ ਪਰ ਅਸੀ ਅਬਾਨੀਆਂ ਅਡਾਨੀਆਂ ਦੀ ਤਰਾਂ ਸੰਸਾਰ ਦੇ ਇਕ ਨੰਬਰ ਦੇ ਧਨਾਢ ਜਰੂਰ ਬਣਨੇ ਚਾਹੀਦੇ ਹਨ।ਇਸ ਸੋਚ ਨੇ ਸਿੱਖ ਕੌਮ ਨੂੰ ਇਸ ਮੁਹਾਣੇ ਤੇ ਪਹੁੰਚਾ ਕੇ ਉਸ ਦਾ ਭਵਿੱਖ ਵੱਡੇ ਖਤਰੇ ਵਿੱਚ ਪਾ ਦਿੱਤਾ । ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕੀ ਸ਼੍ਰੋਮਣੀ ਅਕਾਲੀ ਦੱਲ ਵਿੱਚ ਇਨਾਂ ਮਤਲੱਬ ਪ੍ਰਸਤ ਆਗੂਆਂ ਨੇ ਆਪਣੀ ਸੋਚ ਵਰਗੇ ਲਾਲਚੀ ਆਗੂ ਭਰ ਰਖੇ ਹਨ ਜਿਨਾਂ ਦਾ ਧਰਮ ਨਾਲ ਨਜਦੀਕ ਦਾ ਵੀ ਵਾਹ ਵਾਸਤਾ ਨਹੀਂ। ਉਨਾਂ ਨੂੰ ਨਾ ਤਾਂ ਧਰਮ ਦਾ ਗਿਆਨ ਹੈ, ਨਾ ਹੀ ਉਨਾਂ ਨੇ ਸਿੱਖ ਇਤਿਹਾਸ ਨੂੰ ਪੜਿਆ ਹੈ ਜੇ ਉਨਾਂ ਕੋਲ ਕੋਈ ਜਾਣਕਾਰੀ ਹੈ ਤਾਂ ਉਹ ਸਿਰਫ ਪੈਸੇ ਦੇ ਨਾਲ ਨਾਲ ਗੱਦੀ ਨੂੰ ਹਥਿਆਈ ਰੱਖਣ ਦੀ ਹੈ। ਜਿਸ ਕੌਮ ਦੀ ਧਾਰਮਿਕ ਸੰਸਥਾ ਦੀ ਸਿਰਕੱਢ ਆਗੂ ਹੀ ਇਕ ਡੇਰੇ ਦੀ ਪ੍ਰਬੰਧਕ ਹੋਣ ਦੇ ਨਾਲ ਕੁੜੀ ਮਾਰ ਦੇ ਦੋਸ਼ ਵਿੱਚ ਕਈ ਸਾਲ ਜੇਲ੍ਹ ਵਿੱਚ ਕੈਦ ਕੱਟ ਕੇ ਆਈ ਹੋਵੇ, ਇਸ ਦੇ ਹੋਰ ਆਗੂ ਵੀ ਬਲਾਤਕਾਰੀ, ਚਿੱਟੇ ਦੇ ਵਪਾਰੀ, ਰਿਸ਼ਵਤਖੋਰ ਹੋਣ ਦੇ ਨਾਲ ਹੋਰ ਬਹੁਤ ਸਾਰੀਆਂ ਬੁਰਿਆਈਆਂ ਵਿੱਚ ਪੂਰੀ ਤਰਾਂ ਲਿਪੱਤ ਹੋਣ ਫਿਰ ਸਿੱਖ ਜਗਤ ਫਿਰ ਆਪਣੇ ਆਪ ਹੀ ਸੋਚ ਸਕਦਾ ਹੈ ਕਿ ਕਿਵੇਂ ਇਹ ਸਾਡੀਆਂ ਸਿੱਖਾਂ ਦੀਆਂ ਦੋਵੇਂ ਰਾਜਨੀਤਕ ਤੇ ਧਾਰਮਿਕ ਜਥੇਬੰਦੀਆਂ ਬੁਲੰਦੀਆਂ ਵਲ ਜਾ ਸਕਦੀਆਂ ਹਨ? ਕੌਮਾਂ ਹਮੇਸ਼ਾਂ ਉਦੋਂ ਤੱਰਕੀ ਕਰਦੀਆਂ ਹਨ ਜਦੋਂ ਆਗੂਆਂ ਵਿੱਚ ਇਹ ਸੋਚ ਭਾਰੂ ਹੋਵੇ ਕਿ "ਮੈਂ "ਜੜ੍ਹਾਂ ਤੇ ਪੰਥ ਜੀਵੇ"। ਅੱਜ ਕਲ ਤਾਂ ਸਭ ਕੁਝ ਉਲੱਟ ਪੁਲੱਟ ਹੋਇਆ ਪਿਆ ਹੈ। ਇਨਾਂ ਆਗੂਆਂ ਨੂੰ ਹਾਲੇ ਤਕ ਸ਼ਰਮ ਨਹੀਂ ਆ ਰਹੀ ਇੰਨੀ ਬੇਇੱਜਤੀ ਇਨਾਂ ਆਗੂਆਂ ਦੀ ਨਿੱਤ ਦਿਨ ਹੋ ਰਹੀ ਹੈ, ਹਾਲੇ ਵੀ ਅਖਬਾਰਾਂ ਵਿੱਚ ਖਬਰਾਂ ਲਗ ਰਹੀਆਂ ਹਨ ਕਿ ਇਸ ਕੌਮ ਦੇ ਆਗੂ ਦਿਨ ਦਿਹਾੜੇ ਨੌਜੁਆਨਾਂ ਨੂੰ 'ਚਿੱਟਾ' ਸਪਲਾਈ ਕਰਕੇ ਉਨਾਂ ਦੇ ਜੀਵਨ ਨਾਲ ਖਿਲਵਾੜ੍ਹ ਕਰਨ ਤੋਂ ਬਾਜ ਨਹੀਂ ਆ ਰਹੇ। ਇਨਾਂ ਵਿੱਚ ਸਿੱਖ ਆਗੂਆਂ ਦੇ ਨਾਲ ਇਸਤਰੀ ਆਗੂ ਵੀ ਸ਼ਾਮਲ ਹਨ। ਮੌਜੂਦਾ ਆਪਣੇ ਆਪ ਨੂੰ ਅਕਾਲੀ ਦੱਲ ਕਹਾਉਣ ਵਾਲਿਆਂ ਦੀ ਅੰਦਰੋ ਅੰਦਰੀ ਇਹ ਸੋਚ ਹੁਣ ਉਨਾਂ ਨੂੰ ਘੁਣ ਵਾਂਗ ਖਾ ਰਹੀ ਹੈ ਕਿ 2022 ਦੀਆਂ ਪੰਜਾਬ ਚੋਣਾਂ ਵਿੱਚ ਇਨਾਂ ਦੀ ਹਾਲਤ 2017 ਦੀਆਂ ਚੋਣਾਂ ਤੋਂ ਵੀ ਕਿਤੇ ਵੱਧੇਰੇ ਪੱਤਲੀ ਹੋਵੇਗੀ। ਹਾਲੇ ਵੀ ਇਹ ਅਖੋਤੀ ਆਗੂ ਅੰਦਰੋਂ ਭਾਜਪਾ ਨਾਲ ਇਕ ਮਿਕ ਦੀ ਨੀਤੀ ਤੇ ਚੱਲ ਕੇ ਪੰਜਾਬੀਆਂ ਤੇ ਸਿੱਖਾਂ ਨੂੰ ਮੂਰਖ ਬਣਾਉਣ ਵੱਲ ਲੱਗੇ ਹੋਏ ਹਨ। ਪਿਛਲੇ ਲੇਖ ਦੇ ਸ਼ੁਰੂ ਵਿੱਚ ਇਸ ਗੱਲ ਦਾ ਜਿਕਰ ਕਰਕੇ ਸਿੱਖ ਜੱਗਤ ਦੀ ਚਿੰਤਾ ਪ੍ਰਗਟ ਕੀਤੀ ਸੀ ਕਿ ਇਹਨਾਂ ਆਗੂਆਂ ਵਲੋਂ ਸਿੱਖ ਸੰਸਥਾਵਾਂ ਵਿੱਚ ਰ.ਸ.ਸ. ਦੀ ਘੁੱਸਾਈ ਜਾ ਚੁੱਕੀ ਲਾਬੀ ਵਲੋਂ ਬੜੀਆਂ ਸਾਜਿਸ਼ੀ ਤਬਦੀਲੀਆਂ ਸਿੱਖ ਧਰਮ ਵਿੱਚ ਕੀਤੀਆਂ ਜਾ ਰਹੀਆਂ ਹਨ।ਜਿਸ ਬਾਰੇ ਸਿੱਖ ਪੰਥ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਹੋਰ ਆਗੂਆਂ ਤੇ ਸ਼੍ਰੋਮਣੀ ਕਮੇਟੀ ਦੇ ਮੈਬਰਾਂ ਵਲੋਂ ਘੇਸੱਲ ਵੱਟੀ ਹੋਈ ਹੈ।ਸੰਗਤਾਂ ਦੇ ਦਾਨ ਵਜੋਂ ਦਿਤੇ ਕਰੋੜ੍ਹਾਂ ਰੁਪਏ ਧਾਰਮਿਕ ਸਮਾਗਮਾਂ ਦੌਰਾਨ ਭਿੰਨ ਭਿੰਨ ਪ੍ਰਕਾਰ ਦੇ ਫੁੱਲਾਂ ਨੂੰ ਖਰੀਦ ਕੇ ਉਜਾੜ੍ਹਿਆ ਜਾ ਰਿਹਾ ਹੈ।ਜਦੋਂ ਪਹਿਲੀ ਵਾਰ ਇਕ ਧਾਰਮਿਕ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕਰੋੜ੍ਹਾਂ ਰੁਪਏ ਦੇ ਫੁੱਲਾਂ ਨੂੰ ਲਗਾਇਆ ਗਿਆ ਸੀ। ਜਿਸ ਦਾ ਚੇਤੰਨ ਸੰਗਤਾਂ ਵਲੋਂ ਵਿਰੋਧ ਕਰਦਿਆਂ ਕਿਹਾ ਗਿਆ ਸੀ ਕਿ ਗੁਰਦੁਆਰਿਆਂ ਵਿੱਚ ਇਤਨੀ ਫੁੱਲਾਂ ਦੀ ਵਰਤੋਂ ਕਰਕੇ ਉਨਾਂ ਦਾ 'ਮੰਦਰੀਕਰਨ' ਕੀਤਾ ਜਾ ਰਿਹਾ ਹੈ ਤਾਂ ਉਸ ਸਮੇਂ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਉਸ ਦਾ ਅਖਬਾਰਾਂ ਵਿੱਚ ਜੁਆਬ ਦੇ ਕੇ ਕਿ ਫੁੱਲਾਂ ਦੀ ਸੇਵਾ ਇਕ ਸ਼ਰਧਾਲੂ ਵਲੋਂ ਸੇਵਾ ਕਰਾਈ ਗਈ ਹੈ, ਇਸ ਉਜਾਗਰ ਹੋ ਰਹੇ ਮਸੱਲੇ ਨੂੰ ਠੱਪ ਕਰਨ ਦਾ ਯਤਨ ਕੀਤਾ ਗਿਆ ਸੀ । ਹੁਣ ਸੁਆਲ ਇਹ ਉੱਠਦਾ ਹੈ ਕਿ ਕਲ ਨੂੰ ਕੋਈ ਹੋਰ ਫੁੱਲਾਂ ਦੀ ਤਰਾਂ ਸ਼ਰਧਾਲੂ ਬਣ ਕੇ ਇਹ ਆਖੇ ਕਿ ਮੈਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜਾਂ ਫਿਰ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਜਾਂ ਹੋਰ ਮਹੱਤਵ ਪੂਰਵਕ ਗੁਰਦੁਆਰਿਆਂ ਵਿਖੇ ਮੂਰਤੀਆਂ ਚੜਾਉਣੀਆਂ ਹਨ ਤਾਂ ਕੀ ਇਸ ਦੀ ਵੀ ਪ੍ਰਬੰਧਕ ਆਗਿਆ ਦੇ ਦੇਣਗੇ? ਵੇਖਣ ਤੇ ਵਾਚਣ ਵਾਲੀ ਗੱਲ ਇਹ ਹੈ ਕਿ ਕੀ ਸਿੱਖ ਧਰਮ ਦੇ ਮੁਤਾਬਿਕ ਅਜਿਹਾ ਕਰਨਾ ਵਾਜਬ ਹੈ? ਇਕ ਪਾਸੇ ਸਿੱਖ ਨੌਜੁਆਨੀ ਰੁਜਗਾਰ ਤੋਂ ਆਤੁਰ ਹੈ,ਉਨਾਂ ਨੂੰ ਰੁਜਗਾਰ ਦੇਣ ਬਾਰੇ ਸਿੱਖਾਂ ਦੀ ਧਾਰਮਿਕ ਜਥੇਬੰਦੀ ਖਾਮੋਸ਼ ਹੈ। ਸਿੱਖ ਬੱਚਿਆਂ ਨੂੰ ਮਿਆਰੀ ਤੇ ਘੱਟ ਖਰਚੇ ਵਾਲੀ ਪੜਾਈ ਦੇਣ ਲਈ ਸਕੂਲ .ਕਾਲਜ ਬਣਾਉਣ ਵੱਲ ਉਸ ਦਾ ਕੋਈ ਧਿਆਨ ਨਹੀਂ, ਨਾ ਹੀ ਲੋਕਾਂ ਦੇ ਸਸਤੇ ਇਲਾਜ ਕਰਨ ਵਾਲੇ ਹਸਪਤਾਲ ਖੋਲਣ ਵੱਲ !ਬੜੇ ਹਿਰਖ ਨਾਲ ਲਿਖਣਾ ਪੈ ਰਿਹਾ ਹੈ। ਇਸ ਸਮੇਂ ਜਿਹੜੇ ਵੀ ਸਕੂਲ , ਕਾਲਜ ਜਾਂ ਹਸਪਤਾਲ ਇਸ ਸਿੱਖ ਸੰਸਥਾ ਨੇ ਬਣਾਏ ਹੋਏ ਹਨ ਉਨਾਂ ਦਾ ਮੰਤਵ ਸੇਵਾ ਕਰਨ ਦੀ ਥਾਂ ਤੇ ਲੋਕਾਂ ਦੀ ਰੱਜ ਕੇ ਲੁੱਟ ਕਰਕੇ ਧੰਨ ਕਮਾਉਣਾ ਹੈ।ਇਥੇ ਹੀ ਬੱਸ ਨਹੀਂ ਅਜਿਹੀ ਹੀ ਇਕ ਹੋਰ ਕਾਰਵਾਈ ਕੀਤੀ ਜਾ ਰਹੀ ਹੈ ।ਜਿਸ ਨਾਲ ਸਿੱਖ ਧਰਮ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਸਿੱਖ ਸੰਗਤ ਨੇ ਆਪਣੇ ਤੌਰ ਤੇ ਵੀ ਅਨੁਭਵ ਕੀਤਾ ਹੋਵੇਗਾ ਕਿ ਪਹਿਲਾਂ ਗੁਰੂ ਸਾਹਿਬਾਂਨ ਦੇ ਪਰਕਾਸ਼ ਪੁਰਬਾਂ ਜਾਂ ਹੋਰ ਧਾਰਮਿਕ ਸਮਾਗਮਾਂ ਸਮੇਂ ਜਦੋਂ ਨਗਰ ਕੀਰਤਨ ਸਜਾਏ ਜਾਂਦੇ ਹਨ। ਉਸ ਸਮੇਂ ਸ਼ਰਧਾਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਵਜੋਂ ਵੱਖ ਵੱਖ ਥਾਂਵਾਂ ਤੇ ਸ਼ਾਨਦਾਰ ਗੇਟ ਬਣਾਉਂਦੇ ਸਨ ।ਪਰ ਅੱਜ ਕਲ ਇਸ ਦੇ ਉੱਲਟ ਕੁਝ ਹੋਰ ਕੀਤਾ ਜਾ ਰਿਹਾ ਹੈ।ਸਿੱਖ ਪੰਥ ਦੇ ਤੱਖਤਾਂ ਅਤੇ ਮਹਤੱਵਪੂਰਨ ਗੁਰਦੁਆਰਿਆਂ ਦੇ ਸ਼ੁਰੂ ਵਿੱਚ, ਇਥੋਂ ਤਕ ਕਿ ਮੁੱਖ ਸੜਕਾਂ ਤੋਂ ਗੁਰਦੁਆਰੇ ਨੂੰ ਜਾਂਦੀ ਸੜ੍ਹਕ ਦੇ ਉੱਤੇ ਫੁੱਲਾਂ , ਕੇਸਰੀ ਝੰਡੀਆਂ ਤੇ ਹੋਰ ਕੀਮਤੀ ਕਪੜਿਆਂ ਆਦਿ ਕਈ ਵਸਤਾਂ ਨਾਲ ਪੱਕੇ ਗੇਟ ਗੁਰਦੁਆਰੇ ਦੇ ਪ੍ਰਬੰਧਕਾਂ ਵਲੋਂ ਬਣਾ ਕੇ ਸੰਗਤ ਦੇ ਦਾਨ ਵਜੋਂ ਦਿੱਤੇ ਪੈਸੇ ਦਾ ਘਾਣ ਕੀਤਾ ਜਾ ਰਿਹਾ ਹੈ। ਇਹੋ ਜਿਹਾ ਹੀ ਗੁਰਦੁਆਰਿਆਂ ਦੇ ਅੰਦਰ ਕੀਤਾ ਹੋਇਆ ਹੁੰਦਾ ਹੈ, ਕੇਸਰੀ ਰੰਗ ਦੀਆਂ ਝੰਡੀਆਂ ਬਣਾ ਕੇ ਬੇਸੁਰੇ ਢੰਗ ਨਾਲ ਧੜਾ ਧੜ ਲਗਾਈਆਂ ਜਾ ਰਹੀਆਂ ਹਨ, ਜਿਵੇਂ ਤੁਸੀ ਵੇਖਿਆ ਵੀ ਹੋਣਾ ਕਿ ਮੰਦਰਾਂ ਵਿੱਚ ਲਾਲ ਰੰਗ ਦੀਆਂ ਝੰਡੀਆਂ ਲਗੀਆਂ ਹੁੰਦੀਆਂ ਹਨ। ਬਿਲਕੁਲ ਉਸੇ ਤਰਾਂ ਗੁਰਦੁਆਰਿਆਂ ਵਿੱਚ ਹੁਣ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਲੋਂ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਝੰਡੀਆਂ ਬਿਲਕੁਲ ਨਿਸ਼ਾਨ ਸਾਹਿਬ ਵਰਗੀਆਂ ਹੁੰਦੀਆਂ ਹਨ।ਇਨਾਂ ਪਿਛੇ ਜੋ ਮਤਲੱਬ ਸਿੱਖ ਵਿਰੋਧੀਆਂ ਦਾ ਛੁੱਪਿਆ ਹੋਇਆ ਹੈ, ਉਹ ਇਹ ਹੈ ਕਿ ਇੰਨਾ ਝੰਡੀਆਂ ਨੂੰ ਇੰਨਾ ਵਿਸ਼ਾਲ ਕਰ ਦਿੱਤਾ ਜਾਵੇ ਕਿ ਕੁਝ ਸਮੇਂ ਬਾਅਦ ਇਹ ਝੰਡੀਆਂ ਪੈਰਾਂ ਵਿੱਚ ਰੁੱਲਣ ਲਗ ਜਾਣ

ਤਾਂ ਕਿ ਇੰਝ ਲਗੇ ਕਿ ਜਿਵੇਂ ਸਿੱਖਾਂ ਦੇ ਨਿਸ਼ਾਨ ਸਾਹਿਬ ਪੈਰਾਂ ਵਿੱਚ ਰੁੱਲ ਰਹੇ ਹੋਣ। ਸਿੱਖ ਵਿਰੋਧੀ ਲਾਬੀ ਯੋਜਨਾ ਬੱਧ ਤਰੀਕੇ ਨਾਲ ਸਿੱਖ ਕੌਮ ਵਿੱਚੋਂ ਉਸ ਦੀ ਮਾਣ ਮਰਿਆਦਾ ਖਤਮ ਕਰਨਾ ਚਾਹੁੰਦੀ ਹੈ। ਰ. ਸ.ਸ. ਵਾਲਿਆਂ ਨੂੰ ਚੰਗੀ ਤਰਾਂ ਪਤਾ ਹੈ ਕਿ ਸਿੱਖਾਂ ਦਾ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ , ਨਿਸ਼ਾਨ ਸਾਹਿਬ ਤੇ ਸਿੱਖ ਸਿਧਾਂਤ ਆਦਿ ਹਨ। ਜਿਨਾਂ ਪ੍ਰਤੀ ਉਨਾਂ ਵਿੱਚ ਅਥਾਹ ਸ਼ਰਧਾ ਤੇ ਵਿਸ਼ਵਾਸ਼ ਹੈ, ਜਿਨਾਂ ਲਈ ਸਿੱਖ ਕੌਮ ਆਪਣਾ ਸਭ ਕੁਝ ਵਾਰ ਦੇਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਿਸੇ ਨਾ ਕਿਸੇ ਦਿਨ ਕਿਸੇ ਥਾਂ ਤੇ ਬੇਹੁਰਮਤੀ ਵਾਲੀਆਂ ਘਟਨਾਵਾਂ ਖਬਰਾਂ ਛੱਪਦੀਆਂ ਰਹਿੰਦੀਆਂ ਹਨ, ਕਦੇ ਸ਼ਾਰਟ ਸਰਕੱਟ ਦਸ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾੜ੍ਹੇ ਜਾ ਰਹੇ ਹਨ , ਕਿਧਰੇ ਗੁੱਟਕਿਆ ਦੇ ਪੱਤਰੇ ਗੱਲੀਆਂ ,ਸੜਕਾਂ, ਮਹੱਲਿਆਂ ਆਦਿ ਵਿੱਚ ਖਿਲਰੇ ਹੋਣ ਦੀਆਂ ਖਬਰਾਂ ਪੜ੍ਹਣ ਨੂੰ ਮਿਲਦੀਆਂ ਹਨ, ਕਿਧਰੇ ਪ੍ਰੀਖਿਆ ਦੌਰਾਨ, ਹਵਾਈ ਅੱਡਿਆਂ ਤੇ ਸਿੱਖਾਂ ਦੇ ਕਕਾਰ ਲੁਹਾਏ ਜਾਂਦੇ ਹਨ , ਕਿਧਰੇ ਅਖਬਾਰਾਂ ਵਿੱਚ ਇਹ ਖਬਰ ਛੱਪੀ ਪੜ੍ਹਣ ਲਈ ਮਿਲਦੀ ਹੈ ਕਿ ਕੇਸ ਕਤਲ ਕਰਾਏ ਜਾਣ ਉਪਰੰਤ ਹੀ ਨੌਕਰੀ ਦਿੱਤੀ ਜਾਵੇਗੀ।

ਇਹ ਜਾਣ ਬੁਝ ਕੇ ਸਿੱਖ ਨੌਜੁਆਨੀ ਨੂੰ ਜਲੀਲ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਸਿੱਖ ਧਰਮ ਤੋਂ ਕਿਨਾਰਾ ਕਰ ਜਾਣ।ਅੱਜ ਕਲ ਇਕ ਹੋਰ ਖਬਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਗਲਿਆਰੇ ਵਿੱਚ ਪਾਏ ਜਾ ਰਹੇ ਸੀਵਰੇਜ ਵਾਲੀ ਥਾਂ ਵਿੱਚ ਬੜੇ ਨਾਟਕੀ ਢੰਗ ਨਾਲ "ਸ੍ਰੀ ਰਾਮ" ਦੇ ਸ਼ਬਦ ਲਿਖੇ ਵਾਲੀਆਂ ਇੱਟਾਂ ਲਗਾਈਆਂ ਜਾ ਰਹੀਆਂ ਹਨ । ਕੁਝ ਸਮੇਂ ਬਾਅਦ ਇਸੇ ਕੱਟੜ੍ਹ ਹਿੰਦੂ ਲਾਬੀ ਵਲੋਂ ਪ੍ਰਚਾਰਿਆ ਜਾਵੇਗਾ ਕਿ ਸ੍ਰੀ ਦਰਬਾਰ ਸਾਹਿਬ ਵੀ ਹਿੰਦੂਆਂ ਨੇ ਬਣਾਇਆ ਸੀ ਉਤੁਸੀ ਇਸ ਵਿੱਚ 'ਰਾਮ' ਸ਼ਬਦ ਲਿਖੇ ਜਾਣ ਵਾਲੀਆਂ ਇੱਟਾਂ ਲਗੀਆਂ ਵੀ ਦੇਖ ਸਕਦੇ ਹੋ। ਇਸ ਸਾਰੇ ਵਰਤਾਰੇ ਨੂੰ ਕੁਝ ਇਸੇ ਸਾਜਿਸ਼ ਦਾ ਹਿੱਸਾ ਕਿਹਾ ਜਾ ਸਕਦਾ ਹੈ ਤਾਂ ਕਿ ਕੁਝ ਸਮਾਂ ਲੰਘਣ ਉਪਰੰਤ ਇਹ ਕਹਿ ਕੇ ਇਸ ਤੇ ਕਲੇਮ ਜਿਤਾਇਆ ਜਾਵੇਗਾ ਕਿ ਸ੍ਰੀ ਦਰਬਾਰ ਸਾਹਿਬ ਵੀ 'ਹਿੰਦੂਆਂ ਦਾ ਪੁਰਾਤਨ ਧਾਰਮਿਕ ਅਸਥਾਨ ਹੈ, ਜਿਸ ਨੂੰ ਬਾਅਦ ਵਿੱਚ ਸਿੱਖਾਂ ਨੇ ਹਿੰਦੂਆਂ ਤੋਂ ਖੋਹ ਲਿਆ ਸੀ ।ਇਹ ਫਿਰਕੂ ਲੋਕ ਫਿਰ ਕਿਸੇ ਸਮੇਂ ਵੀ ਬਾਬਰੀ ਮਸਜਿਦ ਦੀ ਤਰਾਂ ਸ੍ਰੀ ਦਰਬਾਰ ਸਾਹਿਬ ਤੇ ਵੀ ਕਬਜਾ ਕਰਨ ਦੀ ਭੂਮਿਕਾ ਬਣਾ ਰਹੇ ਹਨ।ਇਹ ਹੀ ਨਹੀਂ ਦੇਸ਼ ਦੀਆਂ ਪਾਰਕਾਂ ਵਿੱਚ ਰ.ਸ.ਸ. ਦੇ ਕੈਂਪ ਲਗੇ ਹੋਏ ਮਿਲਦੇ ਹਨ, ਕਿਧਰੇ ਯੋਗਾ ਕਰਾਉਣ ਦੇ ਰੂਪ ਵਿੱਚ, ਕਿਧਰੇ ਡੇਢ ਅੱਖੇ ਬਾਬਾ ਰਾਮ ਦੇਵ ਦੀਆਂ ਦੁਆਈਆਂ ਰਾਹੀਂ ਇਲਾਜ ਕਰਾਉਣ ਲਈ ਪਰੇਰਿਆ ਜਾਂਦਾ ਹੈ, ਕਿਧਰੇ ਤਾੜ੍ਹੀਆਂ ਮਰਵਾਈਆਂ ਜਾ ਰਹੀਆਂ ਉਨਾਂ ਸਭ ਵਿੱਚ ਪਤਾ ਨਹੀਂ ਭੋਲੇ ਭਾਲੇ ਸਿੱਖ ਲਿਬਾਸ ਵਿੱਚ ਪੀਲੇ ਪਟੱਕੇ ਬੰਨੀ ਤੇ ਕਈ ਥਾਈਂ ਅੰਮ੍ਰਿਤਧਾਰੀ ਸਿੰਘ ਬਿਠਾਏ ਹੋਏ ਵੀ ਹੁੰਦੇ ਹਨ ਜੋ ਤਾੜੀਆਂ ਮਾਰ ਮਾਰ ਕੇ ਕਦੇ 'ਰਾਮ' 'ਰਾਮ' ਗਾਉਂਦੇ ਹਨ ਤੇ ਵਿੱਚ ਵਿੱਚ ਉਨਾਂ ਕੋਲੋਂ ਤਾੜੀਆਂ ਦੇ ਨਾਲ ਗੁਰਬਾਣੀ ਦੇ ਸ਼ਬਦ ਵੀ ਪੜਾਏ ਜਾਂਦੇ ਹਨ।

ਕਿਧਰੇ ਅਜਿਹੇ ਅੰਮ੍ਰਿਤਧਾਰੀ ਬਣੇ ਸਿੱਖਾਂ ਕੋਲੋਂ ਮੰਦਰਾਂ ਵਿੱਚ ਹਵਨ ਕਰਾਏ ਜਾਣੇ ਵੀ ਕਈ ਥਾਈ ਵੇਖਣ ਨੂੰ ਮਿਲ ਰਹੇ ਹਨ।ਇਹ ਬੜੀ ਗਹਿਰੀ ਸਾਜਿਸ਼ ਚਾਲ ਚੱਲ ਰਹੇ ਹਨ ਤਾਂ ਕਿ ਇਹਨਾਂ ਅਖੌਤੀ ਸਿੱਖਾਂ ਵਿੱਚ ਅਜਿਹੀ ਭਾਵਨਾ ਪੈਦਾ ਕੀਤੀ ਜਾਵੇ ਤਾਂ ਕਿ ਜਦੋਂ ਇਹੋ ਸਿੱਖ ਗੁਰਦੁਆਰਿਆ ਵਿੱਚ ਜਾਣਗੇ ਤਾਂ ਉਹ ਫਿਰ ਗੁਰਬਾਣੀ ਦੇ ਪਾਠ ਤੇ ਕੀਰਤਨ ਵੀ ਤਾੜ੍ਹੀਆਂ ਮਾਰ ਮਾਰ ਕੇ ਕਰਨਾ ਸ਼ੁਰੂ ਕਰ ਦੇਣਗੇ । ਇਹੀ ਕੁਝ ਇਹ ਕਟੱੜ੍ਹ ਹਿੰਦੂ ਲਾਬੀ ਗੁਰਦੁਆਰਿਆਂ ਤੇ ਮੰਦਰਾਂ ਵਿੱਚ ਇਕ ਸਾਰ ਕਰਕੇ ਸਿੱਖ ਧਰਮ ਦਾ 'ਹਿੰਦੂਕਰਨ' ਕਰਨਾ ਚਾਹੁੰਦੀ ਹੈ। ਸਾਡੀਆਂ ਧਾਰਮਿਕ ਜਥਬੰਦੀਆਂ ਨੂੰ ਸ਼ਾਇਦ ਇਹ ਵੀ ਨਹੀਂ ਪਤਾ ਹੋਵੇਗਾ ਕਿ ਰ.ਸ.ਸ. ਨੇ ਆਪਣਾ ਇਕ ਮਜਬੂਤ "ਥਿੰਕ ਟੈਂਕ" ਬਣਾਇਆ ਹੋਇਆ ਜਿਸ ਵਿੱਚ ਉਨਾਂ ਦੇ ਹਜਾਰਾਂ ਵਰਕਰ ਦਿਨ ਰਾਤ ਕੰਮ ਕਰ ਰਹੇ ਹਨ ਜਿਨਾਂ ਨੂੰ ਵਿਸ਼ੇਸ਼ ਤੌਰ ਤੇ ਹਦਾਇਤਾਂ ਦਿੱਤੀਆਂ ਹੋਈਆਂ ਹਨ ਕਿ ਉਹ ਹਰ ਸੰਭਵ ਢੰਗ ਤਰੀਕਾ ਲਭਣ ਜਿਸ ਨਾਲ ਸਿੱਖ ਧਰਮ ਨੂੰ ਹਿੰਦੂ ਧਰਮ ਵਿੱਚ ਜਜਬ ਕਰਕੇ ਉਸ ਨੂੰ ਸਦਾ ਲਈ ਖਤਮ ਕੀਤਾ ਜਾ ਸਕੇ। ਉਸ 'ਥਿੰਕ ਟੈਂਕ' ਵਲੋਂ ਆਪਣੇ ਕੇਡਰ ਨੂੰ ਨਿੱਤ ਦਿਨ ਉਨਾਂ ਨੂੰ ਗਾਈਡ ਲਾਈਨ ਦਿੱਤੀ ਜਾਂਦੀ ਹੈ। ਜਿਸ ਮੁਤਾਬਿਕ ਇਸ ਸੰਸਥਾ ਵਲੋਂ ਵੱਖ ਵੱਖ ਰੂਪਾਂ ਵਿੱਚ ਚਲਾਏ ਜਾ ਰਹੇ ਕੈਂਪਾਂ ਵਿੱਚ ਉਹ ਗਾਈਡ ਲਾਈਨ ਮੁਤਾਬਿਕ ਹਰ ਰੋਜ ਕੰਮ ਕਰਦੇ ਹਨ ।ਪਰ ਸਾਡੀ ਕੌਮ ਦੀ ਸ਼੍ਰੋਮਣੀ ਕਮੇਟੀ ਦੇ ਆਗੂ ਗਹਿਰੀ ਨੀਂਦਰੇ ਸੁੱਤੇ ਪਏ ਹਨ।ਇਸ ਸਮੇਂ ਇਸ ਸੰਸਥਾ ਤੇ ਬਾਦਲ ਟੋਲੇ ਦਾ ਹੀ ਕਬਜਾ ਹੈ ਜੋ ਭਾਜਪਾ ਤੇ ਰ. ਸ. ਸ. ਨਾਲ ਘਿਉ ਖਿਚੜ੍ਹੀ ਹੈ ਇਹ ਫਿਰ ਇਹ ਵੀ ਮੰਨਿਆ ਜਾ ਸਕਦਾ ਹੈ ਇਨਾਂ ਸਭ ਦੀ ਮਿਲੀ ਭੁਗੱਤ ਨਾਲ ਸਿੱਖ ਧਰਮ ਦਾ ਹਿੰਦੂਕਰਨ ਕੀਤਾ ਜਾ ਰਿਹਾ ਹੈ।

ਇਸ ਕਟੱੜ੍ਹ ਹਿੰਦੂ ਜਥੇਬੰਦੀ ਨੂੰ ਪਤਾ ਹੈ ਕਿ ਜੇ ਕਰ ਸਿੱਖ ਧਰਮ ਨੂੰ ਖਤਮ ਕਰਨਾ ਹੈ ਤਾਂ ਉਨਾਂ ਦੇ ਦਿੱਲਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਖਤਮ ਕਰਵਾ ਦਿੱਤਾ ਜਾਵੇ, ਦੂਸਰਾ ਉਨਾਂ ਦੀ ਬੋਲੀ 'ਪੰਜਾਬੀ' ਤੇ ਸਭਿਆਚਾਰ ਨੂੰ ਖਤਮ ਕਰ ਦਿੱਤਾ ਜਾਵੇ।ਸਿੱਖ ਧਰਮ ਆਪਣੇ ਆਪ ਖਤਮ ਹੋ ਜਾਵੇਗਾ।

# ਜਾਤੀ ਰਿਜ਼ਰਵੇਸ਼ਨ ਦੇ ਦਿਨ ਗਏ

ਡਾ.ਵੈਦਪ੍ਰਤਾਪ ਵੈਦਿਕ

ਸਾਡੀ ਸੁਪਰੀਮ ਕੋਰਟ ਹੁਣ ਲੀਡਰਾਂ ਤੋਂ ਵੀ ਅੱਗੇ ਨਿਕਲਦੀ ਦਿਖਾਈ ਦੇ ਰਹੀ ਹੈ। ਉਸਨੇ ਸਾਰੇ ਰਾਜਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਦੱਸਣ ਕਿ ਸਰਕਾਰੀ ਨੌਕਰੀਆਂ ਵਿਚ ਜੋ ਰਿਜ਼ਰਵੇਸ਼ਨ ਹੁਣ 50 ਪ੍ਰਤੀਸ਼ਤ ਹੈ, ਉਸਨੂੰ ਵਧਾਇਆ ਜਾਵੇ ਜਾਂ ਨਹੀਂ? ਕੌਣ ਰਾਜ ਹੈ ਜੋ ਇਹ ਕਹੇਗਾ ਕਿ ਉਸਨੂੰ ਨਾ ਵਧਾਇਆ ਜਾਵੇ? ਸਾਰੇ ਲੀਡਰ ਅਤੇ ਪਾਰਟੀਆਂ ਵੋਟ ਅਤੇ ਨੋਟ ਦੀਆਂ ਗੁਲਾਮ ਹੁੰਦੀਆਂ ਹਨ। ਲੱਗਭੱਗ ਅੱਧਾ ਦਰਜਨ ਰਾਜਾਂ ਨੇ 1992 ਵਿਚ ਅਦਾਲਤ ਦੁਆਰਾ ਬੰਨੀ ਗਈ ਰਿਜ਼ਰਵੇਸ਼ਨ ਦੀ ਸੀਮਾ (50 ਪ੍ਰਤੀਸ਼ਤ) ਦੀ ਉਲੰਘਣਾ ਕਰ ਦਿੱਤੀ ਹੈ।

ਮਹਾਰਾਸ਼ਟਰ ਵਿਚ ਤਾਂ ਸਰਕਾਰੀ ਨੌਕਰੀਆਂ ਵਿਚ 72 ਪ੍ਰਤੀਸ਼ਤ ਰਿਜ਼ਰਵੇਸ਼ਨ ਹੋ ਗਈ ਹੈ। ਸੁਪਰੀਮ ਕੋਰਟ ਤੋਂ ਉਮੀਦ ਸੀ ਕਿ ਉਹ ਨਾ ਕੇਵਲ ਇਸ ਬੇਲਗਾਮ ਜਾਤੀ ਰਿਜ਼ਰਵੇਸ਼ਨ ਤੇ ਸਖਤ ਪਾਬੰਦੀ ਲਗਾਵੇਗਾ ਬਲਕਿ ਜਾਤੀ ਰਿਜ਼ਰਵੇਸ਼ਨ ਨੂੰ ਗੈਰ ਸੰਵਿਧਾਨਕ ਐਲਾਨ ਕਰੇਗਾ। ਜਾਤੀ ਆਧਾਰ ਤੇ ਰਿਜ਼ਰਵੇਸ਼ਨ ਆਰੰਭ ਵਿਚ ਸਿਰਫ 10 ਸਾਲ ਲਈ ਦਿੱਤੀ ਗਈ ਸੀ, ਪਰ ਉਹ ਹਰ 10 ਸਾਲ ਬਾਅਦ ਵਧਦੀ ਜਾ ਰਹੀ ਹੈ। ਇਸਦਾ ਨਤੀਜਾ ਕੀ ਹੋਇਆ? ਕੀ ਇਸ ਰਿਜ਼ਰਵੇਸ਼ਨ ਦੇ ਕਾਰਨ ਦੇਸ਼ ਦੇ ਲੱਗਭੱਗ 100 ਕਰੋੜ ਗਰੀਬ, ਪੱਛੜੇ, ਦਿਹਾਤੀ, ਦਲਿਤ-ਵਾਂਝੇ ਲੋਕਾਂ ਨੂੰ ਨਿਆਂ ਅਤੇ ਸਮਾਨ ਮੌਕੇ ਮਿਲ ਰਹੇ ਹਨ? ਬਿਲਕੁਲ ਨਹੀਂ।

ਇਹਨਾਂ 100 ਕਰੋੜ ਲੋਕਾਂ ਵਿਚੋਂ ਸਿਰਫ ਕੁਝ ਹਜ਼ਾਰ ਲੋਕ ਅਜਿਹੇ ਹਨ, ਜਿਹਨਾਂ ਨੇ ਸਰਕਾਰੀ ਨੌਕਰੀਆਂ ਤੇ ਪੀੜ੍ਹੀ ਦਰ ਪੀੜ੍ਹੀ ਕਬਜਾ ਕਰ ਰੱਖਿਆ ਹੈ। ਉਸਦਾ ਆਧਾਰ ਉਹਨਾਂ ਦੀ ਯੋਗਤਾ ਨਹੀਂ, ਉਹਨਾਂ ਦੀ ਜਾਤੀ ਹੈ। ਇਹ ਕੁਝ ਹਜ਼ਾਰ ਦਲਿਤ, ਆਦਿਵਾਸੀ ਅਤੇ ਪੱਛੜੇ ਲੋਕ ਨੌਕਰੀਆਂ ਦੇ ਯੋਗ ਹੋਣ ਜਾਂ ਨਾ ਹੋਣ ਪਰ ਆਪਣੀ ਜਾਤੀ ਦੇ ਕਾਰਨ ਉਹ ਨੌਕਰੀਆਂ ਹਥਿਆ ਲੈਂਦੇ ਹਨ। ਇਸਦੇ ਕਾਰਨ ਮੁਲਕ ਵਿਚ ਪ੍ਰਸ਼ਾਸਨ ਵਿਚ ਭ੍ਰਿਸ਼ਟਾਚਾਰ ਅਤੇ ਚਾਪਲੂਸੀ ਵਧਦੀ ਜਾ ਰਹੀ ਹੈ। ਇਸ ਪ੍ਰਵਿਰਤੀ ਨੇ ਇਕ ਨਵੇਂ ਸ਼ੋਸ਼ਕ ਵਰਗ ਨੂੰ ਜਨਮ ਦਿੱਤੀ ਹੈ। ਇਸਦਾ ਨਾਂ ਹੈ ਕ੍ਰੀਮੀ ਲੇਅਰ ਯਾਨਿ ਮਲਾਈਦਾਰ ਵਰਗ। ਇਸ ਵਰਗ ਵਿਚ ਅਯੋਗਤਾ ਦੇ ਨਾਲ ਨਾਲ ਅਹੰਕਾਰ ਵੀ ਪਣਪਦਾ ਹੈ। ਇਹਨਾਂ ਲੋਕਾਂ ਨੇ ਆਪਣਾ ਨਵਾਂ ਸਵਰਣ ਵਰਗ ਬਣਾ ਲਿਆ ਹੈ। ਇਹ ਸਵਰਣਾਂ ਤੋਂ ਵੀ ਅੱਗੇ 'ਅਤੀ ਸਵਰਣ ਵਰਗ' ਹੈ। ਦੇਸ਼ ਦੇ 100 ਕਰੋੜ ਵਾਂਝਿਆਂ ਨੂੰ ਉਪਰ ਉਠਾਉਣ ਦੀ ਚਿੰਤਾ ਇਹਨਾਂ ਲੋਕਾਂ ਨੂੰ ਉਨੀ ਹੀ ਹੈ, ਜਿਨੀ ਰਵਾਇਤੀ ਸਵਰਣ ਵਰਗ ਨੂੰ ਹੈ। ਜੇਕਰ ਅਸੀਂ ਭਾਰਤ ਨੂੰ ਮਜ਼ਬੂਤ ਅਤੇ ਖੁਸ਼ਹਾਲ ਬਣਾਉਣਾ ਚਾਹੁੰਦੇ ਹਾਂ ਤਾਂ ਇਹਨਾਂ 100 ਕਰੋੜ ਲੋਕਾਂ ਨੂੰ ਅੱਗੇ ਵਧਾਉਣ ਦੀ ਚਿੰਤਾ ਪਹਿਲਾਂ ਕਰਨੀ ਹੋਵੇਗੀ। ਉਸ ਲਈ ਜ਼ਰੂਰੀ ਹੈ ਕਿ ਰਿਜ਼ਰਵੇਸ਼ਨ ਜਾਤੀ ਨਹੀਂ, ਜ਼ਰੂਰਤ ਦੇ ਆਧਾਰ ਤੇ ਦਿੱਤਾ ਜਾਵੇ ਅਤੇ ਨੌਕਰੀਆਂ ਵਿਚ ਨਹੀਂ, ਸਿੱਖਿਆ ਅਤੇ ਮੈਡੀਕਲ ਵਿਚ ਦਿੱਤਾ ਜਾਵੇ।

ਜੋ ਵੀ ਦਲਿਤ, ਵਾਂਝੇ, ਗਰੀਬ ਹੋਣ, ਉਹਨਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਅਤੇ ਮੁਫਤ ਭੋਜਨ ਦਿੱਤਾ ਜਾਵੇ ਅਤੇ ਉਹਨਾਂ ਦੀ ਮੁਫਤ ਡਾਕਟਰੀ ਸਹਾਇਤਾ ਕੀਤੀ ਜਾਵੇ। ਉਸਦੀ ਜਾਤੀ ਨਾਂ ਪੁੱਛੀ ਜਾਵੇ। ਅਜਿਹੇ ਲੋੜਵੰਦਾਂ ਨੂੰ ਉਹ ਕਿਸੇ ਵੀ ਜਾਤੀ ਦੇ ਹੋਣ, ਜੇਕਰ ਸਿੱਖਿਆ ਅਤੇ ਮੈਡੀਕਲ ਵਿਚ 80 ਫੀਸਦੀ ਰਿਜ਼ਰਵੇਸ਼ਨ ਵੀ ਦਿੱਤੀ ਜਾਵੇ ਤਾਂ ਇਸ ਵਿਚ ਕੋਈ ਬੁਰਾਈ ਨਹੀਂ ਹੈ। ਇਹ ਬੱਚੇ ਆਪਣੀ ਯੋਗਤਾ ਅਤੇ ਮਿਹਨਤ ਨਾਲ ਭਾਰਤ ਨੂੰ ਮਹਾਂਸ਼ਕਤੀ ਬਣਾ ਦੇਣਗੇ।

# ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਪੜਤਾਲ ਦੌਰਾਨ ਰਵੱਈਆ ਪੱਖਪਾਤੀ ਸੀ - ਹਾਈਕੋਰਟ

**ਚੰਡੀਗੜ੍ਹ** – ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣਾ ਅਹਿਮ ਫੈਸਲਾ ਜਨਤਕ ਕਰ ਦਿੱਤਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜਬੀਰ ਸ਼ੇਖਾਵਤ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਪੜਤਾਲ ਦੌਰਾਨ ਰਵੱਈਆ ਪੱਖਪਾਤੀ ਸੀ। ਉਨ੍ਹਾਂ ਕਿਹਾ ਕਿ ਇਸ ਅਧਿਕਾਰੀ ਨੇ ਗਵਾਹਾਂ ਦੇ ਬਿਆਨ ਹਕੀਕਤ ਦੀ ਬਜਾਏ ਆਪਣੀ ਮਰਜ਼ੀ ਨਾਲ ਜ਼ਿਆਦਾ ਲਿਖੇ ਹਨ। ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਜ਼ਖਮੀ ਹੋਏ 44 ਪੁਲਿਸ ਅਧਿਕਾਰੀਆਂ ਵਿਚੋਂ ਕਿਸੇ ਵੀ ਪੁਲਿਸ ਅਧਿਕਾਰੀ ਦਾ ਬਿਆਨ ਨਹੀਂ ਲਿਖਿਆ ਗਿਆ ਅਤੇ ਜ਼ਖਮੀ ਪੁਲਿਸ ਮੁਲਾਜ਼ਮਾਂ ਦਾ ਬਿਆਨ ਲਿਖੇ ਬਗੈਰ ਹੀ ਉਨ੍ਹਾਂ ਵੱਲੋਂ ਦਰਜ ਕਰਵਾਈ ਗਈ ਐਫ। ਆਈ। ਆਰ। ਰੱਦ ਕਰ ਦਿੱਤੀ ਗਈ। ਹਾਈ ਕੋਰਟ ਨੇ ਆਪਣੇ ਹੁਕਮਾਂ ਵਿਚ ਪੰਜਾਬ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ ਉਹ ਇਕ ਨਵੀਂ ਜਾਂਚ ਕਮੇਟੀ ਗਠਿਤ ਕਰੇ, ਜੋ ਛੇ ਮਹੀਨਿਆਂ ਵਿਚ ਆਪਣੀ ਨਿਰਪੱਖ ਰਿ-ਪੋਰਟ ਅਦਾਲਤ ਵਿਚ ਪੇਸ਼ ਕਰੇਗੀ। ਅਦਾਲਤ ਨੇ ਨਵੀਂ ਬਣੀ 'ਸਿੱਟ' ਨੂੰ ਵੀ ਆਦੇਸ਼ ਦਿੱਤੇ ਹਨ ਕਿ ਉਹ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਨਤਕ ਨਾ ਕਰੇ ਅਤੇ ਨਾ ਹੀ ਮੀਡੀਆ ਨੂੰ ਲੀਕ ਕੀਤੀ ਜਾਵੇ।

ਆਪਣੇ ਫੈਸਲੇ ਵਿਚ ਹਾਈਕੋਰਟ ਨੇ ਕਿਹਾ ਹੈ ਕਿ ਇਸ ਮੁਕੱਦਮੇ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਪਰ ਫਿਰ ਵੀ ਗੋਲੀ ਕਾਂਡ ਦੀ ਪੜਤਾਲ ਵਿਚ ਕਾਨੂੰਨ ਅਤੇ ਨਿਯਮਾਂ ਨੂੰ ਛਿੱਕੇ ਨਹੀਂ ਟੰਗਿਆ ਜਾ ਸਕਦਾ ਅਤੇ ਹਰ ਧਿਰ ਨਾਲ ਇਨਸਾਫ ਹੋਣਾ ਜਰੂਰੀ ਹੈ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਮੁਲਜ਼ਮਾਂ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਖਿਲਾਫ ਜੋ ਦੋਸ਼ ਰਿੱਟ ਪਟੀਸ਼ਨ ਵਿਚ ਲਾਏ ਸਨ, ਉਹ ਭਲੀ-ਭਾਂਤ ਸਾਬਤ ਹੁੰਦੇ ਹਨ। ਇਸ ਲਈ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਜਾਂਚ ਟੀਮ ਵਿਚ ਨਹੀਂ ਰੱਖਿਆ ਜਾ ਸਕਦਾ। ਹਾਈਕੋਰਟ ਨੇ ਆਪਣੇ ਫੈਸਲੇ ਵਿਚ ਟਿੱਪਣੀ ਕਰਦਿਆਂ ਕਿਹਾ ਹੈ ਕਿ ਆਈ।ਜੀ। ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਇਕ ਖਾਸ ਸਿਆਸੀ ਧਿਰ ਨੂੰ ਫਾਇਦਾ ਦੇਣ ਲਈ ਅਦਾਲਤਾਂ ਨੂੰ ਵੀ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜੱਜਾਂ ਖਿਲਾਫ ਬੇਬੁਨਿਆਦ ਦੋਸ਼ਾਂ ਵਾਲੀਆਂ ਸ਼ਿਕਾਇਤਾਂ ਕੀਤੀਆਂ।

# ਪੰਜਾਬ ਦੇ ਕਾਂਗਰਸੀਆਂ ਦੀ ਲੜਾਈ : ਕਾਂਗਰਸ ਹਾਈ ਕਮਾਂਡ ਦੇ ਗਲੇ ਦੀ ਹੱਡੀ



ਉਜਾਗਰ ਸਿੰਘ
91-9417913072

ਬੇਅਦਬੀ ਦੇ ਵਿਰੋਧ ਵਿਚ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਅਤੇ ਜ਼ਖ਼ਮੀ ਹੋਏ ਸ਼ਰਧਾਲੂਆਂ ਦੇ ਕੇਸਾਂ ਦੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਪੜਤਾਲ ਨੂੰ ਹਾਈ ਕੋਰਟ ਵੱਲੋਂ ਰੱਦ ਕਰਨ ਤੋਂ ਬਾਅਦ ਪੰਜਾਬ ਕਾਂਗਰਸ ਪਾਰਟੀ ਵਿਚ ਜਿਹੜੀ ਅੱਗ ਧੁਖਣ ਲੱਗੀ ਸੀ, ਉਹ ਹੁਣ ਭਾਂਬੜ ਬਣਨ ਜਾ ਰਹੀ ਹੈ। ਨਵਜੋਤ ਸਿੰਘ ਸਿੱਧੂ ਹਰ ਰੋਜ਼ ਸਰਕਾਰ ਨੂੰ ਆਪਣੇ ਟਵੀਟਾਂ ਨਾਲ ਕਟਹਿਰੇ ਵਿਚ ਖੜ੍ਹਾ ਕਰੀ ਜਾ ਰਿਹਾ ਹੈ। ਇਸ ਸਮੇਂ ਮੰਤਰੀਆਂ, ਸੰਸਦਾਂ ਅਤੇ ਵਿਧਾਨਕਾਰਾਂ ਦੀ ਅਸੰਤੁਸ਼ਟਤਾ ਗੁਰਪ ਮੀਟਿੰਗਾਂ ਦੇ ਸਿਲਸਿਲੇ ਤੋਂ ਸਾਫ਼ ਵਿਖਾਈ ਦੇ ਰਹੀ ਹੈ। ਕੈਪਟਨ ਵਿਰੋਧੀ ਅਤੇ ਸਮਰਥਕ ਦੋ ਧੜੇ ਆਹਮੋ ਸਾਹਮਣੇ ਆ ਗਏ ਹਨ। ਕਾਂਗਰਸ ਹਾਈ ਕਮਾਂਡ ਆਪਣੀ ਚੌਧਰ ਬਣਾਈ ਰੱਖਣ ਲਈ ਪੰਜਾਬ ਦੇ









ਕਾਂਗਰਸੀ ਨੇਤਾਵਾਂ ਨੂੰ ਹੱਲਾ ਸ਼ੇਰੀ ਦੇ ਕੇ ਇਕ ਦੂਜੇ ਨਾਲ ਸਿੰਗ ਫਸਾਉਣ ਦੀਆਂ ਚਾਲਾਂ ਚਲਦੀ ਰਹੀ ਹੈ, ਤਾਂ ਜੋ ਪੰਜਾਬ ਦੇ ਸਾਰੇ ਧੜਿਆਂ ਦੇ ਨੇਤਾ ਉਨ੍ਹਾਂ ਦੀ ਚਮਚਾਗਿਰੀ ਕਰਦੇ ਰਹਿਣ। ਹੁਣ ਇਹ ਲੜਾਈ ਉਨ੍ਹਾਂ ਲਈ ਗਲੇ ਦੀ ਹੱਡੀ ਬਣ ਗਈ ਹੈ। ਕਾਂਗਰਸ ਦੇਸ਼ ਵਿਚੋਂ ਬਹੁਤ ਕਮਜ਼ੋਰ ਹੋ ਗਈ ਹੈ। ਅਜਿਹੀ ਸਥਿਤੀ ਵਿਚ ਉਹ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਕੋਈ ਫ਼ੈਸਲਾ ਲੈਣ ਦੇ ਸਮਰੱਥ ਨਹੀਂ ਹੈ। ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਮਹਿਜ਼ 8 ਮਹੀਨੇ ਬਾਕੀ ਹਨ ਤਾਂ ਘੋੜੇ ਬਦਲਣੇ ਬਹੁਤੇ ਵਾਜਬ ਨਹੀਂ ਰਹਿਣਗੇ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕਾਂਗਰਸ ਹਾਈ ਕਮਾਂਡ ਵਿਰੋਧੀ ਸੁਰਾਂ ਨੂੰ ਕਿਸ ਫਾਰਮੂਲੇ ਤਹਿਤ ਸੰਤੁਸ਼ਟ ਕਰੇਗੀ। ਨਵਾਂ ਨੇਤਾ 8 ਮਹੀਨੇ ਦੇ ਸਮੇਂ ਵਿਚ ਕੋਈ ਸਾਰਥਿਕ ਨਤੀਜੇ ਸਾਹਮਣੇ ਨਹੀਂ ਲਿਆ ਸਕੇਗਾ। 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਸਦਾ ਖਮਿਆਜਾ ਕਾਂਗਰਸ ਪਾਰਟੀ ਨੂੰ ਭੁਗਤਣਾ ਪੈ ਸਕਦਾ ਹੈ। ਪੰਜਾਬ ਦੇ ਕਾਂਗਰਸੀਆਂ ਦੀ ਬਦਕਿਸਮਤੀ ਰਹੀ ਹੈ ਕਿ ਹਰ ਕਾਂਗਰਸੀ, ਵਰਕਰ ਬਣਕੇ ਪਾਰਟੀ ਵਿਚ ਕੰਮ ਕਰਨ ਦੀ ਥਾਂ ਨੇਤਾ ਬਣਨਾ ਚਾਹੁੰਦਾ ਹੈ। ਹੁਣ ਤਾਂ ਸ਼ਾਰਟ ਕੱਟ ਮਾਰਕੇ ਨੇਤਾ ਬਣਨ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਜਿਸ ਕਰਕੇ ਪਾਰਟੀ ਦੀ ਹਾਲਤ ਦਿਨ-ਬਦਿਨ ਨਿਘਰਦੀ ਜਾ ਰਹੀ ਹੈ। ਪਾਰਟੀ ਅਤੇ ਪਾਰਟੀ ਦੀ ਵਿਚਾਧਾਰਾ ਦੀ ਵਫ਼ਦਾਰੀ ਤਾਂ ਪਰ ਲਾ ਕੇ ਉਡ ਗਈ ਹੈ। ਹੁਣ ਤਾਂ ਜਿਥੋਂ ਸਿਆਸੀ ਤਾਕਤ ਮਿਲਦੀ ਹੈ, ਓਧਰ ਨੂੰ ਹੀ ਝੁਕ ਜਾਂਦੇ ਹਨ। ਜੇ ਵਫ਼ਾਦਾਰੀ ਹੈ ਤਾਂ ਧੜੇਬੰਦੀ ਦੀ ਵਫ਼ਦਾਰੀ ਰਹਿ ਗਈ। ਛੋਟੇ-ਛੋਟੇ ਧੜੇ ਬਣ ਗਏ ਹਨ ਜੋ ਇਕ ਦੂਜੇ ਦੀਆਂ ਲੱਤਾਂ ਖਿਚਕੇ ਅੱਗੇ ਆਉਣਾ ਚਾਹੁੰਦੇ ਹਨ। ਉਨ੍ਹਾਂ ਵੱਲੋਂ ਪਾਰਟੀ ਜਾਵੇ ਢੱਠੇ ਖੂਹ ਵਿਚ। ਸਿਆਸੀ ਤਾਕਤ ਲਈ ਬਹੁਤੇ ਤਾਂ ਪਾਰਟੀਆਂ ਬਦਲਣ ਨੂੰ ਵੀ ਮਾੜਾ ਨਹੀਂ ਸਮਝਦੇ। ਉਹ ਤਾਂ ਗਿਰਗਟ ਦੇ ਰੰਗ ਬਦਲਣ ਨਾਲੋਂ ਛੇਤੀ ਰੰਗ ਬਦਲ ਜਾਂਦੇ ਹਨ। ਪੰਜਾਬ ਕਾਂਗਰਸ ਦੇ ਨੇਤਾਵਾਂ ਦੀ ਖ਼ਹਿਬਾਜ਼ੀ ਜਗ ਜ਼ਾਹਰ ਹੈ, ਪ੍ਰੰਤੂ ਕਾਂਗਰਸ ਹਾਈ ਕਮਾਂਡ ਜਿਵੇਂ ਬਿੱਲੀ ਨੂੰ ਵੇਖਕੇ ਕਬੂਤਰ ਅੱਖਾਂ ਮੀਚ ਲੈਂਦਾ ਹੈ, ਉਸੇ ਤਰ੍ਹਾਂ ਕਾਂਗਰਸ ਹਾਈ ਕਮਾਂਡ ਸਭ ਕੁਝ ਜਾਣਦੀ ਹੋਈ ਚੁੱਪ ਕਰਕੇ ਪਾਸਾ ਵੱਟ ਕੇ ਬੈਠੀ ਹੈ। 2017 ਦੀ ਪੰਜਾਬ ਵਿਧਾਨ ਸਭਾ ਦੀ ਚੋਣ ਕੈਪਟਨ ਅਮਰਿੰਦਰ ਸਿੰਘ ਦੇ ਨਾਮ 'ਤੇ ਲੜੀ ਗਈ ਸੀ। ਲੋਕਾਂ ਨੇ ਵੋਟਾਂ ਕਾਂਗਰਸ ਨੂੰ ਨਹੀਂ, ਸਗੋਂ ਕੈਪਟਨ ਅਮਰਿੰਦਰ ਸਿੰਘ ਨੂੰ ਪਾਈਆਂ ਸਨ। ਇਸ ਕਰਕੇ ਉਨ੍ਹਾਂ ਦਾ ਮੁੱਖ ਮੰਤਰੀ ਬਣਨਾ ਕੁਦਰਤੀ ਸੀ। ਕੁਝ ਨੇਤਾ ਉਦੋਂ ਦੇ ਹੀ ਮੁੱਖ ਮੰਤਰੀ ਦੇ ਵਿਰੁਧ ਝੰਡਾ ਚੁਕੀ ਫਿਰਦੇ ਹਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ, ਉਦੋਂ ਤੋਂ ਕਾਂਗਰਸ ਦੇ ਸੀਨੀਅਰ ਲੀਡਰਾਂ ਨੂੰ ਉਨ੍ਹਾਂ ਦਾ ਮੁੱਖ ਮੰਤਰੀ ਬਣਨਾ ਹਜ਼ਮ ਨਹੀਂ ਹੋ ਰਿਹਾ। ਵਾਰੋ ਵਾਰੀ ਸੀਨੀਅਰ ਨੇਤਾ ਸਰਕਾਰ ਦੀ ਕਾਰਗੁਜ਼ਾਰੀ ਦੀ ਨਿੰਦਿਆ ਕਰਦੇ ਰਹਿੰਦੇ ਹਨ। ਇਹ ਉਨ੍ਹਾਂ ਦਾ ਹੱਕ ਵੀ ਹੈ ਪ੍ਰੰਤੂ ਪਾਰਟੀ ਪੱਧਰ ਤੇ ਅਜਿਹੀ ਨਿੰਦਿਆ ਜਾਇਜ਼ ਹੈ। ਅਖ਼ਬਾਰਾਂ ਵਿਚ ਖ਼ਬਰਾਂ ਲਗਾਉਣ ਲਈ ਬਿਆਨਬਾਜ਼ੀ ਕਰਨੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਥਾਂ ਕਮਜ਼ੋਰ ਕਰਨ ਵਿਚ ਸਹਾਈ ਹੁੰਦੀ ਹੈ। ਇਸ ਨਾਲ ਵਿਰੋਧੀ ਪਾਰਟੀਆਂ ਨੂੰ ਵੀ ਮੁੱਦਾ ਮਿਲ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਵੀ ਲੋਕਾਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉਤਰ ਸਕੇ। ਇਸ ਵਾਰੀ ਉਹ ਨਤੀਜੇ ਨਹੀਂ ਵਿਖਾ ਸਕੇ ਜਿਹੜੇ 2002 ਵਾਲੀ ਸਰਕਾਰ ਵਿਚ ਵਿਖਾਏ ਸਨ। ਚਾਪਲੂਸੀ ਨੇ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਵਿਚ ਤੇਲ ਦਿੱਤਾ ਹੈ। ਕਾਂਗਰਸ ਪਾਰਟੀ ਵਿਚ ਅਜਿਹੇ ਹਾਲਾਤ ਪੈਦਾ ਕਰਨ ਦੀ ਜ਼ਿੰਮੇਵਾਰ ਕੇਂਦਰੀ ਲੀਡਰਸ਼ਿਪ ਹੈ, ਜਿਹੜੀ ਉਨ੍ਹਾਂ ਨੂੰ ਆਪਸ ਵਿਚ ਬਿਠਾਕੇ ਮਸਲੇ ਦਾ ਹਲ ਕਰਵਾਉਣਾ ਨਹੀਂ ਚਾਹੁੰਦੀ। ਕਾਂਗਰਸ ਪਾਰਟੀ ਵਿਚ ਅਨੁਸ਼ਾਸ਼ਨ ਨਾ ਦੀ ਕੋਈ ਚੀਜ਼ ਨਹੀਂ ਹੈ। ਜੇਕਰ ਨੇਤਾ ਲੋਕ ਇਸੇ ਤਰ੍ਹਾਂ ਲੜਦੇ ਰਹੇ ਤਾਂ ਪੰਜਾਬ ਦਾ ਹਾਲ 2022 ਵਿਚ ਦੂਜੇ ਰਾਜਾਂ ਵਾਲਾ ਹੋਵੇਗਾ, ਜਿਥੇ ਸਰਕਾਰ ਬਣਾਉਣੀ ਤਾਂ ਵੱਖਰੀ ਗੱਲ ਹੈ, ਪਾਰਟੀ ਦੀ ਹੋਂਦ ਵੀ ਨਜ਼ਰ ਨਹੀਂ ਆ ਰਹੀ।

ਜਿਸ ਦਿਨ ਤੋਂ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਬਣਨ ਦੇ ਸਪਨੇ ਸਿਰਜਕੇ ਭਾਰਤੀ ਜਨਤਾ ਪਾਰਟੀ ਨੂੰ ਪਲਟੀ ਮਾਰਕੇ ਕਾਂਗਰਸ ਪਾਰਟੀ ਵਿਚ ਪ੍ਰਿਅੰਕਾ ਗਾਂਧੀ ਦਾ ਸਹਾਰਾ ਲੈ ਕੇ ਸ਼ਾਮਲ ਹੋਏ ਸਨ। ਉਸੇ ਦਿਨ ਤੋਂ ਪੰਜਾਬ ਕਾਂਗਰਸ ਦੇ ਨੇਤਾਵਾਂ ਵਿਚ ਖੁਸਰ ਮੁਸਰ ਸ਼ੁਰੂ ਹੋ ਗਈ ਸੀ। ਕਾਂਗਰਸ ਵਿਚਲੀ ਹਲਚਲ ਇਸ ਕਰਕੇ ਸੀ ਕਿਉਂਕਿ ਮੁੱਖ ਮੰਤਰੀ ਦੇ ਪਹਿਲਾਂ ਹੀ ਬਹੁਤ ਉਮੀਦਵਾਰ ਲਾਈਨ ਵਿਚ ਲੱਗੇ ਹੋਏ ਸਨ। ਦੱਬੀ ਜ਼ੁਬਾਨ ਨਾਲ ਉਹ ਆ-ਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਸਨ, ਪ੍ਰੰਤੂ ਖੁਲ੍ਹਕੇ ਬੋਲਦੇ ਨਹੀਂ ਸਨ। ਨਵਜੋਤ ਸਿੰਘ ਸਿੱਧੂ ਨੂੰ ਉਸ ਦਿਨ ਪਤਾ ਹੋਣਾ ਚਾਹੀਦਾ ਸੀ ਕਿ ਉਨ੍ਹਾਂ ਤੋਂ ਪਹਿਲਾਂ ਪ੍ਰਨਾਬ ਮੁਕਰਜੀ ਰਾਹੀਂ ਇਹੋ ਸਬਜ਼ ਬਾਗ ਵੇਖਣ ਦੇ ਸਪਨੇ ਸਿਰਜਕੇ ਆਏ ਮਨਪ੍ਰੀਤ ਸਿੰਘ ਬਾਦਲ ਪਹਿਲਾਂ ਹੀ ਲਾਈਨ ਵਿਚ ਲੱਗੇ ਹੋਏ ਹਨ। 100 ਸਾਲ ਪੁਰਾਣੀ ਆਜ਼ਾਦੀ ਸੰਗਰਾਮੀਆਂ ਦੇ ਵਾਰਸਾਂ ਦੀ ਕਾਂਗਰਸ ਪਾਰਟੀ ਦੇ ਪੁਸ਼ਤਾਨੀ ਪਰਿਵਾਰਾਂ ਦੇ ਫਰਜੰਦ ਕਿਵੇਂ ਉਨ੍ਹਾਂ ਦੇ ਪੈਰ ਲੱਗਣ ਦੇਣਗੇ? ਸ਼ਾਰਟ ਕੱਟ ਰਾਹੀਂ ਮੁੱਖ ਮੰਤਰੀ ਦੀ ਕੁਰਸੀ ਕਾਂਗਰਸ ਪਾਰਟੀ ਦੇ ਕੌਮੀ ਪੱਧਰ ਤੇ ਕਮਜ਼ੋਰ ਹੁੰਦਿਆਂ ਹੱਥਿਆਉਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਵੀ ਹੈ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕਾਂਗਰਸ ਵਿਚ ਉਨ੍ਹਾਂ ਤੋਂ ਬਹੁਤ ਸੀਨੀਅਰ ਨੇਤਾ ਬੈਠੇ ਹਨ, ਜਿਨ੍ਹਾਂ ਦਾ ਮੁੱਖ ਮੰਤਰੀ ਦੀ ਕੁਰਸੀ 'ਤੇ ਦਾਅਵਾ ਕਰਨ ਦਾ ਹੱਕ ਬਣਦਾ ਹੈ। ਉਨ੍ਹਾਂ ਨੇਤਾਵਾਂ ਵਿਚ ਪ੍ਰਤਾਪ ਸਿੰਘ ਬਾਜਵਾ, ਬ੍ਰਹਮ ਮਹਿੰਦਰਾ, ਸੁਨੀਲ ਕੁਮਾਰ ਜਾਖੜ, ਲਾਲ ਸਿੰਘ, ਸ਼ਮਸ਼ੇਰ ਸਿੰਘ ਦੂਲੋ, ਮਹਿੰਦਰ ਸਿੰਘ ਕੇ ਪੀ, ਰਵਨੀਤ ਸਿੰਘ ਬਿੱਟੂ ਅਤੇ ਮਨੀਸ਼ ਤਿਵਾੜੀ ਆਦਿ ਦੀ ਲੰਬੀ ਸੂਚੀ ਹੈ। ਨਵਜੋਤ ਸਿੰਘ ਸਿੱਧੂ ਤਾਂ ਅਜੇ ਪੰਜਾਬੀ ਦੀ ਕਹਾਵਤ ਦੀ ਤਰ੍ਹਾਂ, ਕਲ੍ਹ ਦੀ ਭੂਤਨੀ ਸਿਵਿਆਂ ਵਿਚ ਅੱਧ ਵਾਲੀ ਗੱਲ ਹੈ। ਉਨ੍ਹਾਂ ਨੂੰ ਪੌੜੀ ਦਰ ਪੌੜੀ ਚੜ੍ਹਨ ਨੂੰ ਹੀ ਤਰਜ਼ੀਹ ਦੇਣੀ ਬਣਦੀ ਸੀ। ਸਿਆਸਤ ਵਿਚ ਲਚਕ-ਲਿਾਪਣ ਹੋਣਾ ਜ਼ਰੂਰੀ , ਲੱਕੜ ਬਣਕੇ ਕੁਝ ਖੱਟਣਾ ਅਸੰਭਵ ਹੁੰਦਾ ਹੈ। ਸਮੇਂ ਦੀ ਨਜ਼ਾਕਤ ਨੂੰ ਸਮਝਕੇ ਨਵੇਂ ਮਿਲੇ ਵਿਭਾਗ ਰਾਹੀਂ ਆਪਣੀ ਭੱਲ ਬਣਾਉਂਦੇ, ਬਿਜਲੀ ਵਿਭਾਗ ਦਾ ਸੰਬੰਧ ਪੰਜਾਬ ਦੇ ਹਰ ਘਰ ਨਾਲ ਹੈ। ਅਕਾਲੀ ਦਲ ਦੇ ਬਿਜਲੀ ਦੇ ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਸਮਝੌਤਿਆਂ ਨੂੰ ਰੱਦ ਕਰਵਾਕੇ ਪੰਜਾਬ ਦੇ ਲੋਕਾਂ ਦੇ ਮਸੀਹਾ ਬਣ ਸਕਦੇ ਸਨ। ਕਾਂਗਰਸ ਪਾਰਟੀ ਵਿਚ ਥੋੜ੍ਹਾ ਸਮਾਂ ਪਹਿਲਾਂ ਸਰਗਰਮ ਹੋਏ ਪ੍ਰਿਅੰਕਾ ਗਾਂਧੀ, ਸੀਨੀਅਰ ਘਾਗ ਕਾਂਗਰਸੀਆਂ ਤੋਂ ਉਨ੍ਹਾਂ ਨੂੰ ਕਿਵੇਂ ਉਪ ਮੁੱਖ ਮੰਤਰੀ ਦੀ ਕੁਰਸੀ ਦਿਵਾ ਸਕਣਗੇ। ਭਾਵੇਂ ਪ੍ਰਿਅੰਕਾ ਗਾਂਧੀ ਕਾਂਗਰਸ ਪਾਰਟੀ ਦੇ ਪ੍ਰਧਾਨ ਦੇ ਧੀ ਹਨ ਪ੍ਰੰਤੂ ਉਹ ਸੀਨੀਅਰ ਨੇਤਾਵਾਂ ਨੂੰ ਨਰਾਜ਼ ਕਰਕੇ ਕਾਂਗਰਸ ਪਾਰਟੀ ਨੂੰ ਹੋਰ ਕਮਜ਼ੋਰ ਨਹੀਂ ਕਰਨਾ ਚਾਹੁਣਗੇ। ਕਿਉਂਕਿ ਉਨ੍ਹਾਂ ਨੂੰ ਤਾਂ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਲਿਆਂਦਾ ਗਿਆ ਹੈ। ਭਾਵੇਂ ਨਵਜੋਤ ਸਿੰਘ ਸਿੱਧੂ ਨੂੰ ਸਿਆਸਤ ਪਰਿਵਾਰਿਕ ਵਿਰਸੇ ਵਿਚੋਂ ਮਿਲੀ ਹੈ ਕਿਉਂਕਿ ਉਨ੍ਹਾਂ ਦੇ ਪਿਤਾ ਮਰਹੂਮ ਭਗਵੰਤ ਸਿੰਘ ਸਿੱਧੂ ਬੜਾ ਲੰਬਾ ਸਮਾਂ ਜਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਪਟਿਆਲਾ ਦੇ ਪ੍ਰਧਾਨ ਅਤੇ ਦਰਬਾਰਾ ਸਿੰਘ ਦੀ ਵਜਾਰਤ ਵਿਚ ਪੰਜਾਬ ਦੇ ਐਡਵੋਕੇਟ ਜਨਰਲ ਰਹੇ ਹਨ ਪ੍ਰੰਤੂ ਇਉਂ ਲੱਗਦਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਉਨ੍ਹਾਂ ਤੋਂ ਸਿਆਸਤ ਦੇ ਗੁਰ ਸਿੱਖਣ ਦੀ ਕੋਸ਼ਿਸ਼ ਨਹੀਂ ਕੀਤੀ। ਉਦੋਂ ਉਹ ਕ੍ਰਿਕਟ ਖੇਡਣ ਵਲ ਹੀ ਧਿਆਨ ਲਾਉਂਦੇ ਰਹੇ। ਨਵਜੋਤ ਸਿੰਘ ਸਿੱਧੂ ਵਿਚ ਦੋ ਗੁਣ ਅਜਿਹੇ ਹਨ, ਜਿਹੜੇ ਹਰ ਸਿਆਸਤਦਾਨ ਵਿਚ ਬਹੁਤ ਘੱਟ ਮਿਲਦੇ ਹਨ। ਉਹ ਇਮਾਨਦਾਰ ਅਤੇ ਬੁਲਾਰੇ ਬਿਹਤਰੀਨ ਹਨ ਪ੍ਰੰਤੂ ਉਹ ਜ਼ਿਆਦਾ ਬਿਆਨਬਾਜ਼ੀ ਕਰਕੇ ਕਿਸੇ ਵੀ ਪਾਰਟੀ ਵਿਚ ਉਨ੍ਹਾਂ ਗੁਣਾ ਦਾ ਲਾਭ ਨਹੀਂ ਲੈ ਸਕੇ, ਜਿਤਨਾ ਲਾਭ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ। ਸਿਆਸਤ ਵਿਚ ਸੰਜੀਦਗੀ ਹੋਣੀ ਬਹੁਤ ਜ਼ਰੂਰੀ ਹੁੰਦੀ ਹੈ। ਜਿਸਦੀ ਨਵਜੋਤ ਸਿੰਘ ਸਿੱਧੂ ਵਿਚ ਘਾਟ ਹੈ। ਕੁਰਸੀ ਮਿਲਣਾ ਤਾਂ ਵੱਖਰੀ ਗੱਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਵਜੋਤ ਸਿੰਘ ਸਿੱਧੂ ਕੇਂਦਰੀ ਹਾਈ ਕਮਾਂਡ ਦੇ ਨੇੜੇ ਹਨ। ਪਿਛਲੇ ਸਵਾ ਚਾਰ ਸਾਲ ਤੋਂ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੇ ਮੁੱਖ ਮੰਤਰੀ ਦਾ ਅਹੁਦਾ ਸੰਭ-ਾਲਿਆ ਹੈ, ਕਾਂਗਰਸ ਪਾਰਟੀ ਦੇ ਕਈ ਸੀਨੀਅਰ ਨੇਤਾਵਾਂ ਨੇ ਸਰਕਾਰ ਦੀ ਕਾਰਗੁਜ਼ਾਰੀ ਤੇ ਕਿੰਤੂ ਪ੍ਰੰਤੂ ਕੀਤਾ ਹੈ। ਉਨ੍ਹਾਂ ਵਿਚ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ, ਨਵਜੋਤ ਸਿੰਘ ਸਿੱਧੂ ਵਰਨਣਯੋਗ ਹਨ। ਬੇਅਦਬੀ ਦੇ ਮੁੱਦੇ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਵੇਖਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਿਹੜੀ ਗਿਦੜਸਿੰਗੀ ਨਾਲ ਅਰਥਾਤ ਦਾਅ ਪੇਚ ਨਾਲ ਆਪਣਾ ਅਕਸ ਮੁੜ ਸਥਾਪਤ ਕਰਨਗੇ। ਜੇਕਰ ਬੇਅਦਬੀ ਦੇ ਮੁੱਦੇ ਕੋਈ ਸਾਰਥਿਕ ਕਾਰਵਾਈ ਨਾ ਕੀਤੀ ਤਾਂ ਕਾਂਗਰਸ ਦਾ ਭਵਿਖ ਖ਼ਤਰੇ ਵਿਚ ਪੈ ਜਾਵੇਗਾ।

# ਗਿਰਝ, ਛੋਟੀ ਬੱਚੀ ਅਤੇ ਵਰਤਮਾਨ ਸਮਾਜ..!

ਕੀ ਤੁਹਾਨੂੰ ਉਹ ਤਸਵੀਰ ਯਾਦ ਹੈ? ਜਿਸ ਵਿੱਚ ਇਕ ਛੋਟੀ ਬੱਚੀ ਅਤੇ ਗਿਰਝ ਸੀ, ਉਸ ਤਸਵੀਰ ਵਿੱਚ ਗਿਰਝ ਇਕ ਭੁੱਖੀ ਬੱਚੀ ਦੇ ਮਰਨ ਦਾ ਇੰਤਜ਼ਾਰ ਕਰ ਰਹੀ ਸੀ। ਉਹ ਤਸਵੀਰ ਦੱਖਣੀ ਅਫਰੀਕਾ ਦੇ ਪੱਤਰਕਾਰ ਕੇਵਿਨ ਕਾਰਟਰ ਨੇ ਸੂਡਾਨ ਵਿੱਚ ਪਏ ਅਕਾਲ ਸਮੇਂ ਮਾਰਚ 1993 ਵਿਚ ਖਿੱਚੀ ਸੀ, ਉਸ ਫੋਟੋਗ੍ਰਾਫ ਬਦਲੇ ਪੱਤਰਕਾਰ ਨੂੰ #ਪੁਲਿਤਜਰ ਪੁਰਸਕਾਰ ਦਿੱਤਾ ਗਿਆ ਸੀ।

ਲੇਕਿਨ ਐਨਾ ਸਨਮਾਨ ਪਾਉਣ ਦੇ ਬਾਵਜੂਦ ਵੀ ਉਸ ਪੱਤਰਕਾਰ ਨੇ ਮਹਿਜ਼ 33 ਸਾਲ ਦੀ ਉਮਰ ਵਿੱਚ ਖੁਦਕੁਸ਼ੀ ਕਰ ਲਈ ਸੀ!

ਉਸ ਆਤਮ ਹੱਤਿਆ ਦਾ ਕਾਰਨ ਕੀ ਸੀ? ਦਰਅਸਲ ਪੱਤਰਕਾਰ ਜਦੋਂ ਸਨਮਾਨ ਮਿਲਣ ਦੀ ਖੁਸ਼ੀ ਮਨਾ ਰਿਹਾ ਸੀ ਤਾਂ ਉਸ ਪੁਰਸਕਾਰ ਮਿਲਣ ਦੀ ਖਬਰ ਨੂੰ ਵੱਖੋ-ਵੱਖ ਟੀਵੀ ਚੈਨਲਾਂ ਮੀਡੀਆ ਤੇ ਦਿਖਾਇਆ ਜਾ ਰਿਹਾ ਸੀ, ਉਸ ਸਮੇਂ ਕਿਸੇ ਨੇ ਟੈਲੀਫੋਨ ਇੰਟਰਵਿਊ&;ਤੇ ਉਸ ਪੱਤਰਕਾਰ ਨੂੰ ਪੁੱਛਿਆ ਕਿ, "ਅੰਤ ਵਿੱਚ ਉਸ ਬੱਚੀ ਨਾਲ ਕੀ ਹੋਇਆ...?"

ਕਾਰਟਰ ਨੇ ਉਤਰ ਦਿੱਤਾ, ਕਿ ਮੈਂ ਕੁਝ ਕਹਿ ਨਹੀਂ ਸਕਦਾ, ਕਿਉਂਕਿ ਉਸ ਸਮੇਂ ਮੈਨੂੰ ਆਪਣਾ ਜਹਾਜ਼ ਫੜਨ ਦੀ ਜਲਦੀ ਸੀ "!



"ਉੱਥੇ ਕਿੰਨੀਆਂ ਗਿਰਝਾਂ ਸਨ?" ਉਸ ਆਦਮੀ ਨੇ ਦੋਬਾਰਾ ਪੁੱਛਿਆ!

ਕਾਰਟਰ ਨੇ ਕਿਹਾ, ਮੈਂ ਸਮਝਦਾ ਹਾਂ ਕਿ ਉੱਥੇ ਇਕ ਹੀ ਗਿਰਝ ਸੀ"। ਟੈਲੀਫੋਨ ਤੇ ਦੂਜੇ ਪਾਸਿਓਂ ਗੱਲ ਕਰ ਰਹੇ ਵਿਅਕਤੀ ਨੇ ਕਿਹਾ, ਮੈਂ ਕਹਿ ਸਕਦਾ ਹਾਂ ਕਿ ਉੱਥੇ ਇਕ ਨਹੀਂ ਦੋ ਗਿਰਝਾਂ ਸਨ, ਉਹਨਾਂ ਵਿੱਚੋਂ ਇਕ ਕੋਲ ਕੈਮਰਾ ਸੀ"।

ਇਨਾਂ ਸ਼ਬਦਾਂ ਦੀ ਸਾਰਥਿਕਤਾ ਨੂੰ ਸਮਝਦੇ ਹੀ ਕਾਰਟਰ ਬਹੁਤ ਦੁਖੀ ਹੋ ਗਿਆ, ਅਤੇ ਉਸ ਤੋਂ ਕੁਝ ਸਮੇਂ ਬਾਅਦ ਹੀ ਉਸ ਨੇ ਆਤਮ ਹੱਤਿਆ ਕਰ ਲਈ!

ਸਾਨੂੰ ਹਰ ਹਾਲ ਵਿਚ ਮਾਨਵਤਾ ਦਾ ਖਿਆਲ ਰੱਖਣਾ ਚਾਹੀਦਾ ਹੈ, ਕਾਰਟਰ ਅੱਜ ਵੀ ਜਿਊਂਦਾ ਹੁੰਦਾ ਜੇਕਰ ਉਹ ਉਸ ਭੁੱਖ ਨਾਲ ਤੜਫ ਰਹੀ ਬੱਚੀ ਨੂੰ ਸੰਯੁਕਤ ਮਿਸ਼ਨ ਦੇ ਲਾਏ ਲੰਗਰ ਤੱਕ ਪਹੁੰਚਾ ਦਿੰਦਾ, ਜੋ ਉਥੋਂ ਮਹਿਜ਼ ਅੱਧੇ ਮੀਲ ਦੀ ਦੂਰੀ ਤੇ ਸੀ, ਸ਼ਾਇਦ ਉਹ ਭੁੱਖੀ ਬੱਚੀ ਉੱਥੇ ਹੀ ਪੁੱਜਣ ਦਾ ਯਤਨ ਕਰ ਰਹੀ ਸੀ!

ਅੱਜਕੱਲ੍ਹ ਬਹੁਤ ਸਾਰੀਆਂ ਗਿਰਝਾਂ ਹੱਥਾਂ ਵਿੱਚ ਕੈਮਰੇ ਲੈ ਕੇ ਘੁੰਮ ਰਹੀਆਂ ਹਨ, ਜੋ ਸੜ ਰਹੀਆਂ ਲਾਸ਼ਾਂ ਅਤੇ ਆਕਸੀਜਨ ਦੀ ਕਮੀ ਨਾਲ ਮਰ ਰਹੇ ਲੋਕਾਂ ਦੀਆਂ ਤਸਵੀਰਾਂ ਆਨਲਾਈਨ ਵੇਚ ਰਹੀਆਂ ਹਨ!

ਇਨਾਂ ਗਿਰਝਾਂ ਨੂੰ ਕਿਸੇ ਦੀ ਮੌਤ ਦੀ ਚਿੰਤਾ ਤੋਂ ਵੀ ਜਿਆਦਾ, ਉਹਨਾਂ ਦੀ ਮੌਤ ਦੀ ਖਬਰ ਲਾਉਣ ਦੀ ਜਿਆਦਾ ਕਾਹਲੀ ਹੈ, ਤਾਂ ਜੋ ਚੈਨਲਾਂ ਦੀ ਟੀਆਰਪੀ ਵਧਾਈ ਜਾ ਸਕੇ, ਇਹ ਬਲ ਰਹੀਆਂ ਲਾਸ਼ਾਂ ਉੱਪਰ ਤੇਲ ਸਿੱਟ ਕੇ ਬਰੇਕਿੰਗ ਨਿਊਜ ਬਣਾਉਣ ਲਈ ਜਿਆਦਾ ਕਾਹਲੇ ਹਨ!

ਕੇਵਿਨ ਕਾਰਟਰ ਵਿੱਚ ਆਤਮ ਸਨਮਾਨ ਸੀ,ਉਸਨੂੰ ਆਪਣੇ ਕੀਤੇ ਤੇ ਪਛਤਾਵਾ ਸੀ ਇਸ ਲਈ ਉਸਨੇ ਆਤਮ ਹੱਤਿਆ ਕਰ ਲਈ, ਲੇਕਿਨ ਅੱਜਕੱਲ੍ਹ ਦੇ ਨਾਮਚੀਨ ਗਿਰਝ ਪੱਤਰਕਾਰ ਬਰੇਕਿੰਗ ਨਿਊਜ ਬਣਾਉਣ ਵਿੱਚ ਜਿਆਦਾ ਰੁੱਝੇ ਹੋਏ ਹਨ

**-ਅਜੈ ਅਸੁਰ**

**ਅਨੁਵਾਦ - ਬਲਜੀਤ ਸਿੰਘ**

# ਪੱਛਮੀ ਬੰਗਾਲ 'ਚ ਭਾਜਪਾ ਦੀ ਹਾਰ ਨੇ ਕਿਸਾਨ ਮੋਰਚੇ ਨੂੰ ਦਿੱਤੀ ਆਕਸੀਜਨ

**ਨਵੀਂ ਦਿੱਲੀ** - ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਤੋਂ ਖੇਤੀ ਕਾਨੂੰਨਾਂ ਖਿਲਾਫ ਮੋਰਚਾ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਬਾਗੋਬਾਗ ਹਨ। ਜਿਉਂ ਹੀ ਪੱਛਮੀ ਬੰਗਾਲ 'ਚੋਂ ਭਾਜਪਾ ਦੀ ਹਾਰ ਤੈਅ ਹੋਈ, ਉਦੋਂ ਹੀ ਪੰਜਾਬ ਨਵੇਂ ਰੌਅ ਵਿਚ ਆ ਗਿਆ। ਕਿਸਾਨਾਂ ਦਾ ਹੌਸਲੇ ਵਧੇ ਹਨ ਅਤੇ ਇੰਜ ਲੱਗਣ ਲੱਗਾ ਹੈ ਕਿ ਕਿਸਾਨ ਮੋਰਚੇ ਨੇ ਵੱਡੀ ਲੜਾਈ ਜਿੱਤ ਲਈ। ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿਚ ਪੰਜ ਸੂਬਿਆਂ 'ਚ ਕਿਸਾਨ ਆਗੂਆਂ ਨੇ ਭਾਜਪਾ ਖਿਲਾਫ ਪ੍ਰਚਾਰ ਕੀਤਾ ਸੀ। ਸਭ ਤੋਂ ਵੱਧ ਪ੍ਰਚਾਰ ਪੱਛਮੀ ਬੰਗਾਲ 'ਚ ਹੋਇਆ ਸੀ। ਨਵੇਂ ਬਣੇ ਹਾਲਾਤ 'ਚ ਕੇਂਦਰ ਸਰਕਾਰ ਹੁਣ ਜਲਦੀ ਹੀ ਸੰਯੁਕਤ ਕਿਸਾਨ ਮੋਰਚੇ ਨਾਲ ਗੱਲਬਾਤ ਦੇ ਰਾਹ ਖੋਲ੍ਹ ਸਕਦੀ ਹੈ। ਪੱਛਮੀ ਬੰਗਾਲ ਦੀ ਸਿਆਸੀ ਸੱਟ ਭਾਜਪਾ ਲਈ ਕੋਈ ਛੋਟੀ ਨਹੀਂ ਹੈ। ਭਾਜਪਾ ਦੀ ਹਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਖ ਨੂੰ ਵੀ ਲਪੇਟੇ 'ਚ ਲਿਆ ਹੈ। ਪੂਰੀ ਤਾਕਤ ਝੋਕਣ ਦੇ ਬਾਵਜੂਦ ਟੀ ਐਮ ਸੀ ਨੇ ਭਾਜਪਾ ਦੇ ਪੈਰ ਬੰਗਾਲ 'ਚ ਲੱਗਣ ਨਹੀਂ ਦਿੱਤੇ। ਕੇਂਦਰ ਸਰਕਾਰ ਨੇ ਹੁਣ ਤੱਕ ਕਿਸਾਨ ਧਿਰਾਂ ਨਾਲ 11 ਗੇੜ ਦੀ ਗੱਲਬਾਤ ਕੀਤੀ ਹੈ। ਖੇਤੀ ਕਾਨੂੰਨਾਂ 'ਤੇ ਗੱਲਬਾਤ ਕਾਫੀ ਸਮੇਂ ਤੋਂ ਹੁਣ ਬੰਦ ਹੈ। ਪ੍ਰਧਾਨ ਮੰਤਰੀ ਦਾ ਸਮੁੱਚਾ ਧਿਆਨ ਪੰਜ ਸੂਬਿਆਂ ਦੀਆਂ ਚੋਣਾਂ ਵੱਲ ਸੀ। ਚੋਣਾਂ ਮਗਰੋਂ ਹੀ ਖੜੋਤ ਟੁੱਟਣ ਦੇ ਆਸਾਰ ਸਨ। ਚੋਣ ਨਤੀਜੇ ਆਉਣ ਮਗਰੋਂ ਹੁਣ ਗੱਲਬਾਤ ਮੁੜ ਸ਼ੁਰੂ ਹੋਣ ਦੇ ਆਸਾਰ ਬਣ ਗਏ ਹਨ। ਕਿਸਾਨ ਧਿਰਾਂ ਨੇ ਪੱਛਮੀ ਬੰਗਾਲ 'ਚ ਭਾਜਪਾ ਦੀ ਹਾਰ ਨੂੰ ਸੋਸ਼ਲ ਮੀਡੀਆ 'ਤੇ ਖੂਬ ਭੰਡਿਆ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਪੱਛਮੀ ਬੰਗਾਲ 'ਚ ਭਾਜਪਾ ਦੀ ਹਾਰ ਨੇ ਕਿਸਾਨ ਮੋਰਚੇ ਨੂੰ ਆਕਸੀਜਨ ਦਿੱਤੀ ਹੈ ਅਤੇ ਕਿਸਾਨਾਂ ਵਿਚ ਉਤਸ਼ਾਹ ਪਹਿਲਾਂ ਨਾਲੋਂ ਦੁੱਗਣਾ ਹੋ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਦਾ ਪੱਛਮੀ ਬੰਗਾਲ ਵਿਚ ਪ੍ਰਚਾਰ ਚੰਗਾ ਰੰਗ ਲਿਆਇਆ ਹੈ। ਚੋਣਾਂ ਵਿਚ ਮੋਦੀ ਦੇ ਹੰਕਾਰ ਨੂੰ ਨਕਾਰਿਆ ਗਿਆ ਹੈ। ਉ-ਗਰਾਹਾਂ ਨੇ ਕਿਹਾ ਕਿ ਭਾਜਪਾ ਨੇ ਇਸ ਨੂੰ ਸਿਆਸੀ ਨੁਕਸਾਨ ਮੰਨਿਆ ਤਾਂ ਉਹ ਕਿਸਾਨ ਧਿਰਾਂ ਨਾਲ ਮੁੜ ਗੱਲਬਾਤ ਖੋਲ੍ਹੇਗੀ ਅਤੇ ਖੇਤੀ ਕਾਨੂੰਨ ਵਾਪਸ ਲਵੇਗੀ। ਉਨ੍ਹਾਂ ਕਿਹਾ ਕਿ ਜੇਕਰ ਹੈਂਕੜ ਜਾਰੀ ਰੱਖੀ ਤਾਂ ਕਿਸਾਨ ਯੂਪੀ 'ਚ ਵੀ ਬੰਗਾਲ ਵਰਗਾ ਰੰਗ ਦਿਖਾਉਣਗੇ। ਉਨ੍ਹਾਂ ਕਿਹਾ ਕਿ ਵੈਸੇ ਹੁਣ ਨਰਿੰਦਰ ਮੋਦੀ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ- ਨਿਧੜਕ ਅਤੇ ਮਦਨ ਵੀਰਾ

# "ਅਪਣੇ ਸਮੇਂ ਦੇ ਨਿਧੜਕ ਸ਼ਾਇਰ" ਚਰਨ ਦਾਸ ਨਿਧੜਕ



ਚਰਨ ਦਾਸ ਨਿਧੜਕ ਆਪਣੇ ਸਮਿਆਂ ਦੇ ਪ੍ਰਸਿੱਧੀ ਪ੍ਰਾਪਤ ਸਟੇਜੀ ਸ਼ਾਇਰ ਅਤੇ ਰਿਪਬਲਿਕਨ ਪਾਰਟੀ ਦੇ ਨਿਧੜਕ ਆਗੂ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਅੰਬੇਡਕਰੀ ਵਿਚਾਰਧਾਰਾ ਪ੍ਰਤੀ ਸਮਰਪਿਤ ਸੀ ਅਤੇ ਉਹ ਇਕ ਪ੍ਰਤੀਬੱਧ ਸ਼ਾਇਰ ਸਨ। ਨਿਧੜਕ ਨੇ ਆਪਣਾ ਰਾਜਨੀਤਕ ਤੇ ਸਮਾਜਿਕ ਜੀਵਨ ਆਦਿ ਧਰਮ ਮੰਡਲ ਦੀ ਲਹਿਰ ਤੋਂ ਸ਼ੁਰੂ ਕੀਤਾ ਅਤੇ ਉਸ ਉਪਰੰਤ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਸਥਾਪਤ ਸ਼ਡਿਊਲਡ ਕਾਸਟਸ ਫੈਡਰੇਸ਼ਨ ਵਿਚ ਸਰਗਰਮ ਹੈਸੀਅਤ ਵਜੋਂ ਸ਼ਾਮਲ ਹੋਏ। 1940 ਵਿਚ ਉਨ੍ਹਾਂ ਦਾ ਸੰਪਰਕ ਡਾ. ਅੰਬੇਡਕਰ ਜੀ ਨਾਲ ਹੋਇਆ ਅਤੇ 1942 ਵਿਚ ਕਾਨਪੁਰ (ਯੂ. ਪੀ.) ਵਿਖੇ ਹੋਈ ਵਿਸ਼ਾਲ ਅਛੂਤ ਕਾਨਫਰੰਸ ਵਿਚ ਉਨ੍ਹਾਂ ਨੇ ਪੰਜਾਬ ਦੀ ਨੁਮਾਇੰਦਗੀ ਕੀਤੀ। ਉਹ ਸਮਤਾ ਸੈਨਿਕ ਦਲ ਦੇ ਕਮਾਂਡਰ ਵੀ ਰਹੇ। 1945 ਵਿਚ ਸੇਠ ਕਿਸ਼ਨ ਦਾਸ ਬੂਟਾਂ ਮੰਡੀ, ਤਤਕਾਲੀਨ ਐਮ. ਐਲ. ਏ. ਦੀ ਪ੍ਰਧਾਨਗੀ ਹੇਠ ਉਹ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਉਪ ਪ੍ਰਧਾਨ ਬਣੇ ਅਤੇ 1957 ਵਿਚ ਆਰ. ਪੀ. ਆਈ. ਦੀ ਸਥਾਪਨਾ ਉਪਰੰਤ ਨਿਧੜਕ ਸਾਹਿਬ ਇਸਦੇ ਵੀ ਉਪ ਪ੍ਰਧਾਨ ਨਿਯੁਕਤ ਹੋਏ। ਆਰ. ਪੀ. ਆਈ. ਵੱਲੋਂ 1964 ਵਿਚ ਸ਼ਡਿਊਲਡ ਕਾਸਟਸ ਦੇ ਅਧਿਕਾਰਾਂ ਦੀ ਪ੍ਰਾਪਤੀ ਲਈ ਆਰੰਭੇ ਗਏ ਰਾਸ਼ਟਰ ਵਿਆਪੀ ਮੋਰਚੇ ਵਿਚ ਉਹਨਾਂ ਨੇ ਜੇਲ੍ਹ ਯਾਤਰਾ ਵੀ ਕੀਤੀ। 15 ਜੂਨ 1964 ਨੂੰ ਫਗਵਾੜਾ ਤੋਂ ਦਿੱਲੀ ਵਿਖੇ ਸਮਕਾਲੀਨ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਕੋਠੀ ਅੱਗੇ ਸਤਿਆਗ੍ਰਹਿ ਕਰਨ ਵਾਲੇ 101 ਮੈਂਬਰੀ ਸਾਈਕਲ ਜਥੇ ਦੀ ਅਗਵਾਈ ਵੀ ਸ੍ਰੀ ਚਰਨ ਦਾਸ ਨਿਧੜਕ ਨੇ ਕੀਤੀ। ਆਪ ਪਾਰਟੀ ਦੇ ਉਸ ਡੈਲੀਗੇਸ਼ਨ ਵਿਚ ਵੀ ਸ਼ਾਮਲ ਸਨ, ਜਿਸਨੇ 24 ਜੂਨ 1964 ਨੂੰ ਦਲਿਤਾਂ ਦੇ ਅਧਿਕਾਰਾਂ ਸਬੰਧੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ।

ਨਿਧੜਕ ਜੀ ਦਾ ਜਨਮ 25 ਦਸੰਬਰ 1899 ਨੂੰ ਪਿੰਡ ਚੈੜਾਂ ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਹ ਬੇਹੱਦ ਉਚੇ, ਲੰਮੇ ਕੱਦ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ। ਉਹਨਾਂ ਦਾ ਕੱਦ ਛੇ ਫੁੱਟ ਦੋ ਇੰਚ ਸੀ ਅਤੇ ਕੁੱਲੇ ਸਮੇਤ ਤੁਰਲੇ ਵਾਲੀ ਪੱਗ ਬੰਨ੍ਹ ਕੇ ਉਹਨਾਂ ਦੀ ਉਚਾਈ ਸੱਤ ਫੁੱਟ ਤੋਂ ਵੀ ਜ਼ਿਆਦਾ ਹੋ ਜਾਂਦੀ ਸੀ। ਆਪ ਆਪਣੇ ਜੱਦੀ ਪਿੰਡ ਚੈੜਾਂ ਨੂੰ ਛੱਡ ਕੇ ਪੱਕੇ ਤੌਰ ਤੇ ਫਗਵਾੜਾ ਦੇ ਮੁਹੱਲਾ ਸੰਤੋਖ ਪੁਰਾ ਵਿਖੇ ਆ ਵੱਸੇ। ਅੰਬੇਡਕਰੀ ਵਿਚਾਰਧਾਰਾ ਨਾਲ ਜੁੜਨ ਅਤੇ ਮਿਸ਼ਨ ਪ੍ਰਤੀ ਪ੍ਰਤੀਬੱਧਤਾ ਕਾਰਨ ਉਨ੍ਹਾਂ ਨੂੰ ਜ਼ਿੰਦਗੀ ਵਿਚ ਬੜਾ ਸੰਘਰਸ਼ ਕਰਨਾ ਪਿਆ। ਪਰ ਉਨ੍ਹਾਂ ਨੇ ਸਾਰੀ ਉਮਰ ਪੂਰੀ ਲਗਨ, ਇਮਾਨਦਾਰੀ ਅਤੇ ਪ੍ਰਪੱਕਤਾ ਨਾਲ ਅੰਬੇਡਕਰਵਾਦ 'ਤੇ ਪਹਿਰਾ ਦਿੱਤਾ। ਉਹ ਕਥਨੀ ਤੇ ਕਰਨੀ ਦੇ ਪੂਰੇ ਸਨ। ਹਜ਼ਾਰਾਂ ਸਾਲਾਂ ਤੋਂ ਅਛੂਤਾਂ ਨੂੰ ਗੁਲਾਮ ਬਣਾਈ ਰੱਖਣ ਲਈ ਧਰਮ ਅਤੇ ਸਿਆਸਤ ਵੱਲੋਂ ਫੈਲਾਏ ਰੂੜ੍ਹੀਵਾਦੀ ਭਰਮ-ਜਾਲ, ਕਰਮ-ਕਾਂਡ, ਅੰਧ-ਵਿਸ਼ਵਾਸ ਅਤੇ ਵਹਿਮਾਂ, ਭਰਮਾਂ ਦੇ ਉਹ ਸਖਤ ਵਿਰੋਧੀ ਸਨ। ਪ੍ਰੋਹਿਤਵਾਦ ਵੱਲੋਂ ਰਚੇ ਪਾਖੰਡਾਂ ਅਤੇ ਆਡੰਬਰਾਂ 'ਤੇ ਆਪਣੀ ਕਵਿਤਾ ਰਾਹੀਂ ਨਿਰੰਤਰ ਲੰਮਾ ਸਮਾਂ ਪ੍ਰਸਤੁਤੀ ਦੀ ਉਹਨਾਂ ਵਿਚ ਅਥਾਹ ਸਮਰੱਥਾ ਸੀ। ਆਪਣੀ ਬੁਲੰਦ ਆਵਾਜ਼, ਤਰਕਸ਼ੀਲ ਵਿਚਾਰਾਂ ਅਤੇ ਅਕੱਟ ਦਲੀਲਾਂ ਰਾਹੀਂ ਉਹ ਸਰੋਤਿਆਂ ਦੀਆਂ ਭਾਵਨਾਵਾਂ ਨੂੰ ਕੀਲਣ ਦੀ ਸ਼ਕਤੀ ਰੱਖਦੇ ਸਨ। ਨਿਧੜਕ ਜੀ ਦੀ ਕਵਿਤਾ ਸਮਾਜ ਦੇ ਅਤੀ ਗਰੀਬ, ਪੀੜਤ, ਸ਼ੋਸ਼ਿਤ ਵਰਗ ਅਤੇ ਇਸਤਰੀ ਸਮਾਜ ਦੀ ਦੁਰਦਸ਼ਾ, ਕਿਰਤੀ-ਕਿਸਾਨਾਂ ਦੇ ਹਉਕੇ-ਹਾਵਿਆਂ, ਤਨ ਢਕਣ ਲਈ ਪਹਿਨੀਆਂ ਪਾਟੀਆਂ ਲੀਰਾਂ, ਅਛੂਤ ਦੇ ਤਰਲਿਆਂ, ਝਿੜਕਾਂ, ਝਾੜਾਂ, ਸ਼ਰਮਿੰਦਗੀ, ਨਿਰਾਦਰੀ, ਬੇਇਨਸਾਫੀ, ਤੰਗੀਆਂ, ਤੁਰਸ਼ੀਆਂ, ਸਹਿਮੇ ਹੋਏ ਚਿਹਰਿਆਂ ਅਤੇ ਧਿਰਕਾਰੇ ਹੋਏ ਜੀਵਨ ਦੀ ਤਰਜਮਾਨੀ ਕਰਦੀ ਹੈ। ਉਹ ਵਰਤਮਾਨ ਨਿਗੁਣੀ ਰਾਜਨੀਤਿਕ ਆਜ਼ਾਦੀ ਤੇ ਵਿਅੰਗ ਕਸਦਿਆਂ ਸਮਾਜਿਕ ਤੇ ਆਰਥਿਕ ਆਜ਼ਾਦੀ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਵਿਅੰਗ, ਤਣਾਉ, ਚੋਟ ਤੇ ਚੁਣੌਤੀ ਉਸ ਦੇ ਕਾਵਿ ਦੀ ਪ੍ਰਮੁੱਖ ਜੁਗਤ ਹੈ। ਉਸਨੇ ਜਾਗੀਰਦਾਰੀ ਨਿਜ਼ਾਮ ਅਤੇ ਪ੍ਰੋਹਿਤਵਾਦ ਦੀਆਂ ਕਰੂਰ ਅਮਾਨਵੀ ਪ੍ਰਸਥਿਤੀਆਂ ਅਤੇ ਸਿਆਸ ਛਲ-ਤੰਤਰ ਨੂੰ ਆਪਣੇ ਕਾਵਿ ਵਿਚ ਚਿਤ੍ਰਿਤ ਕੀਤਾ ਹੈ।

ਡਾ. ਅੰਬੇਡਕਰ ਸਾਹਿਬ ਦੇ ਸਦੀਵੀ ਵਿਛੋੜੇ ਦੀ ਅਸਹਿ ਤੇ ਅਕਹਿ ਪੀੜਾ ਨੇ ਉਸ ਨੂੰ ਧੁਰ ਅੰਦਰੋਂ ਝੰਬ ਸੁੱਟਿਐ, ਪਰ ਉਹ ਆਸਵੰਦ ਹੈ ਕਿ ਅੰਬੇਡਕਰਵਾਦ ਨੂੰ ਆਪਣਾ ਕੇ ਅਛੂਤ ਵਰਗ ਆਪਣੀ ਦਸ਼ਾ ਅਤੇ ਦਿਸ਼ਾ ਨੂੰ ਪਰਿਵਰਤਿਤ ਕਰਕੇ ਲਹੂ ਪੀਣੀਆਂ ਸਰਮਾਏਦਾਰ ਜੋਕਾਂ ਤੋਂ ਮੁਕਤੀ ਪ੍ਰਾਪਤ ਕਰ ਲਏਗਾ। ਉਸ ਦੀ ਕਵਿਤਾ ਸਮਾਜ ਦੀਆਂ ਦਮਨ-ਪ੍ਰਵਿਰਤੀਆਂ ਦੇ ਵਿਰੁੱਧ ਬਗਾਵਤ ਦੀ ਕਵਿਤਾ ਹੈ, ਇਹ ਲੁੱਟੇ-ਪੁੱਟੇ ਅਤੇ ਹਾਰੇ ਹੋਏ ਮਨੁੱਖ ਨੂੰ ਉਤਸ਼ਾਹਿਤ ਕਰਦੀ ਨਿਰੰਤਰ ਸੰਘਰਸ਼ ਲਈ ਵੰਗਾਰਦੀ ਹੈ, ਪ੍ਰੇਰਿਤ ਕਰਦੀ ਹੈ।

ਸਾਰੰਸ਼ ਰੂਪ ਵਿਚ, ਉਸਦੀ ਕਵਿਤਾ ਅਖੌਤੀ ਪਾਰਲੌਕਿਕ ਸ਼ਕਤੀਆਂ ਅਤੇ ਇਸ ਨਾਲ ਜੁੜੀਆਂ ਬੇ-ਸਿਰ-ਪੈਰ ਮਿੱਥਾਂ ਅਤੇ ਆਡੰਬਰਾਂ ਵਿਰੁੱਧ ਵਿਦਰੋਹ ਦੀ ਗਾਥਾ ਹੈ।

**– ਡਾ ਜੀ. ਸੀ. ਕੌਲ (91-94632-23223)**

## ਬਾਗੀ ਹੋਣਾ ਦੱਸ ਗਿਆ

ਜਥੇਬੰਦ ਹੋ ਪੈਰਾਂ ਉਤੇ, ਆਪ ਖਲੋਣਾ ਦੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

ਭੀਮ ਤੂੰ ਇਸ ਧਰਤੀ ਉਤੇ, ਬੀਜ ਕੋਈ ਐਸਾ ਬੋ ਦਿੱਤਾ।
ਸੜਿਆ ਬੁਸਿਆ ਸਦੀਆਂ ਦਾ, ਤੈਂ ਉਹ ਵੀ ਫੜਕੇ ਧੋ ਦਿੱਤਾ।

ਪੈਰਾਂ ਦੇ ਵਿਚ ਰੁਲਦਾ ਮੋਤੀ, ਤੈਂ ਲੜੀ ਦੇ ਵਿਚ ਪਰੋ ਦਿੱਤਾ।
ਭਾਰਤ ਦੀ ਤਕਦੀਰ ਬਣਾ ਕੇ, ਢੋਅ ਕਿਸੀ ਨੂੰ ਢੋਅ ਦਿੱਤਾ।

ਗਿਆਨ ਗੈਸ ਦੀ ਜੋਤ ਜਗਾ ਕੇ, ਫੇਰ ਕਿਉਂ ਸਾਥੋਂ ਨੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

ਪਤਾ ਨਹੀਂ ਤੇਰੇ ਦਿਲ ਦੇ ਅੰਦਰ, ਕਿਉਂ ਗਰੀਬੀ ਵਸਦੀ ਸੀ।
ਜਦ ਲਿਖਦਾ ਤਦਬੀਰਾਂ ਨੂੰ, ਤਕਦੀਰ ਵੀ ਤੈਥੋਂ ਨੱਸਦੀ ਸੀ।

ਜਾਣੀ ਜਾਣ ਸੀ ਦੁਨੀਆਂ ਦਾ ਤੂੰ, ਕਲਮ ਤੇਰੀ ਇਹ ਦੱਸਦੀ ਸੀ।
ਗਾਂਧੀ ਦੀ ਤੂੰ ਜਾਨ ਬਚਾਈ, ਅਜਬ ਤੇਰੀ ਕੋਈ ਹਸਤੀ ਸੀ।

ਜਾਂਦਾ ਹੋਇਆ ਦੁਨੀਆਂ ਵਿਚੋਂ, ਰਸਤਾ ਸੋਹਣਾ ਦੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

ਇੱਕੀ ਸਾਲ ਮਰਨੇ ਤੋਂ ਪਹਿਲੇ, ਕਸਮ ਤੈਂ ਐਸੀ ਖਾਧੀ।
ਹਿੰਦੂ ਧਰਮ ਵਿਚ ਨਹੀਂ ਮਰਾਂਗਾ, ਹਿੰਦੂ ਧਰਮ ਅਪਰਾਧੀ।

ਬੁੱਧ ਧਰਮ ਜਾਂ ਤੈਂ ਅਪਣਾਇਆ, ਕਰਨ ਫਸਾਦ ਫਸਾਦੀ।
ਪਰ ਜਿੰਦਰੇ ਮਾਰ ਕੇ ਭੀਮ ਸਿਆਣਾ, ਪਾਸ ਲੈ ਗਿਆ ਚਾਬੀ।

ਸੀਸ ਤਲੀ ਧਰ ਗਲੀ ਵਿਚ ਆਓ, ਅੱਗੇ ਖੜ੍ਹੀ ਆਜ਼ਾਦੀ।
ਮਾਰਚ ਕਰਦਾ ਜਾਈਂ 'ਨਿਧੜਕਾ' ਮੰਜ਼ਿਲ ਬਹੁਤ ਦੁਰਾਡੀ।

ਅੰਨ੍ਹਿਆਂ ਦੇ ਹੱਥ ਡੰਡਾ ਫੜਾ ਕੇ, ਰਸਤਾ ਟੋਹਣਾ ਦੱਸ ਗਿਆ।
ਝੰਡਾ ਚੁੱਕ ਬਗਾਵਤ ਦਾ, ਤੂੰ ਬਾਗੀ ਹੋਣਾ ਦੱਸ ਗਿਆ।

**– ਚਰਨ ਦਾਸ ਨਿਧੜਕ**

## ਬਖਸ਼ ਗਿਆ ਇਨਸਾਨੀ

ਨਾ ਵਰਜੀ ਨੀ ਭਾਬੀ ਮੈਨੂੰ, ਮੈਂ ਹਾਂ ਭੀਮ ਦੀਵਾਨੀ।
ਉਹ ਸਾਨੂੰ ਇਨਸਾਨ ਬਣਾ ਕੇ, ਬਖਸ਼ ਗਿਆ ਇਨਸਾਨੀ।
ਸਾਡੀ ਖਾਤਰ ਵਿਚ ਵਲੈਤਾਂ ਜਾ 'ਕੱਲਾ ਹੀ ਖੜ੍ਹਿਆ।
ਹੱਕ ਅਸਾਂ ਦੇ ਲੈਣੇ ਖਾਤਰ ਵਿਚ ਮੈਦਾਨੀ ਲੜਿਆ।
ਜਦ ਉਸ ਆਪਣੇ ਹੱਕ ਮੰਗ ਲਏ ਕੋਈ ਨਾ ਮੂਹਰੇ ਅੜਿਆ।
ਜੁਦਾਗਾਨਾ ਮੰਗੀ ਨਿਆਮਤ ਗਾਂਧੀ ਅੰਦਰੋਂ ਸੜਿਆ।
ਛਲਬਾਜ਼ੀ ਕਰ ਗਿਆ ਛਲੇਡਾ ਸਬਕ ਸ਼ੈਤਾਨੀ ਪੜ੍ਹਿਆ।
ਮਰਨ ਵਰਤ ਰੱਖ ਲਿਆ ਉਸ ਨੇ ਜੇਲ੍ਹ ਪੂਨੇ ਦੀ ਵੜਿਆ।
ਮੈਂ ਰੋਵਾਂ ਤੂੰ ਖਿੜ-ਖਿੜ ਹੱਸੇਂ ਕਰਕੇ ਅੱਖ ਮਸਤਾਨੀ।
ਨਾ ਤੂੰ ਪਹੁੰਚੀ ਵਿਚ ਸਕੂਲਾਂ ਕੀ ਤੇਰੀ ਜ਼ਿੰਦਗਾਨੀ।
ਨਾ ਤੂੰ ਪੜ੍ਹੀ ਮਨੂੰ-ਸਿਮਰਤੀ ਨਾ ਤੂੰ ਬਣੀ ਸਿਆਣੀ।
ਭਾਬੀ ਉਹ ਸਾਨੂੰ ਇਨਸਾਨ ਬਣਾ ਕੇ ਬਖਸ਼ ਗਿਆ ਇਨਸਾਨੀ।
ਗੱਲ ਵਿਚ ਪੱਲਾ ਪਾ ਕਸਤੂਰਾਂ ਭੀਮ ਦੁਆਰੇ ਆਈ।
ਜੋ ਕੁਝ ਬੀਤੀ ਨਾਲ ਉਸਦੇ ਸਾਰੀ ਖੋਲ੍ਹ ਸੁਣਾਈ।
ਦੇਸ਼ ਦੀ ਦੇਵੀ ਰੰਡੀ ਕਰਦਾਂ ਕੀ ਤੇਰੀ ਵਡਿਆਈ।
ਜੋ ਕੁਝ ਲੈਣਾ ਲੈ ਲੈ ਮੈਥੋਂ ਭੱਜੀ ਫਿਰੇ ਲੋਕਾਈ।
ਅਕਲਾਂ ਵਾਲਿਆ ਦੇਸ਼ ਬਚਾ ਲੈ ਮੈਂ ਤੇਰੇ ਕੋਲ ਆਈ।
ਤਿੰਨ ਟੁਕੜੇ ਜੇ ਹੋ ਗਏ ਦੇਸ਼ ਦੇ ਹੋ ਜਾਊ ਦੇਸ਼ ਤਬਾਹੀ।
ਗਾਂਧੀ ਦੀ ਤੂੰ ਜਾਨ ਬਖਸ਼ ਦੇ ਮੇਰੀ ਰਾਮ ਦੁਹਾਈ।
ਲਿਖਣੇ ਜੋਗਾ ਕਾਗਜ਼ ਮੰਗਵਾਇਆ ਕਲਮ ਜੋਗੀ ਕਾਨੀ।
ਕੁਝ ਗੱਲਾਂ ਵਿਧਾਨ 'ਚ ਲਿਖ ਗਿਆ ਕੁਝ ਕਹਿ ਗਿਆ ਮੂੰਹ ਜ਼ੁਬਾਨੀ।
ਤਕੜੇ ਹੋ ਪੈਰਾ 'ਤੇ ਖੜ੍ਹ ਜਾਓ ਕਿਤੇ ਹੋ ਨਾ ਜਾਏ ਸ਼ੈਤਾਨੀ।
ਭਾਬੀ ਉਹ ਸਾਨੂੰ ਇਨਸਾਨ ਬਣਾ ਕੇ ਬਖਸ਼ ਗਿਆ ਇਨਸਾਨੀ।
ਟੁੱਟ ਗਈਆਂ ਮੇਰੇ ਦਿਲ ਦੀਆਂ ਤਾਰਾਂ ਇਹ ਜੋੜ ਕੋਈ ਨਾ ਸੱਕੇ।
ਜਦ ਡੋਲੀ ਚੁੱਕ ਲਈ ਕਹਾਰਾਂ ਮੋੜ ਕੋਈ ਨਾ ਸੱਕੇ।
ਇਸ ਦੁਨੀਆਂ ਦੇ ਝੂਠੇ ਯਰਾਨੇ ਲੋੜ ਕੋਈ ਨਾ ਰੱਖੇ।
ਬਿਨ੍ਹਾਂ ਭੀਮ ਦੇ ਆਹ ਬਿਖਰੇ ਮੋਤੀ ਜੋੜ ਕੋਈ ਨਾ ਸੱਕੇ।
ਰੱਬ ਖੁਦਾ ਪਰਮੇਸ਼ਰ ਏਥੇ ਕਰਦੇ ਰਹੇ ਮਨਮਾਨੀ।

**– ਚਰਨ ਦਾਸ ਨਿਧੜਕ**

## ਦੁਖੀ ਭੈਣ ਦੀ ਪੁਕਾਰ

ਭੀਮ ਰਾਓ ਆ ਕੇ ਸਾਨੂੰ ਮੁੱਖੜਾ ਦਿਖਾ ਵੇ,
ਦੁੱਖਾਂ ਦੀ ਕਹਾਣੀ ਤੈਨੂੰ ਦਿਆਂ ਮੈਂ ਸੁਣਾ ਵੇ।
ਠੰਡੀ-ਠੰਡੀ ਹਵਾ ਕਿਤੇ ਮੁੜਕੇ ਵਗਾ ਵੇ,
ਠੰਡੀ ਠੰਡੀ ਹਵਾ ....।

ਚੰਦਰੇ ਸਮਾਜ ਨੇ ਹੈ ਅਸਾਂ ਨੂੰ ਲਤਾੜਿਆ,
ਬਿਨਾਂ ਆਈ ਮੌਤ ਸਾਨੂੰ ਜੀਊਂਦਿਆਂ ਨੂੰ ਮਾਰਿਆ।
ਦੁੱਖਾਂ ਦੇ ਪਹਾੜ ਦਿੱਤੇ ਅਸਾਂ ਉਤੇ ਢਾਅ ਵੇ,
ਠੰਡੀ-ਠੰਡੀ ਹਵਾ ਕਿਤੇ ਮੁੜਕੇ ਵਗਾ ਵੇ,
ਠੰਡੀ ਠੰਡੀ ਹਵਾ ....।

ਪੈ ਰਹੀ ਸੰਸਾਰ ਦੀ ਇਸ ਜ਼ਿੰਦਗੀ ਦੀ ਸ਼ਾਮ ਏ,
ਮਿਲਦਾ ਹਵਾ ਦੇ ਵਿਚੋਂ ਮੌਤ ਦਾ ਪੈਗਾਮ ਏ।
ਦੁੱਖਾਂ ਮਾਰਿਆਂ ਨੂੰ ਆਉਂਦਾ ਕੋਈ ਕੋਈ ਸਾਹ ਵੇ,
ਠੰਡੀ ਠੰਡੀ ਹਵਾ ਕਿਤੇ ਮੁੜਕੇ ਵਗਾ ਵੇ।
ਠੰਡੀ ਠੰਡੀ ਹਵਾ ....।

ਜੀਂਦਿਆਂ ਨੂੰ ਚਿਖਾ ਵਿਚ ਪੈਰ ਧਰਨਾ ਪੈ ਗਿਆ,
ਕੋਮਲਾਂ ਨੂੰ ਕੋਲਿਆਂ 'ਤੇ ਪੰਧ ਕਰਨਾ ਪੈ ਗਿਆ।
ਸੜਦੀਆਂ ਜਵਾਨੀਆਂ ਨੂੰ ਲਵੀਂ ਤੂੰ ਬਚਾ ਵੇ,
ਠੰਡੀ ਠੰਡੀ ਹਵਾ ਕਿਤੇ ਮੁੜਗੇ ਵਗਾ ਵੇ।
ਠੰਡੀ ਠੰਡੀ ਹਵਾ ....।

ਲੁੱਟ ਲਿਆ ਦੇਸ਼ ਅੱਜ ਦੇਸ਼ ਦੇ ਪੁਜਾਰੀਆਂ,
ਰੋਟੀ ਪਿੱਛੇ ਵਿਕਦੀਆਂ ਸੱਧਰਾਂ ਕੁਆਰੀਆਂ।
ਕੂਕਦਾ ਨਿਧੜਕ ਕੋਈ ਚਲਦੀ ਨਾ ਵਾਹ ਵੇ,
ਠੰਡੀ ਠੰਡੀ ਹਵਾ ਕਿਤੇ ਮੁੜਕੇ ਵਗਾ ਵੇ।
ਠੰਡੀ ਠੰਡੀ ਹਵਾ ....।

ਭੀਮ ਰਾਓ ਆ ਕੇ ਸਾਨੂੰ ਮੁੱਖੜਾ ਦਿਖਾ ਵੇ,
ਦੁੱਖਾਂ ਦੀ ਕਹਾਣੀ ਤੈਨੂੰ ਦਿਆਂ ਮੈਂ ਸੁਣਾ ਵੇ।
ਠੰਡੀ ਠੰਡੀ ਹਵਾ ਕਿਤੇ ਮੁੜਗੇ ਵਗਾ ਵੇ।
ਠੰਡੀ ਠੰਡੀ ਹਵਾ ....।

**– ਚਰਨ ਦਾਸ ਨਿਧੜਕ**

## ਅਛੂਤ ਦੀ ਜ਼ਿੰਦਗੀ

ਅਛੂਤਾ ਤੇਰੀ ਜ਼ਿੰਦਗੀ, ਇਹ ਜੀਣੇ ਦੀ ਨਾਹੀਉਂ ਜ਼ਿੰਦਗੀ,
ਇਹ ਹਉਕਿਆਂ ਦੀ ਜ਼ਿੰਦਗੀ, ਇਹ ਤਰਲਿਆਂ ਦੀ ਜ਼ਿੰਦਗੀ।

ਦੁੱਖਾਂ ਦੀ ਤੇਰੀ ਜ਼ਿੰਦਗੀ, ਰੰਜਾਂ ਦੀ ਤੇਰੀ ਜ਼ਿੰਦਗੀ,
ਉਏ ਦੇਖ ਤੇਰੀ ਜ਼ਿੰਦਗੀ, ਆਉਂਦੀ ਪਈ ਸ਼ਰਮਿੰਦਗੀ।

ਝਿੜਕਾਂ ਤੇ ਝਾੜਾਂ ਪੈਂਦੀਆਂ, ਕਈਆ ਤੋਂ ਮਾਰਾਂ ਪੈਂਦੀਆਂ,
ਦੇਖ ਜੀਵਨ ਆਪਣਾ, ਕਿਉਂ ਨਹੀਂ ਵਿਚਾਰਾਂ ਪੈਂਦੀਆਂ।

ਕੀ ਇਹ ਸਿੱਧੀਆਂ ਬੇਇਨਸਾਫੀਆਂ, ਤੇਰੇ ਲਈ ਹੀ ਬਣ ਗਈਆਂ,
ਗਾਲ੍ਹੀਆਂ ਬੇਇਜ਼ਤੀਆਂ ਸੰਗ, ਆਂਦਰਾਂ ਵੀ ਛਣ ਗਈਆਂ।

ਡਰਿਆ ਹੋਇਆ, ਉਲਝਿਆ, ਧਿਰਕਾਰਿਆ ਜੀਵਨ ਤੇਰਾ,
ਤੰਗੀਆਂ ਦੀ ਅੱਗ ਨੇ, ਹੈ ਸਾੜਿਆ ਜੀਵਨ ਤੇਰਾ।

ਲਾਲ ਤੇਰੇ ਬੁਰਕੀ ਟੁੱਕ ਨੂੰ ਪਏ ਵਿਲਕਦੇ,
ਔਹ ਵਿਹਲੜਾਂ ਦੇ ਬੱਚਿਆਂ ਦੇ ਮਾਸ ਗਲੋਂ ਢਿਲਕਦੇ।

ਤੇਰੇ ਹਿੱਸੇ ਦੀ ਖੰਡ ਲੋਕੀਂ ਰਾਹ ਵਿਚ ਹੀ ਖਾ ਗਏ,
ਤੇਰੇ ਹਿੱਸੇ ਦਾ ਕੱਪੜਾ ਉਹ ਖੱਦਰ ਨਾਲ ਵਟਾ ਗਏ।

ਬਹੁਤੀਆਂ ਜੋਕਾਂ ਅਛੂਤਾ ਲਹੂ ਤੇਰਾ ਪੀਂਦੀਆਂ,
ਔਹ ਮੋਈਆਂ ਜੋ ਗੋਗੜਾਂ ਤੇਰੇ ਸਹਾਰੇ ਜੀਂਦੀਆਂ।

ਤੇਰਿਆਂ ਪੈਰਾਂ 'ਚ ਪਈਆਂ ਗੁਲਾਮੀ ਦੀਆਂ ਬੇੜੀਆਂ,
ਏਹ ਮੋਟੀਆਂ ਨੇ ਬੇੜੀਆਂ, ਏਹ ਭਾਰੀਆਂ ਨੇ ਬੇੜੀਆਂ।

ਇਕੱਠੇ ਹੋ ਕੇ ਲੜਨ ਬਿਨਾ, ਏਹ ਲੈਹਣੀਆਂ ਨਹੀਂ ਬੇੜੀਆਂ,
ਉੱਠ ਏਕੇ ਦੀ ਮਾਰ ਸੱਟ, ਇਹ ਟੁੱਟ ਜਾਵਣ ਬੇੜੀਆਂ।

ਇਕੱਠੇ ਹੋ ਕੇ ਸਭ ਗੁਲਾਮੋ, ਜੁੱਗ ਨੂੰ ਪਲਟਾ ਦਿਉ,
ਜ਼ੋਰ ਤੇ ਇਸ ਜ਼ੁਲਮ ਵਾਲੀ ਰਾਤ ਨੂੰ ਸਰਕਾ ਦਿਉ।
ਪਲਟਾ ਦਿਉ ਸਾਰੀ ਦੁਨੀਆਂ, ਪਲਟਾ ਦਿਉ ਸਾਰਾ ਜਹਾਨ।

**– ਚਰਨ ਦਾਸ ਨਿਧੜਕ**

## ਹੌਲੀ ਹੌਲੀ ਰੋ ਕੁੜੀਏ

ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ਮਨਜੀਤ ਕੁੜੇ।
ਹੱਕ ਅਸਾਂ ਦੇ ਖਾ ਗਏ ਜਾਬਰ, ਨਹੀਂ ਜੰਮਣਾ ਕੋਈ ਭੀਮ ਬਰਾਬਰ।
ਇਹ ਉਮਰਾਂ ਦਾ ਪੈ ਗਿਆ ਰੋਣਾ, ਭੀਮ ਜਿਹਾ ਨਹੀਂ ਪੈਦਾ ਹੋਣਾ।
ਤੂੰ ਹੰਝੂਆਂ ਦੇ ਹਾਰ ਪਰੋ ਕੁੜੀਏ ਨੀ,
ਲੱਗੇ ਦਾਗ ਜਿਗਰ ਦੇ ਧੋ ਕੁੜੀਏ ਨੀ।
ਤੂੰ ਹੌਲੀ-ਹੌਲੀ ਰੋ ਕੁੜੀਏ ਨੀ, ਹੌਲੀ-ਹੌਲੀ ਰੋ ਮਨਜੀਤ ਕੁੜੇ।
ਨਾ ਉਹਦੀ ਅਮੜੀ ਨਾ ਉਹਦਾ ਭਾਈ,
ਭੀਮ ਨੂੰ ਰਾਤ 'ਕੱਲੇ ਨੂੰ ਆਈ।
ਮੌਤ ਨਿਮਾਣੀ ਨੇ ਝੱਪਟ ਮਾਰ ਕੇ, ਲਿਆ ਅਸਾਂ ਤੋਂ ਖੋਹ ਕੁੜੀਏ ਨੀ।
ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ਮਨਜੀਤ ਕੁੜੇ।
ਇਹ ਦੁਨੀਆਂ ਚੋਰਾਂ ਦੀ ਮੰਡੀ, ਵਿੰਗ ਧੜੰਗੀ ਹੈ ਪਗਡੰਡੀ।
ਤੇਰਾ ਦੀਪਕ ਕਿਸੇ ਬੁਝਾਇਆ।
ਹੁਣ ਕਿੱਥੋਂ ਢੂੰਡਦੀ ਲੋਅ ਕੁੜੀਏ ਨੀ।
ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ...।
ਕਿਨ ਰੋਂਦੀ ਨੂੰ ਚੁੱਪ ਕਰਾਉਣਾ,
ਬਿਨਾ ਭੀਮ ਤੈਨੂੰ ਕਿਨ ਸਮਝਾਉਣਾ।
ਰੋ ਰੋ ਨੈਣ ਗੁਆ ਨਾ ਬੈਠੀਂ, ਫਿਰ ਰਸਤਾ ਟੁਰੇਂਗੀ ਟੋਹ ਕੁੜੀਏ ਨੀ।
ਹੌਲੀ ਹੌਲੀ ਰੋ ਕੁੜੀਏ ਨੀ, ਹੌਲੀ ਹੌਲੀ ਰੋ ...।
ਪੂੰਜੀਪਤੀ ਜੋ ਦੁਨੀਆਂ ਵਾਲੇ, ਮੂੰਹ ਦੇ ਗੋਰੇ ਦਿਲ ਦੇ ਕਾਲੇ।
ਵੱਸ ਵਿਚ ਲੈ ਕੇ ਜਿੰਦੜੀ ਕਿਸੇ ਦੀ,
ਦਿੰਦੇ ਨੇ ਤੀਰ ਖੁਭੋ ਕੁੜੀਏ ਨੀ।
ਤੂੰ ਹੌਲੀ ਹੌਲੀ ਰੋ ਮਨਜੀਤ ਕੁੜੇ, ਹੌਲੀ ਹੌਲੀ ਰੋ ਕੁੜੀਏ ਨੀ।
ਭੀਮ ਦਾ ਰਸਤਾ ਛੋੜ ਨਾ ਬੈਠੀਂ,
ਦੇਖੀਂ ਬੇੜੀਆਂ ਰੋੜ੍ਹ ਨਾ ਬੈਠੀਂ।
ਮੰਜ਼ਲ ਤੇਰੀ ਦੂਰ ਨਿਧੜਕਾ,
ਤੇਰਾ ਜਾਏ ਨਾ ਕਦਮ ਖਲੋ ਕੁੜੀਏ ਨੀ।
ਹੱਕ ਅਸਾਂ ਦੇ ਖਾ ਗਏ ਜਾਬਰ,
ਨਹੀਂ ਜੰਮਣਾ ਕੋਈ ਭੀਮ ਬਰਾਬਰ।
ਤੂੰ ਹੰਝੂਆਂ ਦੇ ਹਾਰ ਪਰੋ ਕੁੜੀਏ ਨੀ,
ਹੌਲੀ ਹੌਲੀ ਰੋ ਕੁੜੀਏ ਨੀ,
ਹੌਲੀ ਹੌਲੀ ਰੋ ਮਨਜੀਤ ਕੁੜੇ ..।

**– ਚਰਨ ਦਾਸ ਨਿਧੜਕ**

## ਭੀਮ ਰਾਓ ਜੀ ਮਰਨਾ ਤੇਰਾ

ਭੀਮ ਰਾਓ ਜੀ ਮਰਨਾ ਤੇਰਾ, ਇਹ ਜਨਤਾ ਨੂੰ ਮਾਰ ਗਿਆ।
ਤੂੰ ਜੋ ਕਹਿੰਦਾ ਸੀ ਕਰ ਦਿਖਾਇਆ, ਪੂਰੇ ਕਰ ਇਕਰਾਰ ਗਿਆ।
ਵਿਚ ਸਮੁੰਦਰ ਬੇੜੀ ਮੇਰੀ, ਕਿਹੜੀ ਗੱਲੋਂ ਛੋੜ ਗਿਆ।
ਨਾਲ ਤੂੰ ਸਾਡੇ ਗੁੱਸੇ ਹੋ ਕੇ, ਅੱਜ ਕਿਉਂ ਮੁੱਖੜਾ ਮੋੜ ਗਿਆ।
ਫਰਜ਼ ਤੇਰਾ ਸੀ ਬੰਨੇ ਲਾਉਂਣੀ, ਕਾਹਨੂੰ ਛੱਡ ਵਿਚਕਾਰ ਗਿਆ।
ਭੀਮ ਰਾਓ ਜੀ ਮਰਨਾ ਤੇਰਾ ...।

ਕਈ ਹਜ਼ਾਰਾਂ ਵਰਸਾਂ ਏਥੇ, ਤੇਰੇ ਜੈਸਾ ਲੱਭਣਾ ਨਹੀਂ।
ਭਰੀ ਸਭਾ ਵਿਚ ਵਾਂਗ ਸ਼ੇਰ ਦੇ, ਹੋਰ ਕਿਸੇ ਨੇ ਗੱਜਣਾ ਨਹੀਂ।
ਦੁਖੀ ਹੋ ਰੋਂਦੇ ਸਭ ਨਰ ਨਾਰੀ, ਕਿਉਂ ਨਾ ਦੁੱਖ ਨਿਵਾਰ ਗਿਆ।
ਤੂੰ ਜੋ ਕਹਿੰਦਾ ਸੀ ਕਰ ਦਿਖਾਇਆ ... ।
ਭੀਮ ਰਾਓ ਜੀ ਮਰਨਾ ਤੇਰਾ .... ।

ਔਹ ਗੁੰਡੇ ਤੇਰਾ ਬਾਗ ਉਜਾੜਨ, ਨਾ ਪੱਤ ਛਡਿਆ ਨਾ ਡਾਲੀ।
ਬੁਲ-ਬੁਲ ਬੈਠੀ ਸ਼ੋਰ ਮਚਾਵੇ, ਕਿੱਥੇ ਗਿਆ ਬਾਗ ਦਾ ਮਾਲੀ।
ਬੂਟੇ ਰੋਂਦੇ, ਪੰਛੀ ਰੋਂਦੇ, ਕਿੱਥੇ ਹੈ ਸਰਦਾਰ ਗਿਆ।
ਤੂੰ ਜੋ ਕਹਿੰਦਾ ਸੀ ਕਰ ਦਿਖਾਇਆ ....।
ਭੀਮ ਰਾਓ ਜੀ ਮਰਨਾ ਤੇਰਾ ...।

ਕਹੇ ਨਿਧੜਕ ਤੂੰ ਜੋਤ ਇਲਾਹੀ, ਕਿੱਥੇ ਜਾ ਜਗਾਈ ਏ।
ਆਪ ਤੂੰ ਸੌਂ ਗਿਆ ਸੁੱਖ ਦੀ ਨੀਂਦੇ, ਦੁਨੀਆਂ ਮਰਨ ਤੇ ਆਈ ਏ।
ਨਾਲ ਪਹਾੜਾਂ ਟੱਕਰ ਲਾ ਕੇ ਖੜ੍ਹਕੇ ਇਹ ਲਲਕਾਰ ਗਿਆ।
ਜੋ ਕਹਿੰਦਾ ਸੀ ਕਰ ਦਿਖਾਇਆ,
ਤੂੰ ਪੂਰੇ ਕਰ ਇਕਰਾਰ ਗਿਆ।
ਭੀਮ ਰਾਓ ਜੀ ਮਰਨਾ ਤੇਰਾ,
ਇਹ ਜਨਤਾ ਨੂੰ ਮਾਰ ਗਿਆ।

**– ਚਰਨ ਦਾਸ ਨਿਧੜਕ**

# ਪ੍ਰਸਿੱਧ ਸ਼ਾਇਰ ਮਦਨ ਵੀਰਾ ਦੀਆਂ ਕੁਝ ਰਚਨਾਵਾਂ ਦੀ ਝਲਕ

## ਅੱਗ ਦਾ ਵਰਦਾਨ

ਪਿੰਡਾ ਜਾਣਦਾ ਹੈ
ਜਾਣਦਾ ਹੈ ਕਿ-ਮਾਸੂਮ ਕੰਜਕ ਨੂੰ
ਕੋਹਦੇ ਰਹੇ ਹਵਸ ਦੇ ਅੰਨ੍ਹੇ ਦਰਿੰਦੇ
ਇੱਕ ਘੁੱਗੀ ਦਾ ਮਾਸ
ਨੋਚਦੇ ਰਹੇ ਮਾਸਾਹਾਰੀ ਸ਼ਿਕਰੇ
ਪਰ ਕੋਈ ਨਹੀ ਬਹੁੜਿਆ
ਸ਼ਾਮ ਬਣਕੇ
ਕੋਈ ਨਹੀਂ ਆਇਆ ਰਾਮ ਬਣਕੇ
ਪਰ ਪਿੰਡ ਨੂੰ ਨਹੀਂ ਸੀ ਇਲਮ
ਨਹੀਂ ਜਾਣਦਾ ਸੀ ਪਿੰਡ
ਕਿ ਜ਼ਖਮੀ ਜੋਤੀ ਪਰਤੇਗੀ
ਪਰਤੇਗੀ ਜਵਾਲਾ ਦੇ ਵੇਸ 'ਚ
ਫੱਟੜ ਸ਼ੀਹਣੀ ਦੇ ਭੇਸ 'ਚ
ਆਏਗੀ ਆਖਰੀ ਵਾਰ
ਹੋਣੀ ਦੇ ਰੱਥ ਉੱਤੇ ਹੋ ਕੇ ਸਵਾਰ
ਆਏਗੀ ਪਿੰਡ ਦੀ ਮਛੋਰ ਧੀ
ਇੱਕ ਬਦਕਿਸਮਤ ਭੈਣ
ਆਏਗੀ ਇੱਕ ਅਭਾਗਣ
ਬੇਜ਼ਮੀਰੇ-ਬੇਅਣਖੇ
ਪਿੰਡ ਨੂੰ ਦਾਗਣ
ਆਪਣਾ ਸਾਰਾ ਰੋਸ
ਆਪਣਾ ਸਾਰਾ ਜੋਸ਼
ਬਰੂਦ ਵਿੱਚ ਭਰਕੇ
ਲਹੂ ਦੀ ਨਦੀ 'ਚ ਡੁੱਬਕੇ-ਤਰਕੇ
ਮਾਰੇਗੀ ਆਵਾਜ਼
ਸਦਮੇ ਨਾਲ ਮਰ ਗਏ ਬਾਪ ਨੂੰ
ਭੁਗਤੇਗੀ ਇੱਕ ਵਾਰ ਫੇਰ ਸਰਾਪ ਨੂੰ
ਭਿੱਜੀਆਂ ਅੱਖਾਂ ਨਾਲ ਭਾਲ਼ੇਗੀ
ਵਿਹੜੇ ਦੀ ਛਾਂ ਨੂੰ
ਸਦਮੇ ਨਾਲ ਬੁੱਤ ਹੋ ਗਈ
ਲਾਚਾਰ ਮਾਂ ਨੂੰ
ਲੱਭੇਗੀ ਮਾਂ ਜਾਏ
ਮਾਂ-ਜਾਏ ਨੂੰ
ਜੋ ਨਮੋਸ਼ੀ ਦੇ ਸੱਲ 'ਚ
ਖੁਦਕਸ਼ੀ ਕਰ ਗਿਆ ਸੀ
ਰੇਲ ਦੀ ਪਟੜੀ
ਤਰ ਕਰ ਗਿਆ ਸੀ
ਪਛਾਣੇਗੀ ਗਲ਼ੀ ਗੁਆਂਢ ਦੇ ਜੀਆਂ ਨੂੰ
ਸ਼ਰਮਿੰਦਗੀ ਨਾਲ
ਮੂੰਹ ਛਪਾਉਂਦੇ ਬਜ਼ੁਰਗਾਂ ਨੂੰ
ਕਾਵਾਂ ਚੂਹਿਆਂ ਦੇ ਮਕਰ-ਜਾਲ 'ਚ
ਫਸਦੀਆਂ-ਫਟਕਦੀਆਂ ਧੀਆਂ ਨੂੰ
ਕੰਬਦੀ ਡੰਗੋਰੀ ਦੇ ਪੂੰਝੇਗੀ ਅੱਥਰੂ
ਦਏਗੀ ਦਿਲਾਸਾ
ਕੂੰਜਾਂ ਨੂੰ ਦਏਗੀ ਧਰਵਾਸਾ
'ਤੇ ਉਹਦੀ 'ਪੱਕੀ ਕਚਹਿਰੀ' ਦਾ
ਅੱਗ ਦੇ ਹਰਫ਼ਾਂ ਨਾਲ ਲਿਖਿਆ
ਜ਼ਾਰੀ ਹੋਵੇਗਾ ਫਰਮਾਨ
ਕਿ ਅੱਗੇ 'ਤੋਂ ਕੋਈ ਕੰਜਕ
ਚੂਹਿਆਂ ਦੇ ਭੈਅ ਤੋਂ
ਜਾਂ ਕਾਵਾਂ ਦੇ ਡਰ ਤੋਂ
ਨਹੀਂ ਛੱਡੇਗੀ
ਆਪਣੇ ਹਿੱਸੇ ਦਾ ਅਸਮਾਨ
ਨਮੋਸ਼ੀ ਨਾਲ ਨਹੀਂ ਮੋਏਗਾ
ਕੋਈ ਬਾਬਲ
ਤੇ ਸਦਮੇ ਦੇ ਸੱਲ ਨਾਲ
ਪੱਥਰ ਨਹੀਂ ਹੋਣਗੇ
ਕਿਸੇ ਮਾਂ ਦੇ ਅਰਮਾਨ
'ਤੇ ਨਾ ਹੀ ਰੇਲ ਦੀ ਰੰਗੇਗਾ ਪਟੜੀ
ਕੋਈ ਬੇਵਸ ਨੌਜਵਾਨ ।



ਮਦਨ ਵੀਰਾ
91-94176-83769

## ਲ਼ੋਹੇ ਦੀ ਚਿੱਪਰ

ਲੋਹੇ ਦੀ ਇੱਕ ਚਿੱਪਰ
ਤੇਰੇ ਕੋਲ ਸੀ
ਇੱਕ ਚਿੱਪਰ ਮੇਰੇ ਕੋਲ
ਤੂੰ ਬਣਾ ਲਿਆ ਉਸਦਾ ਹਥਿਆਰ
ਬਣ ਗਿਆ ਮੇਰਾ ਰਾਖਾ
ਰਾਖੇ ਤੋਂ ਰਹਿਬਰ ੩੩
ਮੈਂ ਬਣਾ ਲਿਆ ਹਲ ਦਾ ਫਾਲ
ਵਾਹ ਲਈ ਪੈਲੀ
ਬੀਜ ਲਈ ਫ਼ਸਲ
ਤੇਰੇ ਹਥਿਆਰ ਜਿੱਥੇ ਵੀ ਲਿਸ਼ਕੇ
ਜਿੱਥੇ ਵੀ ਚਮਕੇ
ਥਾਂ ਤੇਰੀ ਹੋ ਗਈ
ਮੈਂ ਜਿੱਥੇ ਵੀ ਸਿਆੜ ਕੱਢੇ
ਬੀਜ ਪਾਇਆ
ਹਰਿਆਵਲ ਫੁੱਟ ਪਈ
ਧਰਤੀ ਹਰੀ ਭਰੀ ਹੋ ਗਈ
ਹੁਣ ਤੇਰੇ ਬਰੂਦ ਦੀ ਮੁਸ਼ਕ ਨਾਲ
ਹਥਿਆਰਾਂ ਦੀ ਲਿਸ਼ਕ ਨਾਲ
ਮੱਧਮ ਪੈ ਗਈ ਹੈ ਖੇਤਾਂ ਦੀ ਹਰਿਆਵਲ
ਪੂਣ ਕੱਤਦੀਆਂ ਦੋਧੀਆ ਛੱਲੀਆਂ 'ਚੋਂ
ਸੁੱਕ ਰਿਹਾ ਹੈ ਰਸ
ਤਾਂ ਮੇਰੇ ਹਲ ਦਾ ਘਸਿਆ ਫਾਲ
ਨਾ ਸੰਦ ਬਣ ਰਿਹਾ ਹੈ
ਨਾ ਢਾਲ ੩੩
ਹੁਣ ਮੈਨੂੰ ਫਿਰ ਤਲਾਸ਼ ਹੈ
ਲੋਹੇ ਦੀ ਚਿੱਪਰ ਦੀ
ਮੈਂ ਹਲ ਦਾ ਫਾਲ ਬਦਲਣਾ ਹੈ
ਦੋਧੀਆ ਛੱਲੀਆਂ ਦੀ ਰਾਖੀ ਲਈ
ਸੰਦ ਘੜਨਾ ਹੈ
ਤੂੰ ਮੇਰਾ ਰਾਖਾ ਨਹੀਂ
ਰਹਿਬਰ ਨਹੀਂ
ਕੋਈ ਹੋਰ ਹੈਂ
ਕਾਲਾ ਚੋਰ ਹੈ ......

– ਮਦਨ ਵੀਰਾ

## ਬੱਚਾ ਗਾ ਰਿਹਾ ਹੈ

ਗੁਲਾਬੀ ਰੰਗ ਦੇ ਪਰਦੇ ਹੇਠ
ਸਲ੍ਹਾਬੇ ਸਹਿਮ ਦੇ ਗਰਦੇ ਹੇਠ
ਖਿੜ ਰਹੀ ਹੈ
ਰੂਹ ਦੀ ਸੋਹਲ ਕਚਨਾਰ
ਮੌਲ ਰਹੀ ਹੈ
ਰੇਸ਼ਮ ਦੀ ਲਗਰ ਕੂਲ਼ੀ
ਵਹਿ ਰਹੀ ਹੈ ਪੱਥਰਾਂ ਵਿੱਚ
ਨਵੇਂ-ਫੁੱਟੇ ਚਸ਼ਮੇ ਦੀ ਧਾਰ
'ਤੇ ਬੱਚਾ ਗਾ ਰਿਹਾ ਹੈ
ਗਾ ਰਿਹਾ ਹੈ
ਫਿਲਮੀ ਗੀਤ
ਉਸਦੀਆਂ ਅੱਖਾਂ 'ਚ ਲਿਸ਼ਕੇ
ਚੁਲਬਲਾਪਨ
ਉਸਦਿਆਂ ਹੋਠਾਂ 'ਤੇ ਖੇਡੇ
ਭਾਅ-ਸੂਹੀ
ਉਘੜ ਰਹੇ ਨੇ ਚਿਹਰੇ 'ਤੇ
ਨਟਖਟ ਜਿਹੇ ਭਾਵ
ਇਸ ਘੜੀ ਉਹਨੂੰ ਵਿਸਰ ਗਏ ਨੇ
ਸਭ ਸੰਸੇ – ਸਭ ਫ਼ਿਕਰ
ਤਿੱਤਰ-ਵਿੱਤਰ ਹੋ ਹਏ ਸਾਰੇ ਦਬਾਵ
ਤੇ ਬੱਚਾ ਗਾ ਰਿਹਾ ਹੈ
ਗਾ ਰਿਹਾ ਹੈ
ਫਿਲਮੀ ਗੀਤ
ਬਾਲ-ਸਭਾ ਦੀ ਇਸ ਘੰਟੀ ਵਿੱਚ
ਸੁਰ-ਲੈਅ ਵਿੱਚ ਲਰਜ਼ਦੀ ਹੈ
ਬਾਲ-ਹੂਕ
ਹੌਲੀ-ਹੌਲੀ ਪਿਘਲ ਰਹੀ ਹੈ
ਜੰਮੀ ਹੋਈ ਸਰਦ ਕੂਕ
ਚੇਤਿਆਂ 'ਚੋਂ ਕਿਰ ਗਈ ਹੈ
ਫੀਸ ਮੰਗਦੀ 'ਭੈਣ ਜੀ' ਦੀ
ਤਿੱਖੀ ਘੂਰ
'ਤੇ ਘਰ ਦਾ ਨਕਸ਼ਾ ਕਰੂਰ
ਨਿੰਮੀ-ਨਿੰਮੀ ਵਰ੍ਹ ਰਹੀ ਹੈ
ਲਵੇ-ਲਵੇ ਭਾਵਾਂ ਦੀ ਭੂਰ
ਹੈ ਖਿੰਡ ਰਿਹਾ ਧਰਤੀ 'ਤੇ ਨੂਰ
ਤੇ ਬੱਚਾ ਗਾ ਰਿਹਾ ਹੈ
ਗਾ ਰਿਹਾ ਹੈ ਜ਼ਿੰਦਗੀ ਦਾ ਗੀਤ
ਗਾ ਰਿਹਾ ਹੈ ਜ਼ਿੰਦਗੀ ਦਾ ਮੀਤ ।

– ਮਦਨ ਵੀਰਾ

## ਹਲਫ਼ਨਾਮਾ

ਤੁਸੀਂ ਮੈਨੂੰ
ਜਦੋਂ ਵੀ ਚਿਤਵਿਆ ਹੋਣਾ
ਦੇਖਿਆ ਹੋਣਾ
ਇੱਕ ਮਾਸੂਮ ਲੇਲੇ ਦੇ ਰੂਪ 'ਚ
ਡਰੇ ਸਹਿਮੇ ਤੇ ਘਾਬਰੇ ਹੋਏ ਨੂੰ
ਬੇਕਾਰੀ ਦੇ ਬੋਝ ਨਾਲ ਝੁਕੇ ਹੋਏ
ਝਕੇ ਹੋਏ ਤੇ ਡਰੇ ਹੋਏ ਨੂੰ
ਮੇਰੀਆਂ ਅੱਖਾਂ 'ਚ ਦੇਖੀ ਹੋਣੀ
ਉਦਾਸੀ
ਬੇਬਸੀ
ਭਟਕਣ
ਤੇ ਬੇਚਾਰਗੀ
ਮੇਰੇ ਮੱਥੇ ਤੋਂ ਪੜ੍ਹਿਆ ਹੋਣਾ
ਨਿਰਾਸ਼ਾ ਤੇ ਹਾਰਾਂ ਦਾ ਰੋਜ਼-ਨਾਮਚਾ
ਤੇ ਤੁਹਾਡੇ ਅੰਦਰਲਾ ਭੇੜੀਆ
ਬਹੁਤ ਹੱਸਿਆ ਹੋਣਾ
ਬਹੁਤ ਖੁਸ਼ ਹੋਣਾ
ਕਿ ਤੁਹਾਡਾ ਗੁੜ ਵੀ ਬਚਿਆ ਰਹੇਗਾ
ਜ਼ਹਿਰ ਵੀ
ਤੇ ਮਾਸੂਮ ਦੇ ਕਤਲ ਦਾ ਇਲਜ਼ਾਮ ਵੀ
ਤੁਹਾਡੇ ਸਿਰ ਨਹੀਂ ਲੱਗੇਗਾ
ਤੁਸੀਂ ਸੋਚਿਆ ਹੋਣਾ
ਕਿ ਮੇਰੀ ਕਾਇਆ ਦਾ ਸਫ਼ਰ
ਜੀਵਨ-ਲੀਲ੍ਹਾ ਦਾ ਸਿਖਰ
ਲਹੂ-ਰੰਗੀ ਰੇਲ ਦੀ ਪੱਟੜੀ
ਜਾਂ ਸਲਫ਼ਾਸ ਦੀ ਗੋਲੀ ਹੋਵੇਗਾ
ਪਰ ਤੁਸੀਂ ਨਹੀਂ ਸਮਝ ਸਕੇ
ਕਿ ਕਿਉਂ ਮੇਰੀ ਹਿੱਕ 'ਚ ਜੰਮਿਆ
ਅੱਧੀ ਸਦੀ ਦਾ ਲਾਵਾ
ਬਰੂਦ 'ਚ ਵਟ ਗਿਆ
ਮੇਰੇ ਚੂਲ਼ੀ ਕੁ ਲਹੂ 'ਚ
ਕਿੰਝ ਦਗ ਪਈ ਹੈ ਜਵਾਲਾ
ਕਿਉਂ ਮੇਰੇ ਲੂੰ-ਲੂੰ 'ਚ
ਮਚ ਰਹੀਆਂ ਨੇ ਮਸ਼ਾਲਾਂ
ਤੇ ਮੈਂ ਹੁਣ ਕਾਹਲਾ ਹਾਂ
ਗੁਰੀਲੇ ਦੇ ਦਸਤੀ ਬੰਬ ਵਾਂਗ
ਤੁਹਾਡੇ ਮੀਟਿੰਗ ਹਾਲ 'ਚ ਫਟਣ ਲਈ
ਜਿੱਥੇ ਕਰੋੜਾਂ ਜ਼ਿੰਦਗੀਆਂ ਨੂੰ
ਮੌਤ ਦੇ ਮੂੰਹ ਧੱਕਣ ਦੀ
ਖਿਚੜੀ ਪੱਕਦੀ ਹੈ
ਜਿਸ ਨੂੰ ਕਾਬਜ਼ ਧਿਰ ਤੇ ਅਪੋਜ਼ੀਸ਼ਨ
ਰਲ-ਮਿਲ ਕੇ ਛਕਦੀ ਹੈ ।

## ਜਨਤਾ ਮੇਰੀ ਬਾਗ ਬਗੀਚਾ

ਜਨਤਾ ਮੇਰੀ ਬਾਗ ਬਗੀਚਾ ਪਰ ਚਲੀ ਗਈ ਹਰਿਆਲੀ।
ਉਸ ਬਾਗ ਦਾ ਕੁਝ ਨਹੀਂ ਬਣਦਾ ਬੇਈਮਾਨ ਜੇ ਮਾਲੀ।
ਪੰਛੀ ਵੀ ਉਡ ਜਾਂਦੇ ਉਥੋਂ ਪੱਤ ਨਹੀਂ ਰਹਿੰਦਾ ਡਾਲੀ।
ਉਸੀ ਬਾਗ ਦੇ ਵੰਡੇ ਪੈਂਦੇ ਨਹੀਂ ਮਿੱਤਰਾ ਤੂੰ ਹੋਸ਼ ਸੰਭਾਲੀ।
ਤਨ ਤੇਰੇ ਤੇ ਹੈ ਨਹੀਂ ਲੀਰਾਂ ਜ਼ਾਲਮ ਪਹਿਨਣ ਨੇਫ ਨਿਹਾਲੀ।
ਉਹ ਖਾਂਦੇ ਨੇ ਦੁੱਧ ਮਲਾਈਆਂ ਪੇਟ ਤੇਰਾ ਰੋਟੀ ਤੋਂ ਖਾਲੀ।
ਉੱਧਰ ਦਿਨ ਨੂੰ ਬੱਲਬ ਜਗਦੇ ਤੇਰੀ ਕੁੱਲੀ ਵਿਚ ਰਾਤ ਹੈ ਕਾਲੀ।
ਕੱਪੜੇ ਦੀ ਥਾਂ ਚਮੜੀ ਹੰਢਾਵੇਂ ਚਮੜੀ ਹੈ ਤੇਰੀ ਨੇਫ ਨਿਹਾਲੀ।
ਤੇਰੀ ਕੁੱਲੀ ਵਿਚ ਰਹੇ ਅੰਧੇਰਾ ਉਧਰ ਬਲਦੀ ਸ਼ਮ੍ਹਾਂ ਦੀਵਾਲੀ।
ਬੇਸ਼ੱਕ ਦੇਸ਼ ਆਜ਼ਾਦ ਹੋ ਗਿਆ ਤੇਰੇ ਹਿੱਸੇ ਆਈ ਕੰਗਾਲੀ।
ਧੀ ਤੇਰੀ ਨੂੰ ਪੈਂਦੀਆਂ ਗਾਲ੍ਹਾਂ ਜਿਸਦੀ ਜੱਗ ਵਿਚ ਸ਼ਾਨ ਨਿਰਾਲੀ।
ਗੈਰਤਮੰਦਾ ਲੜ ਕੇ ਮਰ ਜਾ ਉੱਠ ਤੂੰ ਬਾਗ ਦੀ ਕਰ ਰਖਵਾਲੀ।
ਨਾ ਤੂੰ ਹਿੰਦੂ ਨਾ ਤੂੰ ਮੁਸਲਿਮ ਤੇਰੀ ਹੈ ਇਕ ਜਾਤ ਨਿਰਾਲੀ।
ਤੂੰ ਮਜ਼੍ਹਬਾਂ ਨੂੰ ਜੱਫੀਆਂ ਪਾਉਂਦਾ ਇਹ ਸਭ ਤੇਰੀ ਵਹਿਮ ਖਿਆਲੀ।
ਹਿੰਦੂ ਧਰਮ ਤੋਂ ਪਾ ਛੁਟਕਾਰਾ ਹੋ ਜਾਵੇ ਤੇਰੀ ਜਿੰਦ ਸੁਖਾਲੀ।
ਗਿਣ-ਗਿਣ ਬਦਲੇ ਲੈ ਵੈਰੀ ਤੋਂ ਇਹੋ ਮੇਰੀ ਗੁਰ ਪ੍ਰਣਾਲੀ।
ਭੇਡਾਂ ਵਾਂਗੂੰ ਹੱਕੀ ਫਿਰਦੇ ਪਿੱਛੇ ਬੇਈਮਾਨ ਅਜਾਲੀ।
ਚਾੜ੍ਹ ਮਰੋੜਾ ਥੋੜ੍ਹਾ-ਥੋੜ੍ਹਾ ਤੋੜ ਗੁਲਾਮੀ ਦੀ ਪੰਜਾਲੀ।
ਤੈਨੂੰ ਦੁਨੀਆਂ ਕਰੂ ਸਲਾਮਾਂ ਜਦ ਪੀਵੇਂਗਾ ਮੌਤ ਪਿਆਲੀ।
ਸੀਸ ਤਲੀ ਧਰ ਗਲੀ 'ਚ ਆ ਜਾ ਤੈਨੂੰ ਮਿਲ ਜਾਊ ਹੀਰ ਸਿਆਲੀ।
ਬੱਸ ਕਿਤਾਬਾਂ ਠੱਪ 'ਨਿਧੜਕਾ' ਔਹ ਦੇਖ ਰੋਂਦੀ ਭੈਣ ਨਿਹਾਲੀ।
ਗਿਣ-ਗਿਣ ਬਦਲੇ ਲੈ ਵੈਰੀ ਤੋਂ ਇਹੋ ਮੇਰੀ ਗੁਰ ਪ੍ਰਣਾਲੀ।
ਇਹੋ ਮੇਰੀ ਗੁਰ-ਪ੍ਰਣਾਲੀ।

– ਚਰਨ ਦਾਸ ਨਿਧੜਕ

## ਦੇਸ਼ ਦੀ ਤਸਵੀਰ

ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਦਿਖਾਵਾਂ।
ਟੁਕੜੇ ਹੋਇਆਂ ਦੇਸ਼ ਵਿਖਾਵਾਂ, ਰੁੱਠੀ ਹੋਈ ਤਕਦੀਰ ਵਿਖਾਵਾਂ।

ਇਕ ਪਾਸੇ ਔਹ ਮਹਿਲਾਂ ਅੰਦਰ, ਡੁੱਲ੍ਹ ਡੁੱਲ੍ਹ ਪੈਂਦੇ ਹਾਸੇ।
ਦੂਜੇ ਪਾਸੇ ਫਿਰੇ ਜੁਆਨੀ, ਲੈ ਹੱਥਾਂ ਵਿਚ ਕਾਸੇ।
ਹੱਥ ਜੋੜ ਕੇ ਭਿਖਿਆ ਮੰਗਦੀ, ਜੋ ਮਰਜ਼ੀ ਕੋਈ ਆਖੇ।

ਪੱਲੇ ਦੇ ਵਿਚ ਹੌਕੇ ਹਾਵੇ, ਗਲ ਵਿਚ ਪਾਟੀ ਲੀਰ ਵਿਖਾਵਾਂ।
ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਵਿਖਾਵਾਂ।

ਬਣਦੇ ਤੈਨੂੰ ਮਹਿਲ ਦਿਖਾਵਾਂ, ਹੁੰਦੇ ਤੈਨੂੰ ਕਹਿਰ ਦਿਖਾਵਾਂ।
ਭੁੱਖ ਦੇ ਦੁੱਖੋਂ ਆਪਣੇ ਹੱਥੀਂ, ਪੀਂਦੇ ਤੈਨੂੰ ਜ਼ਹਿਰ ਵਿਖਾਵਾਂ।
ਰੰਗਦਾਰ ਸ਼ੀਸ਼ੀ ਦੇ ਵਿਚੋਂ, ਪੀਂਦੇ ਰੱਤ ਅਮੀਰ ਵਿਖਾਵਾਂ।

ਦਰ ਦਰ ਬੱਚੇ ਮੰਗਦੇ ਟੁਕੜੇ, ਕੁੱਤੇ ਖਾਂਦੇ ਖੀਰ ਵਿਖਾਵਾਂ।
ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਵਿਖਾਵਾਂ।

ਸਿਨਮੇ ਕੋਲਡ ਸਟੋਰ ਦੇਖ ਲਓ, ਲੁੱਟੀ ਜਾਂਦੇ ਚੋਰ ਦੇਖ ਲਓ।
ਨਾਲ ਚੋਰਾਂ ਦੇ ਹਿੱਸੇ ਰੱਖਦੇ, ਏਥੇ ਦੇ ਵਜ਼ੀਰ ਦੇਖ ਲਓ।
ਜਨਤਾ ਪਈ ਲਾਚਾਰ ਦੇਖ ਲਓ, ਹੁੰਦੇ ਮਿੱਤਰੋ ਕਹਿਰ ਦੇਖ ਲਓ।

ਆ 'ਨਿਧੜਕਾ' ਤੈਨੂੰ ਬੱਚੇ, ਮੰਗਦੇ ਵਾਂਗ ਫਕੀਰ ਵਿਖਾਵਾਂ।
ਆ ਸੱਜਣਾ ਤੈਨੂੰ ਦੇਸ਼ ਤੇਰੇ ਦੀ, ਪਾਟੀ ਹੋਈ ਤਸਵੀਰ ਦਿਖਾਵਾਂ।

– ਚਰਨ ਦਾਸ ਨਿਧੜਕ

## ਰੰਗ ਦੇ ਸ਼ਹੀਦੀ ਬਾਣਾ

ਮਾਏਂ ਮੇਰਾ ਰੰਗ ਦੇ ਸ਼ਹੀਦੀ ਬਾਣਾ,
ਮਾਏ ਮੇਰਾ ਰੰਗ ਦੇ ਨੀ।
ਉਹੀਓ ਰੰਗ ਰੰਗੀ ਜਿਹੜਾ ਰਵੀ ਨੇ ਰੰਗਾਇਆ ਸੀ।
ਚਾੜ੍ਹ ਦੇ ਉਹ ਰੰਗ ਜਿਹੜਾ ਭੀਮ ਨੇ ਚੜ੍ਹਾਇਆ ਸੀ।
ਉਹ ਰੰਗ ਮਾਏਂ ਵੱਡਾ ਨੀ ਸੁਹਾਣਾ।
ਮਾਏਂ ਮੇਰਾ ਰੰਗ ਦੇ ਨੀ ...।
ਕੌਮ ਦੇ ਪਿਆਰ ਵਿਚ ਅੰਗ-ਅੰਗ ਰੰਗ ਦੇ।
ਮੰਗਦੇ ਨੀ ਮਾਏਂ ਮੈਨੂੰ ਮੌਤ ਨਾਲ ਮੰਗਦੇ।
ਮੇਰਾ ਹੋਣ ਦੇ ਤੂੰ ਗੌਰ (ਕਬਰ) ਟਿਕਾਣਾ।
ਮਾਏਂ ਮੇਰਾ ਰੰਗ ਦੇ ਨੀ ..।
ਦੇਸ਼ ਹੈ ਆਜ਼ਾਦ ਭਾਵੇਂ ਅਸੀਂ ਹਾਂ ਗੁਲਾਮ ਨੀ।
ਕੌਮ ਉਤੋਂ ਜਿੰਦੜੀ ਨੂੰ ਕਰਾਂ ਕੁਰਬਾਨ ਨੀ।
ਗਾਨੇ ਬੰਨ੍ਹ ਕੇ ਜੇਲ੍ਹ ਨੂੰ ਜਾਣਾ।
ਮਾਏਂ ਮੇਰਾ ਰੰਗ ਦੇ ਨੀ ...।
ਬੁਜ਼ਦਿਲ ਬੰਦਿਆਂ ਤੋਂ ਚੰਗੀਆਂ ਨੇ ਨਾਰੀਆਂ।
ਸੋਹਣੀ ਨੇ ਝਨਾ ਦੇ ਵਿਚ ਜਾ ਕੇ ਲਾਈਆਂ ਤਾਰੀਆਂ।
ਉਹਦਾ ਮੁੱਕ ਗਿਆ ਆਣਾ ਜਾਣਾ।
ਮਾਏਂ ਮੇਰਾ ਰੰਗ ਦੇ ਨੀ ...।
ਰੋਂਦੀਆਂ ਭੈਣਾਂ ਨੂੰ ਮੈਂ ਵੇਖ ਨਹੀਂ ਸਕਦੀ।
ਰੋਟੀ ਪਿੱਛੇ ਇੱਜ਼ਤ ਮੈਂ ਵੇਚ ਨਹੀਂ ਸਕਦੀ।
ਪਿਆ ਖਪਦਾ ਨਿਧੜਕ ਨਿਮਾਣਾ।
ਮਾਏਂ ਮੇਰਾ ਰੰਗ ਦੇ ਨੀ।
ਰੰਗਦੇ ਸ਼ਹੀਦੀ ਬਾਣਾ, ਮਾਏ ਮੇਰਾ ਰੰਗ ਦੇ ਨੀਂ।

– ਚਰਨ ਦਾਸ ਨਿਧੜਕ

# ਡਾ ਅੰਬੇਡਕਰ ਦੇ ਜਨਮ ਦਿਨ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਬੋਲੀਨਾ ਵਿਖੇ ਕੰਪਿਊਟਰ ਸੈਂਟਰ ਅਤੇ ਲਾਇਬ੍ਰੇਰੀ ਦਾ ਉਦਘਾਟਨ


Kewal Bolina






Paramjit Bhutta with his wife















ਪੰਜਾਬ ਇਕ ਅਜਿਹੀ ਧਰਤੀ ਹੈ, ਜਿੱਥੇ ਬਹੁਤ ਮਹਾਨ ਸ਼ਖ-ਸੀਅਤਾਂ ਦਾ ਜਨਮ ਹੋਇਆ ਤੇ ਪੰਜਾਬ ਤੋਂ ਬਾਹਰੋਂ ਆਈਆਂ ਮਹਾਨ ਸ਼ਖਸੀਅਤਾਂ ਨੇ ਇਸ ਦਾ ਗੁਣਗਾਨ ਵੀ ਕੀਤਾ। ਉਸ ਵਿਚੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦਾ ਨਾਂ ਲਿਆ ਜਾਣਾ ਸੁਭਾਵਿਕ ਹੀ ਹੈ। ਇੱਥੇ ਇਹ ਵੀ ਵਿਸ਼ੇਸ਼ ਵਰਣਨਯੋਗ ਹੋਵੇਗਾ ਕਿ ਡਾ. ਅੰਬੇਡਕਰ ਨੂੰ ਭਾਰਤ ਦੇ ਪੱਧਰ ਦਾ ਹਰਮਨ ਪਿਆਰਾ ਨੇਤਾ ਬਣਾਉਣ 'ਚ ਵੀ ਇਸ ਧਰਤੀ ਦੇ ਲੋਕਾਂ ਦਾ ਭਾਵ ਆਦਿ ਧਰਮ ਮੂਵਮੈਂਟ ਦੇ ਬਾਨੀ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ ਮਹਾਨ ਯੋਗਦਾਨ ਹੈ। ਇਹ ਉਸ ਵਕਤ ਦੀ ਗੱਲ ਹੈ ਜਦੋਂ ਅੱਜ ਦਾ ਭਾਰਤ ਬ੍ਰਿਟਿਸ਼ ਇੰਡੀਆ ਵਜੋਂ ਜਾਣਿਆ ਜਾਂਦਾ ਸੀ ਤੇ ਇਹ ਗੱਲ ਲੰਡਨ ਵਿਖੇ 1930-32 'ਚ ਗੋਲਮੇਜ਼ ਕਾਨਫਰੰਸ 'ਚ ਆਦਿ ਧਰਮ ਦੇ ਪੈਰੋਕਾਰਾਂ ਨੇ ਮਹਾਤਮਾ ਗਾਂਧੀ ਦੀ ਜਗ੍ਹਾ ਡਾ. ਅੰਬੇਡਕਰ ਨੂੰ ਆਪਣਾ ਲੀਡਰ ਬਣਾਇਆ, ਜਿਸ ਨੂੰ ਡਾ. ਅੰਬੇਡਕਰ ਜੀ ਦੀ ਪਹਿਲੀ ਇਤਿਹਾਸਕ ਜਿੱਤ ਵਜੋਂ ਲਿਆ ਜਾ ਸਕਦਾ ਹੈ। ਇਹੀ ਵਜ੍ਹਾ ਜਦੋਂ ਡਾ. ਅੰਬੇਡਕਰ ਪਹਿਲੀ ਵਾਰ ਪੰਜਾਬ ਯਾਤਰਾ 'ਤੇ ਆਉਂਦੇ ਹਨ ਤਾਂ ਜਿੱਥੇ ਉਹਨਾਂ ਆਪਣੇ ਭਾਸ਼ਣ 'ਚ ਇਕ ਗੱਲ ਬੜੇ ਫਖਰ ਨਾਲ ਕਹੀ ਸੀ ਕਿ ਮੈਨੂੰ ਯਕੀਨ ਨਹੀਂ ਆ ਰਿਹਾ ਕਿ ਆਹ ਜੋ ਇੰਨਾ ਵੱਡਾ ਜਨ ਸਮੂਹ ਨਜ਼ਰ ਆ ਰਿਹਾ ਹੈ ਕਿ ਮੇਰੇ ਸਮਾਜ ਦੇ ਲੋਕ ਹਨ, ਕਿਉਂਕਿ ਇਹਨਾਂ ਲੋਕਾਂ ਦੀਆਂ ਸ਼ਕਲਾਂ, ਪਹਿਰਾਵਾ, ਹੌਸਲੇ ਇੰਨੇ ਬੁਲੰਦ ਹਨ ਕਿ ਮੈਨੂੰ ਅਜਿਹਾ ਬਹੁਤ ਹੀ ਪਹਿਲਾਂ ਇੱਥੇ ਆਉਣਾ ਚਾਹੀਦਾ ਸੀ। ਅੱਜ ਇਹ ਸਥਾਨ ਡਾ. ਅੰਬੇਡਕਰ ਭਵਨ ਵਜੋਂ ਜਾਣਿਆ ਜਾਂਦਾ ਹੈ, ਜਿੱਥੇ ਬਾਬਾ ਸਾਹਿਬ ਨੇ ਬਹੁਤ ਵੱਡੇ ਸਮਾਗਮ ਨੂੰ ਸੰਬੋਧਨ ਕੀਤਾ।

ਅਜਿਹੇ ਮੌਕੇ ਜ਼ਿੰਦਗੀ 'ਚ ਵਾਰ-ਵਾਰ ਨਹੀਂ ਆਇਆ ਕਰਦੇ ਹਨ, ਪਰ ਅਜਿਹਾ ਵੀ ਕਦੇ ਵੀ ਨਹੀਂ ਹੁੰਦਾ ਕਿ ਮੌਕਿਆਂ ਦੀ ਉਡੀਕ ਕਰੀਏ ਜਾਂ ਭਾਲ ਕਰੀਏ, ਬੱਸ ਆਪਣੇ ਯਤਨਾਂ 'ਚ ਮਸ਼ਰੂਫ ਰਹਿਣਾ, ਮੌਕਿਆਂ ਨੂੰ ਦਾਅਵਤ ਦੇਣਾ ਹੁੰਦਾ ਹੈ। ਡਾ. ਅੰਬੇਦਕਰ ਜਦੋਂ ਪੰਜਾਬ ਆਏ, ਭਾਰਤ ਆਪਣੇ ਭਾਰਤੀ ਸੰਵਿਧਾਨ ਨਾਲ ਲੋਕਤੰਤਰ ਵਜੋਂ ਵਿਸ਼ਵ 'ਚ ਨਵੀਂ ਸ਼ਾਖ ਜਮਾਉਣ 'ਚ ਅੱਗੇ ਵੱਧ ਰਿਹਾ ਸੀ ਤਾਂ ਡੀ. ਏ. ਵੀ. ਕਾਲਜ ਜਲੰਧਰ ਦੀ ਮੈਨੇਜਮੈਂਟ ਨੇ ਡਾ. ਅੰਬੇਡਕਰ ਦੀ ਪੰਜਾਬ ਯਾਤਰਾ ਖਾਸ ਕਰਕੇ ਜਲੰਧਰ ਆਉਣ ਤੇ ਭਰਪੂਰ ਲਾਹਾ ਲਿਆ ਕਿ ਆਪਣੇ ਵਿਦਿਆਰਥੀਆਂ ਦੇ ਲਈ ਇਕ ਮਹਾਨ ਮੌਕਾ ਪ੍ਰਦਾਨ ਕੀਤਾ ਕਿ ਉਹ ਡਾ. ਅੰਬੇਡਕਰ ਨੂੰ ਦੇਖ ਸਕਣ ਤੇ ਉਹਨਾਂ ਦੇ ਅਨਮੁੱਲੇ ਵਿਚਾਰਾਂ ਤੋਂ ਜਾਣੂ ਹੋ ਸਕਣ। ਡਾ. ਅੰਬੇਡਕਰ ਦੀਆਂ ਤਕਰੀਰਾਂ ਵੀ ਭਾਰਤ ਅੰਦਰ ਡੈਮੋਕਰੇਸੀ ਬਾਰੇ ਸੀ ਜੋ ਅਦਾਰਾ "ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਪਾਠਕਾਂ ਦੀ ਜਾਣਕਾਰੀ 'ਚ ਵਾਧਾ ਕਰਨ ਲਈ ਕਈ ਵਾਰ ਪ੍ਰਕਾਸ਼ਿਤ ਕਰ ਚੁੱਕਾ ਹੈ, ਜਿਸ ਨੂੰ ਦੇਸ਼ ਵਿਦੇਸ਼ 'ਚ ਭਰਵਾਂ ਹੁੰਗਾਰਾ ਮਿਲਿਆ। ਸਾਨੂੰ ਬੇਹੱਦ ਇਸ ਗੱਲ ਦੀ ਖੁਸ਼ੀ ਹੈ ਕਿ ਕੈਨੇਡਾ ਦੇ ਟਰਾਂਟੋ ਸ਼ਹਿਰ ਦੇ ਇਕ ਸਕੂਲ ਟੀਚਰ ਨੇ "ਅੰਬੇਦਕਰ ਟਾਈਮਜ਼ ਡਾਟ ਕਾਮ" (www.ambedkartimes.com) ਦਾ ਸਾਈਨ ਬੋਰਡ (ਜੋ Ambedkar Mission Toronto, Shri Guru Ravidass Sabha Ontario, Bhagwan Valmik Sabha Toronto ਨੇ ਲਗਵਾਇਆ) ਪੜ੍ਹ ਕੇ ਵੈਬਸਾਈਟ ਤੇ ਪਾਏ ਇਹਨਾਂ ਭਾਸ਼ਣਾਂ ਨੂੰ ਪੜ੍ਹ ਕੇ ਅਜਿਹੀ ਪ੍ਰਸੰ-ਨਤਾ ਰੂਪ ਸਾਨੂੰ ਅਡੀਟਰ ਮੇਲ ਦੁਆਰਾ ਭੇਜੀ, ਜਿਸ ਵਿਚ ਉਸ ਅਧਿਆਪਕ ਜੀ ਨੇ ਲਿਖਿਆ ਸੀ ਕਿ ਮੈਂ ਇਸ ਲੇਖ ਤੋਂ ਬੜਾ ਪ੍ਰਭਾਵਿਤ ਹਾਂ ਤੇ ਮੈਂ ਆਪਣੇ ਸਕੂਲ ਵਿਚ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਇਆ ਵੀ। ਸੋ, ਡਾ. ਅੰਬੇਡਕਰ ਦੀ ਜਲੰਧਰ ਦੀ ਫੇਰੀ ਦਾ ਵਿਦਿਅਕ ਅਦਾਰਿਆਂ 'ਚ ਸਿਰਫ ਤੇ ਸਿਰਫ ਡੀ. ਏ. ਵੀ. ਕਾਲਜ ਦੀ ਮੈਨੇਜਮੈਂਟ ਨੇ ਫਾਇਦਾ ਉਠ-ਾਇਆ, ਜਦੋਂ ਕਿ ਜਲੰਧਰ ਸ਼ਹਿਰ 'ਚ ਹੋਰ ਵੀ ਕਾਲਜ ਹਨ।

ਅਦਾਰਾ ਡਾ. ਜੀ. ਸੀ. ਕੌਲ ਦਾ ਵੀ ਧੰਨਵਾਦੀ ਹੈ, ਜਿਹਨਾ ਲੰਬਾ ਸਮਾਂ ਡੀ. ਏ. ਵੀ. ਕਾਲਜ ਵਿਚ ਬਤੌਰ ਪ੍ਰੋਫੈਸਰ ਪੜ੍ਹਾਇਆ, ਨੇ ਸਾਨੂੰ ਡਾ. ਅੰਬੇਦਕਰ ਦੀ ਡੀ. ਏ. ਵੀ. ਕਾਲਜ ਵਿਜ਼ਿਟ ਦਾ ਇਕ ਫੋਟੋ ਵੀ ਮੁਹੱਈਆ ਕਰਵਾਇਆ ਜੋ ਅਸੀਂ ਹਣ ਉਸ ਵਿਸ਼ੇਸ਼ ਭਾਸ਼ਣ ਲੇਖ ਨਾਲ ਲਗਾਇਆ ਕਰਦੇ ਹਾਂ।

ਸੋ, ਸਾਡੇ ਪਿਆਰੇ ਤੇ ਸਤਿਕਾਰਯੋਗ ਪਾਠਕ ਸਾ-ਹਬਾਨ ਨਾਲ ਇੰਨੀ ਗੱਲਬਾਤ ਸਾਂਝੀ ਕਰਨ ਦਾ ਮਕਸਦ ਇਹੀ ਹੈ ਕਿ ਇਹ ਦੁਆਬੇ ਦੀ ਧਰਤੀ ਦਾ ਇਤਿਹਾਸ ਬੜਾ ਵਿਲੱਖਣ ਹੈ, ਜੋ ਇਸ ਵਿਲੱਖਣਤਾ ਤੋਂ ਜਾਣੂ ਹੋ ਗਿਆ ਜਾਂ ਹੋ ਰਿਹਾ ਹੈ, ਉਹ ਆਪਣੇ ਮਹਾਨ ਮਹਾਂਪੁਰਸ਼ਾਂ ਦੇ ਦਰਸਾਏ ਮਾਰਗ ਤੇ ਚੱਲਣ ਦਾ ਜ਼ਰੂਰ ਯਤਨ ਕਰਦਾ ਹੈ ਤੇ ਕਰਦਾ ਰਹੇਗਾ।

ਸਾਡੇ ਇੱਥੇ ਅਮਰੀਕਾ ਅੰਦਰ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਸ਼ਹਿਰ ਰਿਓਲਿੰਡਾ 'ਚ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਗੁਰੂ ਘਰ ਸਥਾਪਤ ਹੈ ਅਤੇ ਇਹ ਇਕੋ-ਇਕ ਅਮਰੀਕਾ ਦਾ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਹੈ, ਜਿੱਥੇ ਗੁਰੂ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਮੌਕੇ ਵਿਸ਼ੇਸ਼ ਸਾਲਾਨਾ ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਜਾਂਦਾ ਹੈ ਤੇ ਇਸ ਗੁਰੂ ਘਰ ਦੇ ਮੁਢਲੇ ਮੈਂਬਰਾਂ 'ਚ ਸ੍ਰੀ ਕੇਵਲ ਬੋਲੀਨਾ ਅਤੇ ਸ੍ਰੀ ਪ੍ਰਮਜੀਤ ਭੁੱਟਾ ਜੀ ਦਾ ਨਾਂ ਵੀ ਹੈ ਤੇ ਦੋਵੇਂ ਹੀ ਗੁਰੂ ਘਰ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਤੇ ਗੁਰੂ ਘਰ ਦੀਆਂ ਸਮਾਜਿਕ ਗਤੀਵਿਧੀਆਂ 'ਚ ਸ਼ਾਮਲ ਹੁੰਦੇ ਹੀ ਨਹੀਂ ਬਲਕਿ ਪੰਜਾਬ ਅੰਦਰ ਆਪੋ-ਆਪਣੇ ਤੇ ਹੋਰਨਾਂ ਹਲਕਿਆਂ 'ਚ ਵੀ ਵੱਧ ਤੋਂ ਵੱਧ ਸਮਾਜਿਕ ਸੇਵਾ ਨਿਭਾਉਂਦੇ ਰਹਿੰਦੇ ਹਨ। ਸ੍ਰੀ ਪ੍ਰਮਜੀਤ ਭੁੱਟਾ ਨੇ ਆਪਣੇ ਸਵਰਗੀ ਪਿਤਾ ਸ੍ਰੀ ਗੁਰਦਾਸ ਰਾਮ ਭੁੱਟਾ ਜੀ ਦੇ ਨਾਂ ਤੇ ਆਪਣੇ ਜੱਦੀ ਪਿੰਡ ਗੜਪਧਾਣਾ ਵਿਖੇ ਗੁਰਦਾਸ ਰਾਮ ਭੁੱਟਾ ਚੈਰੀਟੇਬਲ ਟਰੱਸਟ ਵੀ ਬਣਾਇਆ ਤੇ ਸ੍ਰੀ ਕੇਵਲ ਬੋਲੀਨਾ ਵੀ ਗਾਹੇ ਬਗਾਹੇ ਆਪਣੀਆਂ ਸੇਵਾਵਾਂ ਨਿਭਾਉਂਦੇ ਰਹਿੰਦੇ ਹਨ ਤੇ ਹੁਣ ਇਹਨਾਂ ਦੋਹਾਂ ਨੇ ਰਲ ਕੇ ਪਿੰਡ ਬੋਲੀਨਾ 'ਚ ਸ੍ਰੀ ਗੁਰੂ ਰਵਿਦਾਸ ਗਰੂ ਘਰ ਵਿਖੇ ਬਾਬਾ ਸਾਹਿਬ ਡਾ ਅੰਬੇਦਕਰ ਜੀ ਦੇ 130ਵੇਂ ਜਨਮ ਦਿਨ ਮੌਕੇ ਕੰਪਿਊਟਰ ਸੈਂਟਰ/ ਡਿਜੀਟਲ ਲਾਇਬ੍ਰੇਰੀ ਦਾ ਉਦਘਾਟਨ ਕੀਤਾ, ਜਿੱਥੇ ਬੱਚਿਆਂ ਲਈ ਤਿੰਨ ਕੰਪਿਊਟਰ ਲਗਾਏ ਤੇ ਸ੍ਰੀ ਸ਼ਰਧਾ ਰਾਮ, ਸੁਪਰਡੈਂਟ, ਕਾਂਸ਼ੀ ਰਾਮ ਅਹੀਰ, ਪ੍ਰਿਥਵੀ ਰਾਜ (ਕੈਨੇਡਾ), ਨਰੇਸ਼ ਬਾਘਾ ਸਪੁੱਤਰ ਡਾ ਸੱਤਪਾਲ, ਜੈਪਾਲ ਬਾਘਾ, ਗੁਰਦਿਆਲ ਬੰਗੜ, ਡਾ ਰਾਜਕੁਮਾਰ ਚੱਬੇਵਾਲ, ਡਾ ਸਤਵਿੰਦਰ ਸਿੰਘ, ਡਾ ਕੁਲਦੀਪ ਕਲੇਰ, ਡਾ ਹਰਦੀਪ ਸਿੰਘ ਅਤੇ ਸ੍ਰੀ ਜੋਗਿੰਦਰਪਾਲ (ਇੰਗਲੈਂਡ) ਉਦਘਾਟਨ ਸਮਾਗਮ ਵਿਚ ਸ਼ਾਮਲ ਹੋਏ। ਗੁਰੂ ਘਰ ਦੀ ਪ੍ਰਬੰ-ਧਕ ਕਮੇਟੀ ਵੱਲੋਂ ਸਾਰਿਆਂ ਦਾ ਕੋਟਿਨ-ਕੋਟ ਧੰਨਵਾਦ ਕੀਤਾ ਗਿਆ। ਇਸ ਤਰ੍ਹਾਂ ਦੋ ਹੋਰ ਡਾਕਟਰ ਸਾਹਿਬਾਨ ਨੇ ਵੀ ਇਕ ਇਕ ਕੰਪਿਊਟਰ ਬੱਚਿਆਂ ਲਈ ਮੁਹੱਈਆ ਕਰਵਾਏ ਹਨ। ਆਧੁਨਿਕ ਯੁੱਗ ਅੰਦਰ ਇਸਦੀ ਬੱਚਿਆਂ ਨੂੰ ਬਹੁਤ ਲੋੜ ਹੈ। ਆਧੁਨਿਕ ਯੁੱਗ ਸਾਇੰਸ ਦਾ ਯੁੱਗ ਹੈ, ਕਲਾ ਦਾ ਯੁੱਗ ਹੈ।

ਜੋ ਵਿਦਿਆਰਥੀ ਇਸ ਵਿਗਿਆਨਕ ਯੁੱਗ ਅੰਦਰ ਵਿਗਿਆਨ ਦੇ ਨਾਲ ਵਿਚਰੇਗਾ, ਉਹ ਕਦੇ ਵੀ ਅੰਧ ਵਿਸ਼ਵਾਸ 'ਚ ਨਹੀਂ ਘਿਰੇਗਾ। ਉਸ ਦੀ ਸੋਚ ਵਿਗਿਆਨਕ ਹੋਣ ਨਾਲ ਜਿੱਥੇ ਉਹ ਆਪਣਾ ਜੀਵਨ ਵਧੀਆ ਬਤੀਤ ਕਰੇਗਾ, ਉਥੋਂ ਉਹ ਆਪਣੀਆਂ ਪੁਸ਼ਤਾਂ ਤਾਂ ਕੀ ਪੂਰੇ ਸਮਾਜ/ਦੇਸ਼ ਦੇ ਭਲੇ ਹਿੱਤ ਦੀ ਗੱਲ ਕਰੇਗਾ। ਹੋਰ ਤਾਂ ਹੋਰ ਵਿਸ਼ਵ ਪੱਧਰੀ ਸੋਚ, ਭਰਾਤਰੀ ਭਾਵ ਵਾਲੀ ਰੱਖੇਗਾ, ਜਿਵੇਂ ਕਿ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਨੇ ਆਪਣੇ ਮਹਾਨ ਸ਼ਬਦ ਬੇਗਮਪੁਰਾ ਸਹਰ ਕੋ ਨਾਉ.. ਵਿਸ਼ਵ ਭਾਈਚਾਰੇ ਦੀ ਕੀਤੀ ਹੈ।

ਜਦੋਂ ਅਸੀਂ ਸਪੇਸ ਦੇ ਬਾਰੇ ਸੋਚਦੇ ਹਾਂ ਤਾਂ ਭਾਰਤ ਤਾਂ ਕੀ ਪੂਰੇ ਵਿਸ਼ਵ ਦੇ ਵਿਗਿਆਨਕ ਸੋਚ ਰੱਖਣ ਵਾਲੇ ਸਾਇੰਸ ਵਿਸ਼ੇ ਨਾਲ ਸਬੰਧਤ ਵਿਦਿਆਥੀ ਨਜ਼ਰ ਵਿਸ਼ਵ ਸੁਪਰ ਪਾਵਰ ਅਮਰੀਕਾ ਦੀ ਨਾਸਾ ਏਜੰਸੀ ਵੱਲ ਜਾਂਦੀ ਹੈ, ਹਰ ਇਕ ਦਾ ਇਕ ਸੁਪਨਾ ਹੁੰਦਾ ਹੈ ਕਿ ਮੈਂ ਵੀ ਨਾਸਾ 'ਚ ਜਾਵਾਂ। ਨਾਸਾ ਦੀਆਂ ਉਪਲਬਧੀਆਂ ਤੋਂ ਕੋਈ ਵਾਕਫ 2020 ਦੇ ਮਿਸ਼ਨ ਦੌਰਾਨ ਇਸ ਸਾਲ ਦੇ ਫਰਵਰੀ ਮਹੀਨੇ ਦੀ 18 ਤਾਰੀਖ ਨੂੰ ਨਾਸਾ ਨੇ ਜੋ ਧਰਤੀ ਤੋਂ 16 ਹਜ਼ਾਰ ਕਰੋੜ ਮੀਲ ਦੂਰੀ 'ਤੇ ਮੰਗਲ ਗ੍ਰਹਿ ਤੇ ਦੁਨੀਆਂ ਭਰ ਨੂੰ ਕਰ ਦਿਖਾਇਆ, ਉਹ ਦੁਨੀਆਂ ਭਰਦੀਆਂ ਅੰਧ ਵਿਸ਼ਵਾਸ ਧਾਰਾਵਾਂ ਦਾ ਪਾਦਾਫਾਸ਼ ਕਰਦੀ ਹੈ। ਨਾਸਾ ਨੇ ਉਥੋਂ ਦੀ ਖੋਜ ਕੀਤੀ, ਤਸਵੀਰਾਂ ਰਾਹੀਂ ਦਿਖਾ ਦਿੱਤਾ, ਉਥੇ ਦੀ ਰਿਕਾਰਡਿੰਗ ਸੁਣਾ ਦਿੱਤੀ ਹੈ, ਹੋਰ ਤਾਂ ਹੋਰ ਧਰਤੀ ਤੋਂ ਬਾਹਰ ਕਿਸੇ ਹੋਰ ਪਲੈਨੇਟ ਤੇ ਆਪਣਾ ਹੈਲੀਕਾਪਟਰ ਵੀ ਉਡਾ ਕੇ ਦਿਖਾ ਦਿੱਤਾ ਹੈ ਤੇ ਬਾਕੀ ਹੁਣ ਰਹਿ ਗਿਆ ਇਨਸਾਨ ਦਾ ਉਥੇ ਵਸੇਬਾ ਕਰਾਉਣਾ, ਜਿਸ ਲਈ ਵਿਗਿਆਨੀਆਂ ਨੇ ਦਿਨ ਰਾਤ ਇਕ ਕੀਤਾ ਹੋਇਆ ਹੈ।

ਖੁਸ਼ੀ ਦੀ ਗੱਲ ਇਹ ਹੈ ਕਿ ਇਸ ਵਿਚ ਭਾਰਤੀ ਮੂਲ ਦੇ ਸਾਇੰਟਿਸਟ ਵੀ ਆਪਣੀ ਯੋਗਤਾ ਦੇ ਝੰਡੇ ਗੱਡੇ ਹੋਏ ਹਨ ਪਰ ਅਸੀਂ ਭਾਰਤੀ ਮੂਲ ਦੇ ਤਾਂ ਕਹਿ ਸਕਦ ਹਾਂ ਪਰ ਭਾਰਤੀ ਨਹੀਂ। ਕਾਸ਼! ਅਜਿਹੇ ਮੌਕੇ ਭਾਰਤ ਦੇ ਹਰ ਨਾਗਰਿਕ ਨੂੰ ਮਿਲਦੇ ਰਹਿਣ। ਬੱਚਿਆਂ ਦਾ ਟੇਲੈਂਟ ਜਾਨਣ ਲਈ ਭਾਰਤ ਤੇ ਰਾਜ ਸਰਕਾਰਾਂ ਅੰਧ-ਵਿਸ਼ਵਾਸੀ ਕਹਾਣੀਆਂ ਵਾਲੇ ਟੀ. ਵੀ. ਸੀਰੀਅਲਜ਼/ ਫਿਲਮਾਂ ਬੰਦ ਕਰਨ। ਅਜਿਹੇ ਗੈਬੀ ਸ਼ਕਤੀਆਂ ਵਾਲੇ ਇਸ਼ਤਿਹਾਰਾਂ ਤੇ ਪਾਬੰਦੀ ਲਗਾਵੇ। ਸਕੂਲ 'ਚ ਬੱਚਿਆਂ ਨੂੰ ਵਿਗਿਆਨਕ ਸੋਚ ਵਾਲਾ ਸਿਲੇਬਸ ਪੜ੍ਹਾਇਆ ਜਾਵੇ ਤਾਂ ਕਿ ਉਹ ਵੀ ਇਸਰੋ ਵੱਲ ਵਧਣ ਤੇ ਆਪਣੇ ਮੁਲਕ ਲਈ ਕੁਝ ਕਰ ਸਕਣ। ਕਿਸੇ ਵੀ ਦੇਸ਼ ਅੰਦਰ, ਸਰਕਾਰਾਂ ਦੇ ਨਾਲ-ਨਾਲ ਸਮ-ਾਜਿਕ ਸੰਸਥਾਵਾਂ ਦਾ ਬਹੁਤ ਵੱਡਾ ਯੋਗਦਾਨ ਹੋਇਆ ਕਰਦਾ ਹੈ, ਬਸ਼ਰਤੇ ਉਹਨਾਂ ਦੀ ਸੋਚ ਨਿਰਪੱਖ ਤੇ ਵਿਗਿਆਨਕ ਹੋਵੇ। ਜਿੱਥੇ ਸਰਕਾਰਾਂ ਜਾਂ ਸੰਸਥਾਵਾਂ ਕੰਮ ਨਹੀਂ ਕਰ ਪਾਉਂਦੀਆਂ, ਉਥੇ ਸ੍ਰੀ ਕੇਵਲ ਬੋਲੀਨਾ, ਪ੍ਰਮਜੀਤ ਭੁੱਟਾ ਤੇ ਡਾਕਟਰ ਸਾਹਿਬਾਨ ਵਰਗੀਆਂ ਸ਼ਖਸੀਅਤਾਂ ਵੀ ਅੱਗੇ ਆਉਣ।

ਅਦਾਰਾ "ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਅਜਿਹੇ ਅਗਾਂਹਵਧੂ ਵਿਅਕਤੀਆਂ ਤੇ ਸ੍ਰੀ ਗੁਰੂ ਰਵਿਦਾਸ ਸੰਸਥਾ ਦੇ ਉਦਮ ਲਈ ਆਪਣੀ ਅਥਾਹ ਖੁਸ਼ੀ ਪ੍ਰਗਟ ਕਰਦਾ ਹੈ ਤੇ ਅਜਿਹੀਆਂ ਸਮਾਜਿਕ ਅਗਾਂਹਵਧੂ ਲੇਖਾਂ/ ਖਬਰਾਂ/ ਵਿਅਕਤੀਆਂ/ ਸੰਸਥਾਵਾਂ ਨੂੰ ਵਿਸ਼ੇਸ਼ ਸਥਾਨ ਦਿੰਦਾ ਆਇਆ ਹੈ, ਦਿੰਦਾ ਰਹੇਗਾ ਤੇ ਸਾਡੀ ਪਹਿਲੇ ਦਿਨ ਤੋਂ ਹੀ ਦੋਹਾਂ ਅਖਬਾਰਾਂ ਦੀ ਠੋਸ ਸੋਚ ਹੈ, ਅਸੀਂ ਅੰਧ ਵਿਸ਼ਵਾਸੀ ਇਸ਼ਤਿਹਾਰਾਂ ਨੂੰ ਸਥਾਨ ਨਹੀਂ ਦੇਵਾਂਗੇ ਤੇ ਕੋਸ਼ਿਸ਼ ਜਾਰੀ ਹੈ। ਬੇਸ਼ੱਕ ਅਸੀਂ ਅਜਿਹੇ ਕੀਮਤੀ ਪਰ ਅੰਧ ਵਿਸ਼ਵਾਸੀ ਇਸ਼ਤਿਹਾਰ ਨਾ ਲਗਾਉਣ ਕਰਕੇ ਆਰਥਿਕ ਨੁਕਸਾਨ ਵੀ ਝੱਲਦੇ ਆ ਰਹੇ ਹਾਂ, ਪ੍ਰੰਤੂ ਸਹੀ ਸੋਚ ਨਾਲ ਹੀ ਅੱਗੇ ਵਧਾਂਗੇ ਤੇ ਸਮਾਜ ਤੱਕ ਸਾਫ-ਸੁਥਰਾ ਮੈਟਰ ਲਿਜਾਣ ਦਾ ਦ੍ਰਿੜ ਇਰਾਦਾ ਹੈ।

**# ਡਾ ਅੰਬੇਦਕਰ ਦੇ ਜਨਮ ਦਿਨ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਬੋਲੀਨਾ ਵਿਖੇ ਕੰਪਿਊਟਰ ਸੈਂਟਰ ਅਤੇ ਲਾਇਬ੍ਰੇਰੀ ਦਾ ਉਦਘਾਟਨ ਦੀਆਂ ਕੁਝ ਯਾਦਕਾਰੀ ਤਸਵੀਰਾਂ।**

***Read more;***
***www.ambedkartimes.com***

# ਕੋਵਿਡ -19 ਦੀ ਦੂਜੀ ਲਹਿਰ ਨੇ ਬੱਚਿਆਂ ਦੇ ਸੁਪਨਿਆਂ ਨੂੰ ਚਕਨਾਚੂਰ ਕੀਤਾ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਸਕੂਲ ਜਾਣ ਵਾਲੇ ਬੱਚਿਆਂ ਦੇ ਸੁਪਨੇ ਕੋਵਿਡ -19 ਮਹਾਂਮਾਰੀ ਦੀ ਦੂਜੀ ਲਹਿਰ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹੁੰਦੇ ਹਨ। ਭਾਰਤ ਵਿਚ, ਜਿਆਦਾਤਰ ਵਿਦਿਅਕ ਸੰਸਥਾਵਾਂ ਮਾਰਚ 2020 ਦੇ ਸ਼ੁਰੂ ਵਿਚ ਬੰਦ ਹੋ ਗਈਆਂ ਸਨ. ਬੱਚਿਆਂ ਅਤੇ ਮਾਪਿਆਂ ਨੇ ਸੋਚਿਆ ਸੀ ਕਿ ਸਕੂਲ ਦੋ ਜਾਂ ਤਿੰਨ ਮਹੀਨਿਆਂ ਬਾਅਦ ਖੁੱਲ੍ਹ ਜਾਣਗੇ।

ਪਰ ਇੱਕ ਸਾਲ ਬਾਅਦ ਵੀ ਸਕੂਲ ਬੰਦ ਰਹੇ। ਇਸ ਦੇ ਨਾਲ, ਕੁਝ ਸਕੂਲ ਜੋ ਖੁੱਲ੍ਹੇ ਹਨ, ਕੋਵਿਡ ਫੈਲਣ ਦੀ ਨਵੀਂ ਲਹਿਰ ਦੁਆਰਾ ਬਹੁਤ ਮਾੜੇ ਪ੍ਰਭਾਵਿਤ ਹੋ ਰਹੇ ਹਨ.ਸਾਰੇ ਦੇਸ਼ ਸਕੂਲ ਇਕ ਵਾਰ ਫਿਰ ਬੰਦ ਕਰ ਪੈ ਗਏ ਕੋਵਿਡ ਨੇ ਬਹੁਤ ਖਤਰਨਾਕ ਰੁੱਖ ਆਪਣਾਇਆ ਹੋਇਆ ਹੈ ਜਿਸ ਕਰਕੇ ਸਾਰੇ ਦੇਸ਼ ਵਿੱਚ ਦਸਵੀਂ ਕਲਾਸ ਦੀਆਂ ਪ੍ਰੀਖਿਆਵਾ ਨੂੰ ਰੱਦ ਕਰਨ ਪਈਆਂ ਅਤੇ ਬਾਰਵੀਂ ਕਲਾਸ ਦੀਆਂ ਪ੍ਰੀਖਿਆਵਾ ਨੂੰ ਵੀ ਅੱਗੇ ਪਾਉਣਾ ਪਿਆ। ਲੱਗ ਇਹ ਰਿਹਾ ਹੈ ਕਿ ਬਾਰਵੀਂ ਜਮਾਤ ਦੀਆਂ ਪ੍ਰੀਖਿਆ ਵੀ ਸ਼ਾਇਦ ਰੱਦ ਕਰਨੀ ਪੈ ਸਕਦੀ ਹੈ ਕਿਉਂਕਿ ਕੋਰੋਨਾ ਬਹੁਤ ਜਿਆਦਾ ਖਤਰਨਾਕ ਹੋ ਗਿਆ ਹੈ। ਕਈ ਰਾਜਾਂ ਨੇ ਕੋਵਿਡ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕੇ ਅਤੇ ਅੰਸ਼ਕ ਤਾਲਾਬੰਦੀ ਕੀਤੀ ਹੈ।

ਕੋਵਿਡ -19 ਕਾਰਨ ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ, ਅਤੇ ਇਹ ਬਹੁਤ ਸਾਰੇ ਵਿਦਿਆਰਥੀਆਂ ਦੇ ਸੁਪਨੇ ਵੀ ਮਾਰ ਰਿਹਾ ਹੈ ਜੋ ਪੜ੍ਹਨਾ ਚਾਹੁੰਦੇ ਹਨ। ਅਸੀਂ ਪਿਛਲੇ ਸਾਲ ਦੇਸ਼ ਭਰ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਵਿਸ਼ਾਲ ਲਹਿਰ ਵੇਖੀ ਸੀ। ਆਪਣੇ ਪਰਿਵਾਰ ਅਤੇ ਬੱਚਿਆਂ ਦੇ ਨਾਲ ਬਹੁਤ ਸਾਰੇ ਕਾਮੇ ਨੰਗੇ ਪੈਰ ਅਤੇ ਅੱਧ-ਬੰਦ ਥੱਕੀਆਂ ਅੱਖਾਂ ਨਾਲ ਤੁਰ ਪਏ। ਇਨ੍ਹਾਂ ਬੱਚਿਆਂ ਦਾ ਕੀ ਹੋਇਆ? ਉਨ੍ਹਾਂ ਵਿੱਚੋਂ ਕਿੰਨੇ ਆਪਣੀ ਸਿੱਖਿਆ ਜਾਰੀ ਰੱਖੀ? ਉਨ੍ਹਾਂ ਦੇ ਮਾਪਿਆਂ ਦੀਆਂ ਨੌਕਰੀਆਂ ਖਤਮ ਹੋ ਗਈਆਂ, ਇਸ ਲਈ ਬਹੁਤ ਸਾਰੇ ਬਿਨਾਂ ਪੜ੍ਹਾਈ ਪੂਰੀ ਕੀਤੇ ਨੌਕਰੀ ਤੇ ਜਾ ਰਹੇ ਹਨ।

2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, 10.1 ਮਿਲੀਅਨ ਬੱਚੇ ਕਿਰਤ ਕਰਨ ਜਾਂ ਕੰਮ ਦੀ ਭਾਲ ਵਿੱਚ ਲੱਗੇ ਹੋਏ ਹਨ। ਯੂਨੀਸੈਫ ਦੇ 2015-2016 ਦੇ ਡੇਟਾ ਨੇ ਸਾਡੇ ਦੇਸ਼ ਵਿੱਚ ਛੱਡਣ ਦੀਆਂ ਦਰਾਂ ਦਾ ਪ੍ਰਦਰਸ਼ਨ ਕੀਤਾ। ਇਸ ਵਿਚ ਦੱਸਿਆ ਗਿਆ ਹੈ ਕਿ 8.5% ਬੱਚੇ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਪਹਿਲਾਂ ਹੀ ਛੱਡ ਜਾਂਦੇ ਹਨ। ਇਨ੍ਹਾਂ ਸਾਲਾਂ ਵਿੱਚ ਵਧੇਰੇ ਸਰਕਾਰੀ ਵਿਦਿਅਕ ਪਹਿਲਕਦਮੀਆਂ ਵਿਦਿਆਰਥੀਆਂ ਤੱਕ ਪਹੁੰਚੀਆਂ ਹਨ, ਪਰ ਮਹਾਂਮਾਰੀ ਨੇ ਪ੍ਰਕ੍ਰਿਆ ਨੂੰ ਉਲਟਾ ਦਿੱਤਾ ਹੈ।

ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਕਹਿੰਦੀ ਹੈ ਕਿ ਤਕਰੀਬਨ 24 ਮਿਲੀਅਨ ਸਕੂਲ ਜਾਣ ਵਾਲੇ ਬੱਚਿਆਂ ਦੀ ਪੂਰੀ ਦੁਨੀਆਂ ਵਿਚ ਪੜ੍ਹਾਈ ਛੱਡਣ ਦਾ ਜੋਖਮ ਹੈ। ਅਸੀਂ ਨਹੀਂ ਜਾਣਦੇ ਕਿ ਇਹ ਭਾਰਤ ਦੇ 250 ਮਿਲੀਅਨ ਵਿਦਿਆਰਥੀਆਂ ਨੂੰ ਕਿਵੇਂ ਪ੍ਰਭਾਵਤ ਕਰੇਗਾ ਪਰ ਬਹੁਤ ਸਾਰੇ ਵਿਦਿਆਰਥੀ ਸੱਚਮੁੱਚ ਛੱਡਣ ਦੇ ਕਿਨਾਰੇ 'ਤੇ ਹਨ। ਇਹ ਮਹਾਂਮਾਰੀ ਦੀ ਦੂਜੀ ਲਹਿਰ ਦੇ ਚੱਲਣ ਕਾਰਨ ਮਹੱਤਵਪੂਰਣ ਹੈ।

ਸਾਡੀ ਸਿੱਖਿਆ ਪ੍ਰਣਾਲੀ ਨਵੇਂ ਮੀਡੀਆ ਦੀ ਸਹਾਇਤਾ ਨਾਲ ਕਲਾਸਾਂ ਜਾਰੀ ਰੱਖਦੀ ਹੈ। ਇਹ ਇਸ ਮਹਾਂਮਾਰੀ ਦੀ ਸਥਿਤੀ ਵਿਚ ਮਹੱਤਵਪੂਰਣ ਹੈ। ਪਰ ਬਹੁਤ ਸਾਰੇ ਵਿਦਿਆਰਥੀ ਹੁਣ ਆਨਲਾਈਨ ਕਲਾਸਾਂ ਤੋਂ ਬਾਹਰ ਹਨ। ਪੰਜ ਰਾਜਾਂ ਵਿੱਚ ਕਿਸ਼ੋਰਾਂ ਵਿੱਚ ਇੱਕ ਤਾਜ਼ਾ ਸਰਵੇਖਣ ਦਰਸਾਉਂਦਾ ਹੈ ਕਿ ਸਿਰਫ 22% ਵਿਦਿਆਰਥੀ ਇੰਟਰਨੈਟ ਦੀ ਵਰਤੋਂ ਕਰਨਾ ਜਾਣਦੇ ਹਨ।

ਇਹ ਕਹਿੰਦਾ ਹੈ ਕਿ ਸਕੂਲ ਜਾਣ ਵਾਲੀਆਂ ਜ਼ਿਆਦਾਤਰ ਲੜਕੀਆਂ ਪੜ੍ਹਾਈ ਨਾਲੋਂ ਘਰੇਲੂ ਕੰਮਾਂ 'ਤੇ ਵਧੇਰੇ ਸਮਾਂ ਦਿੰਦੀਆਂ ਹਨ। ਬਹੁਤ ਸਾਰੀਆਂ ਸੰਸਥਾਵਾਂ ਅਤੇ ਅਧਿਕਾਰੀ ਵਿਦਿਆਰਥੀਆਂ ਨੂੰ ਸਮਾਰਟਫੋਨ ਅਤੇ ਲੈਪਟਾਪ ਪ੍ਰਦਾਨ ਕਰਦੇ ਹਨ, ਪਰ ਕਈਆਂ ਕੋਲ ਇਲੈਕਟ੍ਰਾਨਿਕ ਉਪਕਰਣ ਨਹੀਂ ਹੁੰਦੇ। ਦਿਹਾਤੀ ਅਤੇ ਦੂਰ ਦੁਰਾਡੇ ਦੇ ਖੇਤਰ ਬਿਜਲੀ ਅਤੇ ਨੈਟਵਰਕ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਜੇ ਉਨ੍ਹਾਂ ਕੋਲ ਯੰਤਰ ਹਨ, ਤਾਂ ਉਹ ਨੈਟਵਰਕ ਅਤੇ ਇੰਟਰਨੈਟ ਸਹੂਲਤਾਂ ਦੀ ਘਾਟ ਕਾਰਨ ਉਨ੍ਹਾਂ ਦੇ ਅਧਿਐਨ ਲਈ ਮਦਦਗਾਰ ਨਹੀਂ ਹਨ। ਇਹ ਡਰਾਪਆਊਟ ਅਤੇ ਬਾਲ ਵਿਆਹ ਦੇ ਪੀੜਤਾਂ ਦੀ ਗਿਣਤੀ ਵਿੱਚ ਵਾਧਾ ਵੱਲ ਖੜਦਾ ਹੈ।

ਇਨ੍ਹਾਂ ਸਮੱਸਿਆਵਾਂ ਨਾਲ ਕਿਵੇਂ ਨਜਿੱਠਣਾ ਹੈ ਇਹ ਮੁੱਖ ਪ੍ਰਸ਼ਨ ਹੈ। ਪਿਛਲੇ ਸਾਲ, ਬਹੁਤ ਸਾਰੇ ਵਿਦਿਆਰਥੀਆਂ ਨੂੰ ਆਨਲਾਈਨ ਕਲਾਸਾਂ ਦੇ ਸੰਬੰਧ ਵਿੱਚ ਬਹੁਤ ਸਾਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਹੁਣ ਦੂਜੀ ਲਹਿਰ ਵੀ ਉਨ੍ਹਾਂ ਦੇ ਸੁਪਨਿਆਂ ਲਈ ਖ਼ਤਰਾ ਹੈ। ਕੋਵਿਡ -19 ਦੀ ਬੇਮਿਸਾਲ ਘਟਨਾ ਨੇ ਸਾਡੀ ਸਿੱਖਿਆ ਪ੍ਰਣਾਲੀ ਨੂੰ ਬਦਲ ਦਿੱਤਾ। ਸਾਨੂੰ ਇਨ੍ਹਾਂ ਅਸਾਧਾਰਣ ਘਟਨਾਵਾਂ ਨਾਲ ਨਜਿੱਠਣ ਲਈ ਨਵੀਆਂ ਤਕਨੀਕਾਂ ਰਾਹੀਂ ਲੰਘਣਾ ਚਾਹੀਦਾ ਹੈ। ਆਨਲਾਈਨ ਸਿੱਖਿਆ ਚੰਗੀ ਹੈ, ਪਰ ਇਹ ਡਿਜੀਟਲ ਪਾੜੇ ਨੂੰ ਦਰਸਾਉਂਦੀ ਹੈ। ਯੋ-ਜਨਾਵਾਂ ਅਤੇ ਸਮਾਧਾਨਾਂ ਦਾ ਖਰੜਾ ਤਿਆਰ ਕਰਨ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੈ।

ਹਰ ਵਾਰਡ ਵਿੱਚ, ਘੱਟੋ ਘੱਟ ਇੱਕ ਕੰਪਿਊਟਰ, ਜ਼ਰੂਰੀ ਕਿਤਾਬਾਂ ਅਤੇ ਪ੍ਰੋਜੈਕਟਰ ਦੇ ਨਾਲ ਇੱਕ ਈ-ਸਿਖਲਾਈ ਕੇਂਦਰ ਸਥਾਪਤ ਕਰੋ। ਇਹ ਆਬਾਦੀ ਵਾਲੇ ਖੇਤਰਾਂ ਵਿੱਚ ਲਾਭਦਾਇਕ ਨਹੀਂ ਹੋ ਸਕਦਾ ਪਰ ਇਹ ਪੇਂਡੂ, ਅਲੱਗ-ਥਲੱਗ ਕਬਾਇਲੀ ਖੇਤਰਾਂ ਅਤੇ ਆਫ-ਗਰਿੱਡ ਖੇਤਰਾਂ ਵਿੱਚ ਹੋਵੇਗਾ। ਇਨ੍ਹਾਂ ਖੇਤਰਾਂ ਵਿੱਚ, ਹਰੇਕ ਵਿਦਿਆਰਥੀ ਲਈ ਇੱਕ ਆਨਲਾਈਨ ਕਲਾਸ ਸੰਭਵ ਨਹੀਂ ਹੈ। ਵਲੰਟੀਅਰਾਂ ਦੀ ਸਹਾਇਤਾ ਨਾਲ, ਉਹ ਹਫ਼ਤੇ ਵਿੱਚ ਘੱਟੋ ਘੱਟ ਇੱਕ ਵਾਰ ਕਲਾਸਾਂ ਲੈਂਦੇ ਸਨ। ਜੇ ਇਹ ਵਿਵਹਾਰਕ ਨਹੀਂ ਹੈ, ਤਾਂ ਅਸੀਂ ਵਿਦਿਆਰਥੀਆਂ ਲਈ ਥੋੜ੍ਹੇ ਸਮੇਂ ਦੇ ਕੋਰਸ ਪ੍ਰਦਾਨ ਕਰ ਸਕਦੇ ਹਾਂ। ਅਧਿਕਾਰੀਆਂ ਨੂੰ ਸਿਲੇਬਸ ਨੂੰ ਘਟਾਉਣ ਦੀ ਜ਼ਰੂਰਤ ਹੈ ਪਰ ਸਮਗਰੀ ਨੂੰ ਨਹੀਂ। ਇਹ ਸੁਨਿਸ਼ਚਿਤ ਕਰਨਾ ਸਾਡਾ ਫਰਜ਼ ਬਣਦਾ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਨਾ ਛੱਡਣ।

# ਗੂੰਗੇ ਅਤੇ ਬੋਲ਼ੇ ਬੱਚਿਆਂ ਦਾ ਵਿਕਾਸ ਕਿਵੇਂ ਕੀਤੀ ਜਾਵੇ

ਗੂੰਗੇ ਤੇ ਬੋਲੇ ਬੱਚਿਆਂ ਵਿੱਚ ਅਜਿਹੇ ਬੱਚੇ ਬਹੁਤ ਘੱਟ ਹਨ ਜੋ ਕਿ ਉੱਚੀ ਸਿਖਿਆ ਪ੍ਰਾਪਤ ਕਰਦੇ ਹਨ। ਬਹੁਤ ਸਾਰੇ ਬੱਚਿਆਂ ਦੀ ਵਿਦਿਆ ਅੱਠਵੀਂ ਜਾਂ ਦੱਸਵੀਂ ਸ਼੍ਰੇਣੀ ਤੱਕ ਪਹੁੰਚ ਕੇ ਖਤਮ ਹੋ ਜਾਂਦੀ ਹੈ। ਇਸ ਵਿਦਿਆ ਤੋ ਬਾਦ ਵੀ ਉਨ੍ਹਾਂ ਦੀ ਪੜ੍ਹਨ, ਲਿਖਣ ਤੇ ਸਮਝਣ ਦੀ ਸ਼ਕਤੀ ਦਾ ਵਿਕਾਸ ਬਹੁਤ ਹੀ ਘੱਟ ਹੁੰਦਾ ਹੈ। ਬਹੁਤ ਸਾਰੇ ਅਜਿਹੇ ਵਿਦਿਆਰਥੀ ਨਾਂ ਤਾਂ ਅਖਬਾਰ ਪੜ੍ਹ ਸਕਦੇ ਹਨ, ਨਾਂ ਕੋਈ ਮੈਗਜ਼ੀਨ। ਇਕ ਸਧਾਰਣ ਦਰਖ-ਾਸਤ ਵੀ ਉਹ ਨਹੀਂ ਲਿਖ ਸਕਦੇ। 10-12 ਸਾਲ ਸਕੂਲ ਵਿੱਚ ਬਿਤਾਉਣ ਤੋਂ ਬਾਦ ਵੀ ਜੇਕਰ ਉਨ੍ਹਾਂ ਦੀ ਅਜਿਹੀ ਹਾਲਤ ਹੈ ਤਾਂ ਸਾਨੂੰ ਜ਼ਰੂਰਤ ਹੈ ਕਿ ਅਸੀਂ ਗੂੰਗੇ ਤੇ ਬੋਲੇ ਬੱਚਿਆਂ ਦੀ ਸਿਖਿਆ ਪ੍ਰਣਾਲੀ ਵੱਲ ਧਿਆਨ ਦੇਈਏ।

ਇਸ ਔਕੜ ਦਾ ਸਭ ਤੋ ਵੱਡਾ ਕਾਰਨ ਹੈ ਬੱਚੇ ਨੂੰ ਘੋਟਾ ਲਗਾਉਣ ਦੀ ਆਦਤ ਪਾਉਣੀ। ਬਹੁਤ ਸਾਰੇ ਸਕੂਲਾਂ ਵਿੱਚ ਅਧਿਆਪਕ ਸੰਕੇਤਕ ਭਾਸ਼ਾ ਨਹੀਂ ਜਾਣਦੇ ਜਿਸ ਕਾਰਨ ਉਹ ਗੂੰਗੇ ਤੇ ਬੋਲੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਨਹੀਂ ਕਰ ਸਕਦੇ ਤੇ ਨਾਂ ਹੀ ਉਨ੍ਹਾਂ ਨੂੰ ਕਿਸੇ ਚੀਜ਼ ਨੂੰ ਵਿਸਤਾਰ ਨਾਲ ਸਮਝਾ ਸਕਦੇ ਹਨ। ਉਹ ਬਲੈਕ ਬੋਰਡ ਤੇ ਲਿਖ ਦਿੰਦੇ ਹਨ ਤੇ ਬੱਚਿਆ ਨੂੰ ਨਕਲ ਵਾਸਤੇ ਕਹਿ ਦਿੰਦੇ ਹਨ। ਬੱਚੇ ਭਾਵੇਂ ਲਿਖਤ ਰੂਪ ਵਿੱਚ ਬਹੁਤ ਕੁਝ ਕਰ ਲੈਣ ਪਰ ਬਹੁਤ ਸਾਰੇ ਸ਼ਬਦਾਂ ਦੇ ਅਰਥ ਉਨ੍ਹਾਂ ਦੀ ਸਮਝ ਤੋਂ ਬਾਹਰ ਹੁੰਦੇ ਹਨ। ਜਿਵੇਂ ਹੀ ਇਮਤਿਹਾਨ ਖਤਮ ਹੁੰਦਾ ਹੈ ਕੁਝ ਦਿਨ ਬਾਦ ਹੀ ਉਹ ਸਭ ਕੁਝ ਭੁੱਲ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਸਿਖਿਆ ਪ੍ਰਣਾਲੀ ਨੂੰ ਇਸ ਤਰਾਂ ਵਿਉਂਤੀਏ ਕਿ ਉਹ ਹਰ ਇਕ ਸ਼ਬਦ ਨੂੰ ਸਮਝਣ ਤੇ ਯਾਦ ਰੱਖਣ।

ਅਸੀਂ ਬਹੁਤ ਸਾਰੇ ਸ਼ਬਦ ਦਿਨ ਵਿੱਚ ਸੈਂਕੜੇ ਬਾਰ ਦੁਹਰਾਉਂਦੇ ਹਾਂ ਜਿਸ ਨਾਲ ਉਹ ਸਾਡੀ ਲੰਬੀ ਯਾਦ ਸ਼ਕਤੀ ਦਾ ਹਿੱਸਾ ਬਣ ਜਾਂਦੇ ਹਨ। ਪਰ ਗੂੰਗੇ ਤੇ ਬੋਲੇ ਬੱਚਿਆਂ ਵਿਚ ਅਜਿਹਾ ਨਹੀ ਹੁੰਦਾ ਕਿਉਂਕਿ ਉਹ ਸ਼ਬਦਾਂ ਨੂੰ ਦਿਨ ਵਿੱਚ ਥੋੜਾ ਹੀ ਵਰਤਦੇ ਹਨ। ਅਸੀਂ ਜਾਣਦੇ ਹਾਂ ਕਿ ਕੋਈ ਵੀ ਨਵੀਂ ਜਾਣਕਾਰੀ ਜਾਂ ਸ਼ਬਦ ਪਹਿਲਾਂ ਸਾਡੀ ਨੇੜਲੀ ਯਾਦ ਸ਼ਕਤੀ ਵਿਚ ਰਹਿੰਦਾ ਹੈ ਪਰ ਉਸਨੂੰ ਬਾਰ-ਬਾਰ ਵਰਤਣ ਤੇ ਉਹ ਸਾਡੀ ਲੰਬੀ ਯਾਦ ਸ਼ਕਤੀ ਵਿੱਚ ਚਲਿਆ ਜਾਂਦਾ ਹੈ ਤੇ ਫਿਰ ਸਾਨੂੰ ਕਦੇ ਨਹੀਂ ਭੁਲਦਾ। ਗੂੰਗੇ ਤੇ ਬੋਲੇ ਬੱਚਿਆਂ ਦੀ ਸ਼ਬਦਾਵਲੀ ਦਾ ਵਿਸਤਾਰ ਸੁਣ ਕੇ ਵੀ ਨਹੀਂ ਹੁੰਦਾ ਇਸ ਕਾਰਨ ਉਨ੍ਹਾਂ ਨੂੰ ਇੱਕ ਸ਼ਬਦ ਸਿੱਖਣ ਲਈ ਕਈ ਦਿਨ ਵੀ ਲੱਗ ਸਕਦੇ ਹਨ।



ਸਾਡੀ ਸਾਰੀ ਪੜ੍ਹਾਈ ਸੁਣਨ ਵਾਲੇ ਬੱਚਿਆ ਦੀਆ ਜ਼ਰੂਰਤਾਂ ਨੂੰ ਹੀ ਵੇਖਦੇ ਹੋਏ ਹੀ ਵਿਉਂਤੀ ਜਾਣੀ ਚਾਹੀਦੀ ਹੈ। ਗੂੰਗੇ ਤੇ ਬੋਲੇ ਬੱਚਿਆ ਦੀ ਪੜ੍ਹਾਈ ਬਾਰੇ ਵਿਸਤਾਰ ਵਿਚ ਜਾਣਕਾਰੀ ਲਿਖਤ ਰੂਪ ਵਿੱਚ ਹਰ ਇਕ ਸਕੂਲ ਵਿੱਚ ਹੋਣੀ ਚਾਹੀਦੀ ਹੈ। ਪੰਜਾਬੀ ਸੰਕੇਤਕ ਭਾਸ਼ਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਜੋ ਗੂੰਗੇ ਤੇ ਬੋਲੇ ਬੱਚੇ ਬੁੱਲਾਂ ਦੀਆ ਹਰਕਤਾਂ ਤੋ ਕਾਫੀ ਸ਼ਬਦ ਬੋਲਣ ਲੱਗ ਜਾਂਦੇ ਹਨ ਉਨ੍ਹਾਂ ਦੀ ਭਾਸ਼ਾ ਦਾ ਵਿਸਤਾਰ ਸੰਕੇਤਕ ਭਾਸ਼ਾ ਰਾਹੀਂ ਜਲਦੀ ਹੋ ਸਕਦਾ ਹੈ। ਛੋਟੇ ਬੱਚੇ ਵੀ ਬੋਲਣਾ ਸਿੱਖਣ ਤੋ ਪਹਿਲਾਂ ਸੰਕੇਤਾਂ ਨੂੰ ਹੀ ਸਮਝਦੇ ਹਨ। ਇਸ ਲਈ ਵੀ ਸੰਕੇਤਿਕ ਭਾਸ਼ਾ ਜਰੂਰੀ ਹੋ ਜਾਂਦੀ ਹੈ। ਇੱਕ ਖੋਜ ਅਨੁਸਾਰ ਜਿਨ੍ਹਾਂ ਬੱਚਿਆਂ ਨੂੰ ਬੋਲਣ ਵਿੱਚ ਕੋਈ ਔਕੜ ਆਉਂਦੀ ਹੈ ਤਾਂ ਸੰਕੇਤਿਕ ਭਾਸ਼ਾ ਦੀ ਮਦਦ ਨਾਲ ਉਨ੍ਹਾਂ ਦੀ ਬੋਲੀ ਦਾ ਵਿਕਾਸ ਵੀ ਜਲਦੀ ਹੋ ਜਾਂਦਾ ਹੈ। ਬਚਪਨ ਤੋਂ ਹੀ ਹਰ ਇੱਕ ਬੱਚੇ ਨੂੰ ਇੱਕ ਭਾਸ਼ਾ ਦੀ ਲੋੜ ਹੈ ਜਿਸ ਦਾ ਉਸਦੇ ਆਸ ਪਾਸ ਦੇ ਵਾਤਾਵਰਣ ਨਾਲ ਡੂੰਘਾ ਸਬੰਧ ਹੋਵੇ। ਗੂੰਗੇ ਤੇ ਬੋਲੇ ਬੱਚਿਆ ਲਈ ਇਹ ਸੰਕੇਤਿਕ ਭਾਸ਼ਾ ਹੀ ਹੋ ਸਕਦੀ ਹੈ।

ਪੰਜਾਬੀ ਸੰਕੇਤਿਕ ਭਾਸ਼ਾ ਅੱਜ ਪਹਿਲੀ ਵਾਰ ਲਿਖਤੀ ਰੂਪ ਵਿੱਚ ਉਭਰੀ ਹੈ ਤੇ ਹੋਰ ਭਾਸ਼ਾਵਾਂ ਵਾਂਗ ਹੀ ਅਸੀਂ ਜਿੰਨ੍ਹਾ ਇਸ ਨੂੰ ਵਰਤਾਂਗੇ ਉਨ੍ਹਾਂ ਹੀ ਇਸ ਦਾ ਵਿਕਾਸ ਹੋਵੇਗਾ। ਅਮਰੀਕਨ ਸੰਕੇਤਕ ਭਾਸ਼ਾ ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਵਰਤੀ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਤੀਸਰੇ ਨੰਬਰ ਤੇ ਹੈ। ਅੱਜ ਸਵੀਡਨ ਤੇ ਡੈਨਮਾਰਕ ਵਿੱਚ ਗੂੰਗੇ ਤੇ ਬੋਲੇ ਅਤੇ ਸੁਣਨ ਵਾਲੇ ਬੱਚੇ ਇੱਕਠੇ ਹੀ ਗਰੈਜੂਏਸ਼ਨ ਕਰ ਰਹੇ ਹਨ ਇਸ ਦਾ ਵੱਡਾ ਕਾਰਨ ਹੈ ਗੂੰਗੇ ਤੇ ਬੋਲੇ ਬੱਚਿਆਂ ਲਈ ਦੋ ਭਾਸ਼ਾਵਾਂ, ਇਕ ਸੰਕੇਤਕ ਭਾਸ਼ਾ ਤੇ ਦੂਸਰੀ ਉਨ੍ਹਾਂ ਦੇ ਦੇਸ਼ ਦੀ ਭਾਸ਼ਾ।

ਪੰਜਾਬੀ ਸੰਕੇਤਕ ਭਾਸ਼ਾ ਨੇ ਬਹੁਤ ਅੱਗੇ ਵਧਣਾ ਹੈ। ਹਰ ਖੇਤਰ ਲਈ ਸੰਕੇਤਕ ਭਾਸ਼ਾ ਦੀ ਲੋੜ ਹੈ ਇਸ ਵਾਸਤੇ ਸਾਰੇ ਅਧਿਆਪਕਾਂ, ਮਾਪਿਆਂ ਤੇ ਸਿਖਿਆ ਪ੍ਰਣਾਲੀ ਦੇ ਮਾਹਿਰਾਂ ਦੇ ਸਹਿਯੋਗ ਦੀ ਲੋੜ ਹੈ। ਇਸ ਭਾਸ਼ਾ ਦੀ ਵਰਤੋਂ ਸਭ ਤੋਂ ਪਹਿਲਾਂ ਮਾਪੇ ਕਰਨਗੇ ਤਾਂ ਕਿ ਬੱਚਾ ਜਦੋਂ ਸਕੂਲ ਪਹੁੰਚੇ ਤਾਂ ਉਹ 250-300 ਸ਼ਬਦ ਸੰਕੇਤ ਕਰਨਾਂ ਜ਼ਰੂਰ ਸਿੱਖੇ। ਇਸ ਨਾਲ ਉਸਦੀ ਭਾਸ਼ਾ ਤੇ ਬੋਲੀ ਦੇ ਵਿਕਾਸ ਵਿੱਚ ਚੰਗੀ ਗਤੀ ਆ ਜਾਵੇਗੀ। ਯਾਦ ਰਹੇ ਕਿ ਜਿਸ ਗਤੀ ਨਾਲ ਬੱਚੇ ਦਾ 4-5 ਸਾਲ ਦੀ ਉਮਰ ਵਿਚ ਵਿਕਾਸ ਹੋ ਸਕਦਾ ਹੈ ਉਹ ਵਡੇਰੀ ਉਮਰ ਵਿਚ ਨਹੀ ਹੋ ਸਕਦਾ। ਜੇ ਕਰ ਅੱਜ ਅਮਰੀਕਾ ਵਿਚ 10 ਮਹੀਨੇ ਦਾ ਬੱਚਾ ਸੰਕੇਤ ਰਾਂਹੀ ਦੁੱਧ ਦੀ ਬੋਤਲ ਮੰਗ ਸਕਦਾ ਹੈ ਤਾਂ ਇਹ ਯੋਗਤਾ ਸਾਰੇ ਬੱਚਿਆਂ ਤੱਕ ਪਹੁੰਚਣੀ ਚਾਹੀਦੀ ਹੈ।

# ਸੱਭਿਆਚਾਰ ਤੇ ਸੋਸ਼ਲ ਮੀਡੀਆ ਵਿੱਚਕਾਰ ਸੰਬੰਧ

ਪੰਜਾਬੀ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਂਚ ਸੱਭਿਆਚਰ ਹੈ। ਜਿਸ ਵਿੱਚ ਉਹਨਾਂ ਲੋਕਾਂ ਦਾ ਰਹਿਣ-ਸਿਹਣ, ਕਿੱਤੇ, ਰਸਮ-ਰਿਵਾਜ, ਰਿਸ਼ਤੇ-ਨਾਤੇ, ਪਹਿਰਾਵਾ, ਹਾਰ-ਸ਼ਿੰਗਾਰ, ਵਿਸ਼ਵਾਸ, ਕੀਮਤਾਂ, ਮੰਨੋਰੰਜਨ ਦੇ ਸਾਧਨ, ਭਾਸ਼ਾ ਤੇ ਲੋਕ-ਸਾਹਿਤ ਆਦਿ ਸ਼ਾਮਲ ਹੁੰਦੇ ਹਨ। ਸੱਭਿਆਚਾਰ ਆਪਣੇ-ਆਪ ਵਿੱਚ ਇੱਕ ਜਟਿਲ-ਵਰਤਾਰਾ ਹੈ।

ਸ਼ੋਸ਼ਲ ਮੀਡੀਆ ਸੰਚਾਰ ਕਰਨ ਵਿੱਚ ਸਹਾਇਕ ਇੱਕ ਮਾਧਿਅਮ ਹੈ। ਜਿਹੜਾ ਲੋਕਾਕਂ ਨੂੰ ਜਾਣਕਾਰੀ ਸਾਂਝੀ ਕਰਨ ਵਿੱਚ ਸਹਾਇਕ ਹੈ। ਇਸ ਨਾਲ ਦੂਰ ਦੇਸਾਂ ਵਿਦੇਸ਼ਾਂ ਵਿੱਚ ਬੈਠੇ ਲੋਕਾਂ ਦੀ ਸਾਂਝਦਾਰੀ ਵੱਧਦੀ ਹੈ। ਉਹ ਕੋਈ ਵੀ ਜਾਣਕਾਰੀ ਆਪਸ ਵਿੱਚ ਸਾਂਝੀ ਕਰਦੇ ਹਨ। ਸੋਸ਼ਲ ਮੀਡੀਆ ਦੀਆਂ ਬੁਹਤ ਸਾਰੀਆਂ ਕਿਸਮਾਂ ਹਨ।

### ਸੱਭਿਆਚਾਰ ਤੇ ਸੋਸ਼ਲ ਮੀਡੀਆ ਵਿੱਚਕਾਰ ਸੰਬੰਧ

### ਸੋਸ਼ਲ ਮੀਡੀਆ ਦੇ ਸੱਭਿਆਚਾਰ 'ਤੇ ਪ੍ਰਭਾਵ

### ਸਕਾਰਾਤਮਕ ਪ੍ਰਭਾਵ

ਸਮਾਜ ਵਿੱਚ ਹਰੇਕ ਪਹਿਲ ਦੇ ਦੋ ਪ੍ਰਭਾਵ ਹੁੰਦੇ ਹਨ, ਚੰਗੇ ਅਤੇ ਮਾੜੇ। ਇਸ ਤਰ੍ਹਾਂ ਸੋਸ਼ਲ ਮੀਡੀਆਂ ਵੀ ਇੱਕ ਅਜਿਹਾ ਪਹਿਲੂ ਹੈ ਜੋ ਸਮਾਜ ਦੇ ਲੋਕਾਂ ਲਈ ਲਾਭਕਾਰੀ ਹੋਣ ਦੇ ਨਾਲ-ਨਾਲ ਵਿਨਾਸ਼ਕਾਰੀ ਵੀ ਸਿੱਧ ਹੁੰਦਾ ਹੈ। ਸੋਸ਼ਲ ਮੀਡੀਆ 'ਤੇ ਪੇਸ਼ ਕੀਤੀਆਂ ਜਾਂਦੀਆਂ ਵੀਡੀਓਜ਼ ਵੱਖ-ਵੱਖ ਰਿਸ਼ਤਿਆਂ ਨੂੰ ਉਜਾਗਰ ਕਰਦੀਆਂ ਹਨ।ਕਈ ਲੋਕਾਂ ਲਈ ਇਹ ਸਬਕ ਸਿੱਖਣ ਦਾ ਜ਼ਰੀਆਂ ਵੀ ਬਣਦੀਆਂ ਹਨ। ਸੋਸ਼ਲ ਮੀਡੀਆ ਬਹੁਤ ਸਾਰੀਆਂ ਧੁੰਦਲੀਆਂ ਤੇ ਖ਼ਤਮ ਹੋ ਚੁੱਕੀਆਂ ਸੱਭਿਆਚਾਰਕ ਵੰਨਗੀਆਂ ਨੂੰ ਮੁੜ ਸੁਰਜੀਤ ਕਰਨ ਵਿੱਚ ਇੱਕ ਅਹਿਮ ਭੂਮਿਕਾ ਅਦਾ ਕਰਦਾ ਹੈ। ਸੋਸ਼ਲ ਮੀਡੀਆ 'ਤੇ ਸੂਝਵਾਨ ਲੋਕਾਂ ਵੱਲੋਂ ਪ੍ਰਚਾਰੀ ਜਾਂਦੀ ਸਮੱਗਰੀ ਸਮਾਜ ਵਿੱਚ ਭਰੂਣ-ਹੱਤਿਆ, ਨਸ਼ਾ ਅਤੇ ਦਾਜ-ਦਹੇਜ ਵਰਗੀਆਂ ਕਈ ਸਮਾਜਿਕ ਕੁਰੀਤੀਆਂ ਤੇ ਅੰਧ-ਵਿਸ਼ਵਾਸਾਂ ਤੋਂ ਲੋਕਾਂ ਨੂੰ ਸੁਚੇਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੋਸ਼ਲ ਮੀਡੀਆ ਸਮਾਜ ਨੰ ਕਰਮ-ਕਾਂਡਾ ਵਿੱਚੋ ਕੱਢ ਕੇ ਨਵੀਂ ਸੇਧ ਵੀ ਪ੍ਰਦਾਨ ਕਰਦਾ ਹੈ। ਸੋਸ਼ਲ ਮੀਡੀਆਂ ਦੇਸ਼ ਭਰ ਵਿੱਚ ਮਨਾਏ ਜਾਂਦੇ ਤਿੱਥਾਂ-ਤਿਉਹਾਰਾਂ ਨਾਲ ਜੋੜਦਾ ਹੈ। ਉਹਨਾਂ ਨਾਲ ਸੰਬੰਧਿਤ ਇਤਿਹਾਸ ਤੋਂ ਜਾਣੂ ਕਰਵਾਉਂਦਾ ਹੈ। ਸੋਸ਼ਲ ਮੀਡੀਆ ਪੁਰਾਤਨ ਇਤਿਹਾਸ ਤੇ ਸੱਭਿਆਚਾਰਕ ਵਿਰਾਸਤ ਨਾਲ ਵੀ ਜੋੜਦਾ ਹੈ। ਹਰ ਕਿਸੇ ਲਈ ਹਰ ਥਾਂ ਜਾਣਾ ਸੰਭਵ ਨਹੀਂ ਹੁੰਦਾ ਪਰ ਸੋਸ਼ਲ ਮੀਡੀਆ ਘਰ ਬੈਠੇ ਹੀ ਪੁਰਾਤਨ ਵਿਰਾਸਤ ਤੇ ਉਸ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਾ ਹੈ। ਸੋਸ਼ਲ ਮੀਡੀਆ ਕਈ ਵਾਰੀ ਸਾਂਝੇ ਮਨਾਂ ਵਿੱਚ ਚੱਲਦੇ ਸਵਾਲਾਂ ਦੀ ਅਚਨਚੇਤ ਪੂਰਤੀ ਕਰਦਾ ਹੈ।

ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਵੀਡੀਓਜ਼ ਤੇ ਤਸਵੀਰਾਂ ਆਦਿ ਮਨੁੱਖੀ ਮਨਾਂ ਨੂੰ ਓਤ-ਪੋਤ ਕਰਦੀਆਂ ਹਨ। ਵਿਰਾਸਤੀ ਮੇਲਿਆਂ ਦੇ ਦ੍ਰਿਸ਼, ਖੂਹਾਂ ਦੇ ਦ੍ਰਿਸ਼, ਗੱਭਰੂ ਮੁਟਿਆਰਾਂ ਦੇ ਲੋਕ-ਨਾਚ, ਬੱਚਿਆਂ ਦੀਆਂ ਖੇਡਾਂ, ਤ੍ਰਿੰਞਣ ਆਦਿ ਸੱਭਿਆਚਾਰਕ ਤੇ ਵਿਰਾਸਤੀ ਦ੍ਰਿਸ਼ਾਂ ਨੂੰ ਪੇਸ਼ ਕਰਕੇ ਸੋਸ਼ਲ ਮੀਡੀਆਂ ਲੋਕ ਮਨਾਂ ਦੀ ਤਰਜਮਾਨੀ ਕਰਦਾ ਹੈ। ਸੋਸ਼ਲ ਮੀਡੀਆ 'ਤੇ ਉਹ ਤਸਵੀਰਾਂ, ਵਿਚਾਰ, ਵੀਡਿਓ, ਕਹਾਣੀਆਂ ਆਦਿ ਵੀ ਉਜਾਗਰ ਹੁੰਦੀਆਂ ਹਨ, ਜਿਹਨਾਂ ਨੂੰ ਵਿਦਵਾਨ ਜਾਂ ਪ੍ਰਿੰਟ ਮੀਡੀਆਂ ਪੇਸ਼ ਕਰਨ ਵਿੱਚ ਪੱਛੜ ਜਾਂਦਾ ਹੈ ਪਰ ਇਹ ਸਮਾਜ ਵਿੱਚ ਵਿਚਰ ਰਹੇ ਨੌਜਵਾਨਾਂ ਨੂੰ ਹਿੰਮਤ, ਹੌਸਲੇ ਨਾਲ ਅੱਗੇ ਵੱਧਣ ਅਤੇ ਸਦਾਚਾਰਕ ਗੁਣਾਂ ਨਾਲ ਓਤ-ਪੋਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ। ਸੋਸ਼ਲ ਮੀਡੀਆ ਲੋਕਾਂ ਨੂੰ ਉਹਨਾਂ ਲੁਕੀਆਂ ਹੋਈਆਂ ਸਖ਼ਸੀਅਤਾਂ ਤੋਂ ਵੀ ਜਾਣੂ ਕਰਵਾਉਂਦਾ ਹੈ, ਜਿਹਨਾਂ ਦੀ ਸਮਾਜ ਨੂੰ ਸੇਧ ਦੇਣ ਲਈ ਲੋੜ ਹੁੰਦੀ ਹੈ। ਸੋਸ਼ਲ ਮੀਡੀਆ ਵੱਲੋਂ ਅਜਿਹੀਆਂ ਸਖ਼ਸੀਅਤਾਂ ਦਾ ਆਗਮਨ ਕੁਰਾਹੇ ਪੈ ਰਹੀ ਨਵੀਂ ਪੀੜ੍ਹੀ ਨੂੰ ਸੁਚੇਤ ਕਰਨ ਅਤੇ ਉਹਨਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਭਰਨ ਵਿੱਚ ਸਹਾਈ ਹੁੰਦਾ ਹੈ।

### ਨਕਾਰਾਤਮਕ ਪ੍ਰਭਾਵ

ਜਿੱਥੇ ਸੋਸ਼ਲ ਮੀਡੀਆਂ ਦੇ ਸੱਭਿਆਚਾਰ 'ਤੇ ਚੰਗੇ ਪ੍ਰਭਾਵ ਪਏ ਹਨ। ਉਸੇ ਤਰ੍ਹਾਂ ਸੋਸ਼ਲ ਮੀਡੀਆਂ ਦੇ ਬਹੁਤ ਸਾਰੇ ਨੁਕਸਾਨ ਵੀ ਹਨ। ਸੋਸ਼ਲ ਮੀਡੀਆਂ ਤੇ ਅਪਲੋਡ ਕੀਤੀਆਂ ਜਾਣ ਵਾਲੀਆਂ ਵੀਡੀਓ ਜਿਹਨਾਂ ਦਾ ਸਿੱਧਾ ਅਸਰ ਮਨੁੱਖ ਦੀ ਮਾਨਸਿਕਤਾ ਤੇ ਹੁੰਦਾ ਹੈ ਤੇ ਮਨੁੱਖ ਉਸ ਵਿੱਚ ਹੀ ਉਲਝ ਕੇ ਰਹਿ ਜਾਂਦਾ ਹੈ। ਸੋਸ਼ਲ ਮੀਡੀਆਂ ਤੇ ਕਈ ਵੀਡੀਓ ਧਰਮ ਨਾਲ ਸੰਬੰਧਿਤ ਹੁੰਦੀਆਂ ਹਨ ਜੋ ਧਰਮ ਦਾ ਪ੍ਰਚਾਰ ਅਤੇ ਇਹ ਮਨੁੱਖ ਦੀ ਮਾਨਸਿਕਤਾ ਨਾਲ ਖੇਡ ਖੇਡਦੀਆਂ ਹਨ। ਸੋਸ਼ਲ ਮੀਡੀਆਂ ਤੇ ਪੇਸ਼ ਕੀਤੀਆਂ ਜਾਣ ਵਾਲੀਆਂ ਬਹੁਤ ਸਾਰੀਆਂ ਵੀਡੀਓ ਅ-ਜਹੀਆਂ ਹੁੰਦੀਆਂ ਹਨ ਜੋ ਸਾਨੂੰ ਸਰਮਸਾਰ ਕਰ ਦਿੰਦੀਆਂ ਹਨ। ਜਰੂਰਤ ਤੋਂ ਜ਼ਿਆਦਾ ਚੀਜ਼ ਮਨੁੱਖ ਲਈ ਘਾਤਕ ਹੁੰਦੀ ਹੈ। ਸੋਸ਼ਲ ਮੀਡੀਆ ਨੇ ਮਨੁੱਖ ਅੰਦਰ ਇੱਕਲਤਾ ਪੈਦਾ ਕੀਤੀ ਹੈ। ਸੋਸ਼ਲ ਮੀਡੀਆਂ ਦਾ ਵਰਤੋਕਾਰ ਇਸ ਵਿੱਚ ਇੰਨਾ ਰੁੱਝ ਜਾਂਦਾ ਹੈ ਕਿ ਉਸਨੂੰ ਆਪਣੇ ਆਲੇ-ਦੁਆਲੇ ਜੋ ਵਾਪਰ ਰਿਹਾ ਹੈ ਕੁੱਝ ਪਤਾ ਨਹੀਂ ਲੱਗਦਾ।

ਸੋਸ਼ਲ ਮੀਡੀਆਂ ਜਿੱਥੇ ਲੋਕਾਂ ਦੇ ਗਿਆਨ ਵਿੱਚ ਵਾਧਾ ਕਰਦਾ ਹੈ ਉੱਥੇ ਇਹ ਖ਼ਤਰਨਾਕ ਵੀ ਬਣਿਆ ਹੋਇਆ ਹੈ ਕਿ ਇਹ ਨਵੀਂ ਪੀੜ੍ਹੀ ਨੂੰ ਅੰਦਰੋਂ ਖੋਖ਼ਲਾ ਹੀ ਨਾ ਕਰ ਦੇਵੇ। ਅਜੋਕੇ ਸਮੇਂ ਦੇ ਬੱਚੇ ਸਰੀਰਕ ਖੇਡਾਂ ਨੂੰ ਭੁੱਲ ਕੇ ਘੰਟਿਆਂ ਤੱਕ ਬੱਚੇ ਫੋਨਾਂ ਨੂੰ ਖੇਡਦੇ ਰਹਿੰਦੇ ਹਨ। ਸੋਸ਼ਲ ਮੀਡੀਆ ਤੇ ਕਈ ਅਜਿਹਾ ਕੁੱਝ ਸ਼ੇਅਰ ਕੀਤਾ ਜਾਂਦਾ ਹੈ ਜਿੰਨਾ ਨੂੰ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਉਸ ਨੂੰ ਸ਼ੇਅਰ ਕਰਨ ਵਾਲਾ ਇਨਸਾਨ ਕਿੰਨ੍ਹਾ ਘਟੀਆ ਹੋਵੇਗਾ ਕਿਉਂਕਿ ਕਈ ਚੀਜ਼ਾਂ ਸਮਾਜ ਵਿੱਚ ਪਰਦੇ ਅੰਦਰ ਰੱਖਣ ਵਾਲੀਆਂ ਹੁੰਦੀਆਂ ਹਨ। ਸੋਸ਼ਲ ਮੀਡੀਆ ਤੇ ਅਜਿਹਾ ਪ੍ਰਚਾਰ ਕਈ ਵਾਰ ਇਨਸਾਨੀ ਮਾਨਸਿਕਤਾ ਦਾ ਮਨੁੱਖ ਦੇ ਅਚੇਤ ਤੇ ਚੇਤ ਮਨ ਦੋਹਾਂ ਤੇ ਅਸਰ ਹੁੰਦਾ ਹੈ। ਸੋਸ਼ਲ ਮੀਡੀਆ ਦਾ ਲੋੜ ਤੋਂ ਵੱਧ ਪ੍ਰਚਾਰ ਤੇ ਪ੍ਰਸਾਰ ਵੀ ਮਾਨਸਿਕ ਤਣਾਅ ਦਾ ਕਾਰਨ ਬਣਦਾ ਹੈ।

### ਸੱਭਿਆਚਾਰ ਅਤੇ ਸ਼ੋਸ਼ਲ ਮੀਡੀਆ ਦੀ ਅਹਿਮੀਅਤ

ਅਸਲ ਵਿੱਚ ਮੀਡੀਆ ਦਾ ਮੁੱਖ ਪ੍ਰੋਜੈਕਟ ਇੱਕ ਅਜਿਹੇ ਅਜਿਹੇ ਮਨੁੱਖ ਦੀ ਸਿਰਜਣਾ ਕਰਨਾ ਹੈ ਜਿਹੜਾ ਸੱਭਿਆਚਾਰਕ ਮਨੁੱਖ ਦੀ ਬਜਾਏ ਪਦਾਰਥਕ ਮਨੁੱਖ ਦੀਆਂ ਵਿਸ਼ੇਸ਼ਤਾਵਾਂ ਦਾ ਧਾਰਨੀ ਹੋਵੇ। ਇੱਕ ਪੰਜਾਬੀ ਦੇ ਮਾਮਲੇ ਵਿੱਚ ਇਹ ਮਨੋਰਥ ਤਾਂ ਸਿੱਧ ਹੁੰਦਾ ਹੈ ਜੋ ਉਹ ਆਪਣੀ ਜ਼ਮੀਨ ਅਤੇ ਆਪਣੀ ਭਾਸ਼ਾਈ ਵਿਰਸੇ ਤੋਂ ਟੁੱਟਦਾ ਹੈ। ਇਸ ਮਨੋਰਥ ਲਈ ਮੀਡੀਏ ਰਾਹੀਂ ਉਸ ਅੰਦਰ ਇੱਕ ਅਜਿਹੀ ਜੀਵਨ ਜਾਂਚ ਦਾ ਪ੍ਰਵੇਸ਼ ਕਰਵਾਇਆ ਜਾਂਦਾ ਹੈ ਜਿਹੜੀ ਹੱਕ, ਮਿਹਨਤ ਤੇ ਸਬਰ ਦੀ ਥਾਂ ਬਦਮਾਸ਼ੀ, ਦਿਸ਼ਾਹੀਨ, ਸ਼ਰਮਗਤੀ, ਸੈਕਸ, ਦਾਰੂ ਨੂੰ ਆਪਣਾ ਮਨੋਰਥ ਮਿੱਥ ਰਹੀ ਹੈ।

ਅਜੋਕੇ ਸਮੇਂ ਵਿੱਚ ਮੀਡੀਆ ਸਾਡੀ ਲੋੜ ਵੀ ਹੈ ਅਤੇ ਆਦਤ ਵੀ। ਸਾਡੇ ਸੱਭਿਆਚਾਰ ਨੂੰ ਸਮਝਣ, ਸੰਭਾਲਣ ਤੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਵਧਾਉਣ ਵਿੱਚ ਮੀਡੀਆਂ ਅਹਿਮ ਰੋਲ ਨਿਭਾ ਸਕਦਾ ਹੈ। ਮੁਲਕ ਦੀ ਤਰੱਕੀ ਲਈ ਵਿਸ਼ਵ ਪੱਧਰ ਤੇ ਸਾਨੂੰ ਅੰਤਰ-ਰਾਸ਼ਟਰੀ ਮਸਲਿਆਂ ਅਤੇ ਘਟਨਾਵਾਂ ਨਾਲ ਜੋੜਨ ਵਾਲਾ ਸੋਸ਼ਲ ਮੀਡੀਆ ਹੈ।

ਕੁਝ-ਕੁ ਕਮੀਆਂ ਜਾ ਖ਼ਾਮੀਆਂ ਹਨ ਜਿੰਨ੍ਹਾਂ ਨੂੰ ਦੂਰ ਕਰਕੇ ਸੋਸ਼ਲ ਮੀਡੀਆਂ ਨੂੰ ਪੰਜਾਬੀ ਸੱਭਿਆਚਾਰ ਦਾ ਅਹਿਮ ਹਿੱਸਾ ਬਣਦੇ ਦੇਖਿਆ ਜਾ ਸਕਦਾ ਹੈ ਫਿਰ ਮੀਡੀਆ ਸੱਭਿਆਚਾਰ ਨੂੰ ਦਿਸ਼ਾਹੀਣ ਬਣਾਉਣ ਵਾਲਾ ਨਹੀਂ ਬਲਕਿ ਸਕਰਾਤਮਕ ਲੀਹਾਂ ਤੇ ਤੋਰਦਾ ਦਿਖਾਈ ਦੇਵੇਗਾ।

# ਅੰਮ੍ਰਿਤਪਾਲ ਸਿੰਘ ਸ਼ੈਦਾ ਦੀ ਪਲੇਠੀ ਪੁਲਾਂਘ : ਗ਼ਜ਼ਲ ਸੰਗ੍ਰਹਿ 'ਫ਼ਸਲ ਧੁੱਪਾਂ ਦੀ'




ਉਜਾਗਰ ਸਿੰਘ

ਅੰਮ੍ਰਿਤਪਾਲ ਸਿੰਘ ਸ਼ੈਦਾ ਪੰਜਾਬੀ ਗ਼ਜ਼ਲ ਦਾ ਸਮਰਥ ਗ਼ਜ਼ਲਗੋ ਹੈ। ਪਿਛਲੇ 35 ਸਾਲਾਂ ਤੋਂ ਗ਼ਜ਼ਲ ਲਿਖ ਰਿਹਾ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਦੇ ਸ਼ੇਅਰ ਭਾਵੇਂ ਸਰਲ ਸ਼ਬਦਾਵਲੀ, ਠੇਠ ਪੰਜਾਬੀ ਅਤੇ ਆਮ ਜਨ ਜੀਵਨ ਵਿਚੋਂ ਹੁੰਦੇ ਹਨ ਪ੍ਰੰਤੂ ਉਨ੍ਹਾਂ ਦੇ ਅਰਥ ਬਹੁਤ ਹੀ ਡੂੰਘੇ ਅਤੇ ਇਨਸਾਨੀ ਮਨਾ ਨੂੰ ਕੁਰੇਦਣ ਵਾਲੇ ਹੁੰਦੇ ਹਨ। ਉਨ੍ਹਾਂ ਦੀਆਂ ਗ਼ਜ਼ਲਾਂ ਪੜ੍ਹਕੇ ਇਨਸਾਨ ਆਪਣੇ ਅੰਦਰ ਝਾਤੀ ਮਾਰਨ ਲਈ ਮਜ਼ਬੂਰ ਹੋ ਜਾਂਦਾ ਹੈ ਕਿਉਕ ਉਸਨੂੰ ਮਹਿਸੂਸ ਹੋਣ ਲੱਗ ਜਾਂਦਾ ਹੈ ਕਿ ਜਿਵੇਂ ਉਹ ਹੀ ਇਸ ਵਿਸੰਗਤੀ ਦਾ ਜ਼ਿੰਮੇਵਾਰ ਹੈ । ਸਮਾਜ ਵੱਲੋਂ ਕੀਤੀਆਂ ਜਾ ਰਹੀਆਂ ਅਣਗਹਿਲੀਆਂ ਅਤੇ ਜ਼ਿਆਦਤੀਆਂ ਦਾ ਪਰਦਾ ਅਜਿਹੇ ਢੰਗ ਨਾਲ ਫਾਸ਼ ਕਰਦੇ ਹਨ, ਜਿਨ੍ਹਾਂ ਨੂੰ ਪੜ੍ਹਨ ਵਾਲੇ ਆਪਣੇ ਅੰਦਰ ਝਾਤੀ ਮਾਰਕੇ ਆਪਣੀ ਅੰਤਹਕਰਨ ਦੀ ਆਵਾਜ਼ ਸੁਣਨ ਲਈ ਪ੍ਰੇਰਿਤ ਹੋ ਜਾਂਦੇ ਹਨ। ਸ਼ਾਇਰ ਛੁਪੇ ਰਹਿਣ ਦੀ ਪ੍ਰਵਿਰਤੀ ਕਰਕੇ ਪੁਸਤਕ ਪ੍ਰਕਾਸ਼ਤ ਕਰਵਾਉਣ ਤੋਂ ਕਿਨਾਰਾ ਕਰਦਾ ਰਿਹਾ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਵੀ ਦਰਬਾਰਾਂ ਨੂੰ ਲਗਾਤਾਰ ਲੁੱਟਣ ਵਾਲਾ ਗ਼ਜ਼ਲਗੋ ਪੁਸਤਕ ਪ੍ਰਕਾਸ਼ਤ ਕਰਵਾਉਣ ਵਿਚ ਮੇਰੀ ਛੁਪੇ ਰਹਿਣ ਦੀ ਚਾਹ ਅਤੇ ਸ਼ਰਮਾਕਲ ਸੁਭਅ ਹੋਣ ਕਰਕੇ ਫਾਡੀ ਰਿਹਾ ਹੈ। ਵਰਤਮਾਨ ਪ੍ਰਸਥਿਤੀਆਂ ਅਤੇ ਅਜੋਕੇ ਸਮੇਂ ਦੇ ਬਹੁਤੇ ਸ਼ਾਇਰਾਂ ਦੀ ਤਰ੍ਹਾਂ ਜੁਗਾੜੂ ਵੀ ਨਹੀਂ ਬਣ ਸਕਿਆ। ਕੁਦਰਤ ਨੇ ਵੀ ਉਸਦਾ ਸਾਥ ਨਹੀਂ ਦਿੱਤਾ, ਪਟਿਆਲਾ ਸ਼ਹਿਰ ਵਿਚ 1993 ਦੇ ਹੜ੍ਹਾਂ ਦੌਰਾਨ ਕੁਦਰਤ ਦੀ ਕਰੋਪੀ ਦਾ ਐਸਾ ਸ਼ਿਕਾਰ ਹੋਇਆ ਕਿ 15 ਸਾਲਾਂ ਦੀ ਸਾਹਿਤ ਸਾਧਨਾ ਮਿੰਟਾਂ ਸਕਿੰਟਾਂ ਵਿਚ ਹੀ ਹੜ੍ਹ ਦੇ ਪਾਣੀ ਦੀ ਭੇਂਟ ਚੜ੍ਹ ਗਈ। ਗ਼ਜ਼ਲਾਂ ਦੀਆਂ ਦੋ ਪੁਸਤਕਾਂ ਦੇ ਖਰੜੇ, ਜਿਨ੍ਹਾਂ ਨੂੰ ਉਹ ਬੱਚਿਆਂ ਦੀ ਤਰ੍ਹਾਂ ਕਲਾਵੇ ਵਿਚ ਸਾਂਭੀ ਰਖਦਾ ਸੀ, ਰੇਤ ਦੀ ਤਰ੍ਹਾਂ ਹੱਥਾਂ ਵਿਚੋਂ ਕਿਰ ਗਏ। ਸ਼ੈਦਾ ਹਰਫ਼ਨ ਮੌਲਾ ਗ਼ਜ਼ਲਗੋ ਹੈ, ਜਿਨ੍ਹਾਂ ਦੀਆਂ ਗ਼ਜ਼ਲਾਂ ਦੇ ਵਿਸ਼ੇ ਸਮਾਜਿਕ ਸਰੋਕਾਰਾਂ ਨਾਲ ਲਬਰੇਜ਼ ਹਨ। ਉਹ ਕਿਹੜਾ ਵਿਸ਼ਾ ਹੈ, ਜਿਹੜਾ ਇਨਸਾਨੀਅਤ ਦੀ ਬਿਹਤਰੀ ਦੀ ਗੱਲ ਕਰਦਾ ਹੋਵੇ, ਉਨ੍ਹਾਂ ਦੀਆਂ ਗਜ਼ਲਾਂ ਦਾ ਸ਼ਿੰਗਾਰ ਨਾ ਬਣਿਆਂ ਹੋਵੇ। ਆਮ ਤੌਰ ਤੇ ਗ਼ਜ਼ਲਾਂ ਰੁਮਾਂਟਿਕ ਸ਼ਬਦਾਵਲੀ ਵਿਚ ਲਿਖੀਆਂ ਜਾਂਦੀਆਂ ਹਨ ਪ੍ਰੰਤੂ ਅੰਮ੍ਰਿਤਪਾਲ ਸਿੰਘ ਸ਼ੈਦਾ ਦੀਆਂ ਬਹੁਤੀਆਂ ਗ਼ਜ਼ਲਾਂ ਸਮਾਜ ਵਿਚ ਹੋ ਰਹੇ ਅਨਿਆਂ ਅਤੇ ਸ਼ੋਸ਼ਣ ਦੇ ਵਿਰੁਧ ਰੋਹ ਪੈਦਾ ਕਰਨ ਵਾਲੀਆਂ ਹਨ। ਸ਼ੈਦਾ ਦਾ ਸਾਰਾ ਜੀਵਨ ਜਦੋਜਹਿਦ ਵਾਲਾ ਰਿਹਾ ਹੈ। ਉਹ ਦਸਾਂ ਨਹੁੰਆਂ ਦੀ ਕ੍ਰਿਤ ਕਮਾਈ ਕਰਨ ਅਤੇ ਦ੍ਰਿੜ੍ਹ ਇਰਾਦੇ ਵਾਲੇ ਖ਼ੁਦਦਾਰ ਸ਼ਾਇਰ ਹਨ। ਇਸ ਕਰਕੇ ਲਗਪਗ ਉਨ੍ਹਾਂ ਦੀ ਹਰ ਗ਼ਜ਼ਲ ਵਿਚ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਦੀ ਹਾਮੀ ਭਰੀ ਹੋਈ ਹੈ। ਉਨ੍ਹਾਂ ਨੇ ਸਮਾਜਿਕ ਨਾਬਰਾਬਰੀ ਦਾ ਸੇਕ ਖ਼ੁਦ ਵੀ ਹੰਢਾਇਆ ਹੈ, ਜਿਸ ਕਰਕੇ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਉਨ੍ਹਾਂ ਨੇ ਬਹੁਤ ਨੇੜਿਓਂ ਹੋ ਕੇ ਵੇਖਿਆ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਸਮਾਜਿਕ ਰੰਗਾਂ ਵਿਚ ਰੰਗੀਆਂ ਹੋਈਆਂ ਹਨ, ਖ਼ੁਸ਼ਬੋਆਂ ਖ਼ਿਲਾਰਦੀਆਂ ਹੋਈਆਂ ਸਮਾਜਿਕ ਤਾਣੇ ਬਾਣੇ ਨੂੰ ਮਹਿਕਾ ਰਹੀਆਂ ਹਨ। ਉਨ੍ਹਾਂ ਨੇ ਜ਼ਾਤ ਪਾਤ, ਭਰੂਣ ਹੱਤਿਆ, ਗ਼ਰੀਬੀ, ਆਰਥਿਕ ਅਸਾਵਾਂਪਣ, ਗੰਧਲੀ ਰਾਜਨੀਤੀ, ਸਮਾਜਿਕ ਆਰਥਿਕ ਅਤੇ ਸਭਿਅਚਾਰਿਕ ਸ਼ੋਸ਼ਣ, ਖ਼ੁਦਗਰਜ਼ੀ, ਧਾਰਮਿਕ ਕਟੜਤਾ, ਕਿਰਸਾਨੀ ਖ਼ੁਦਕਸ਼ੀਆਂ, ਵਾਤਾਵਰਨ ਅਤੇ ਹਉਮੈ ਆਦਿ ਨੂੰ ਆਪਣੀਆਂ ਗ਼ਜ਼ਲਾਂ ਦੇ ਵਿਸ਼ੇ ਬਣਾਇਆ ਹੈ। ਸਮਾਜ ਹਉਮੈ ਦੀ ਸਮਾਜਿਕ ਬਿਮਾਰੀ ਦਾ ਇਤਨਾ ਸ਼ਿਕਾਰ ਹੋਇਆ ਪਿਆ ਹੈ ਕਿ ਉਹ ਸਮਾਂ ਦੂਰ ਨਹੀਂ ਜਦੋਂ ਸਮਾਜ ਨੇ ਇਸ ਪ੍ਰਵਿਰਤੀ ਕਰਕੇ ਹੀ ਬਿਖਰ ਜਾਣਾ ਹੈ। ਇਨਸਾਨ ਦੀ ਹਉਮੈ ਬਾਰੇ ਉਨ੍ਹਾਂ ਬਾਖ਼ੂਬੀ ਲਿਖਦਿਆਂ ਕਿਹਾ ਹੈ ਕਿ ਹਓਮੈ ਇਤਨੀ ਮਾੜੀ ਹੈ ਕਿ ਉਸਨੇ ਸਾਰੇ ਸਮਾਜ ਨੂੰ ਨਿਗਲ ਜਾਣਾ ਹੈ-

ਨੈਜ਼ਿਆਂ 'ਤੇ ਜੋ ਸਜਾਂਦੇ ਨੇ ਸਿਰਾਂ ਨੂੰ,
ਵੇਖੀਂ ਏਸੇ ਹਉਮੈ ਨੇ ਨਿਗਲ ਲੈਣਾ ਹੈ ਲਸ਼ਕਰ ਸਾਰਾ।

ਉਨ੍ਹਾਂ ਦਾ ਪਲੇਠਾ ਗ਼ਜ਼ਲਾਂ ਦਾ ਸੰਗ੍ਰਹਿ ''ਫ਼ਸਲ ਧੁੱਪਾਂ ਦੀ'' ਦਿਲਕਸ਼ ਸਚਿਤਰ ਰੰਗਦਾਰ ਮੁੱਖ ਕਵਰ ਵਾਲਾ ਹੈ। ਗ਼ਜ਼ਲ ਸੰਗ੍ਰਹਿ ਦੀ ਆਕਰਸ਼ਕ ਦਿਖ ਤੋਂ ਹੀ ਉਸ ਵਿਚਲੀਆਂ ਗ਼ਜ਼ਲਾਂ ਦੀ ਭਿਣਕ ਪੈ ਜਾਂਦੀ ਹੈ। 100 ਪੰਨਿਆਂ ਅਤੇ 200 ਰੁਪਏ ਕੀਮਤ ਵਾਲੇ ਗ਼ਜ਼ਲ ਸੰਗ੍ਰਹਿ ਵਿਚ 58 ਗ਼ਜ਼ਲਾਂ, ਭੂਮਿਕਾ ਅਤੇ ਅੰਮ੍ਰਿਤਪਾਲ ਸਿੰਘ ਸ਼ੈਦਾ ਨਾਲ ਇਕ ਰੂਬਰੂ ਹੈ।






ਇਹ ਵੀ ਹੈਰਾਨੀ ਅਤੇ ਖ਼ੁਸ਼ੀ ਵਾਲੀ ਗੱਲ ਹੈ ਕਿ ਸ਼ਾਇਰ ਦੀ ਇਕ-ਇਕ ਗ਼ਜ਼ਲ ਵਿਚ ਹੀ ਸਮਾਜਿਕ ਸਰੋਕਾਰਾਂ ਵਾਲੇ ਤਿੰਨ-ਤਿੰਨ ਵਿਸ਼ਿਆਂ ਨੂੰ ਲਿਆ ਗਿਆ ਹੈ। ਇਸ ਤੋਂ ਸ਼ਾਇਰ ਦੀ ਸਮਾਜ ਬਾਰੇ ਸੰਜੀਦਗੀ ਦਾਪਤਾ ਲਗਦਾ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਕੋਟ ਕਰਨ ਲੱਗਿਆਂ ਮੁਸ਼ਕਲ ਪੈਦਾ ਹੋ ਜਾਂਦੀ ਹੈ ਕਿ ਕਿਹੜੇ ਸ਼ੇਅਰ ਨੂੰ ਕੋਟ ਕੀਤਾ ਜਾਵੇ ਤੇ ਕਿਹੜੇ ਨੂੰ ਛੱਡਿਆ ਜਾਵੇ ਭਾਵ ਉਨ੍ਹਾਂ ਦੇ ਸਾਰੇ ਦੇ ਸਾਰੇ ਸ਼ੇਅਰ ਹੀ ਬਾ ਕਮਾਲ ਹਨ। ਲਗਾਤਾਰ ਗ਼ਜ਼ਲਾਂ ਪੜ੍ਹਨੀਆਂ ਮੁਸ਼ਕਲ ਹੁੰਦੀਆਂ ਹਨ ਕਿਉਂਕਿ ਗ਼ਜ਼ਲਾਂ ਦੇ ਅਰਥ ਸਮਝਣ ਨੂੰ ਸਮਾਂ ਲੱਗਦਾ ਹੈ ਪ੍ਰੰਤੂ ਅੰਮ੍ਰਿਤਪਾਲ ਸਿੰਘ ਸ਼ੈਦਾ ਦੀਆਂ ਗ਼ਜ਼ਲਾਂ ਪੜ੍ਹਨ ਲੱਗਿਆਂ ਸਾਰਾ ਗ਼ਜ਼ਲ ਸੰਗ੍ਰਹਿ ਪੜ੍ਹ ਨੂ ਦਿਲ ਕਰਦਾ ਹੈ। ਭਾਵ ਸਾਰਾ ਗ਼ਜ਼ਲ ਸੰਗ੍ਰਹਿ ਹਿਕ ਵਾਰ ਹੀ ਪੜ੍ਹਿਆ ਜਾਂਦਾ ਹੈ। ਹਰ ਗ਼ਜ਼ਲ ਹੀ ਬਿਹਤਰੀਨ ਅਰਥ ਭਰਪੂਰ ਹੈ। ਹਰ ਸ਼ੇਅਰ ਕਿਸੇ ਮੰਤਵ ਦਾ ਪ੍ਰਤੀਕ ਹੈ। ਸ਼ਾਇਰ ਨੂੰ ਸਮਾਜ ਵਿਚ ਵਧ ਰਹੀ ਧਾਰਮਿਕ ਕੱਟੜਤਾ ਤੰਗ ਕਰ ਰਹੀ ਲੱਗਦੀ ਹੈ, ਜਿਸ ਕਰਕੇ ਉਹ ਧਾਰਮਿਕ ਕਿਰਦਾਰਾਂ ਬਾਰੇ ਲਿਖਦੇ ਹਨ ਕਿ ਧਾਰਮਿਕ ਕਟੜਤਾ ਦੀ ਜਿਹੜੀ ਅੱਗ ਅਗਰਬੱਤੀ ਦੀ ਤਰ੍ਹਾਂ ਸੁਲਘਦੀ ਹੋਈ ਮਹਿਕਾਂ ਖਿਲਾਰਦੀ ਆਪ ਖ਼ਤਮ ਹੋ ਜਾਂਦੀ ਹੈ, ਉਸੇ ਤਰ੍ਹਾਂ ਸਾਡੇ ਸਾਰੇ ਸਮਾਜ ਦੀ ਹੋਂਦ ਵੀ ਉਸੇ ਤਰ੍ਹਾਂ ਹੀ ਮਿਟਾ ਸਕਦੀ ਹੈ।

ਧੁਖਦੀ-ਧੁਖਦੀ ਨੇ ਹੀ ਹੋਂਦ ਅਪਣੀ ਮਿਟਾਈ ਸਾਰੀ,
ਜਿਸ ਅਗਰਬੱਤੀ ਨੇ ਮਹਿਕਾਇਆ ਹੈ ਮੰਦਰ ਸਾਰਾ।

ਰਾਜਨੀਤਕ ਲੋਕਾਂ ਦੇ ਕਿਰਦਾਰ ਬਾਰੇ ਵੀ ਚਿੰਤਤ ਹਨ ਇਸ ਲਈ ਉਹ ਲਿਖਦੇ ਹਨ ਕਿ ਸਿਆਸਤਦਾਨ ਦੇਸ਼ ਲਈ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਫ਼ੌਜੀਆਂ ਦੀਆਂ ਕੁਰਬਾਨੀਆਂ ਨੂੰ ਵੀ ਅਣਗੌਲਿਆਂ ਕਰਕੇ ਭਰਿਸ਼ਟਾਚਾਰ ਕਰਨ ਨੂੰ ਤਰਜ਼ੀਹ ਦੇ ਰਹੇ ਹਨ। ਸਿਆਸਤਦਾਨ ਆਪਣੀ ਕੌਮ ਦਾ ਧਿਆਨ ਨਹੀਂ ਰੱਖਦੇ, ਉਨ੍ਹਾਂ ਨੂੰ ਤਾਂ ਦੇਸ ਨਾਲੋਂ ਪੈਸਾ ਪਿਆਰਾ ਹੈ।

ਸਮੁੱਚੀ ਕੌਮ ਦੀ ਖ਼ਾਤਿਰ, ਸ਼ਹੀਦੀ ਵਾਸਤੇ ਜੇਕਰ
ਕਫ਼ਨ ਤੇ ਦਸਤਖ਼ਤ ਕਰਦਾ, ਜ਼ਮਾਨਾ ਯਾਦ ਵੀ ਰਖਦਾ।

ਭਰੂਣ ਹੱਤਿਆ ਦੀ ਸਮਾਜਿਕ ਬਿਮਾਰੀ ਘੁਣ ਦੀ ਤਰ੍ਹਾਂ ਸਮਾਜ ਨੂੰ ਖੋਖਲਾ ਕਰ ਰਹੀ ਹੈ। ਭਰੂਣ ਹੱਤਿਆ ਜੇਕਰ ਇਸੇ ਰਫ਼ਤਾਰ ਨਾਲ ਜਾਰੀ ਰਹੀ ਤਾਂ ਸਾਡੇ ਸਭਿਆਚਾਰ ਤੇ ਭੈੜਾ ਅਸਰ ਪਵੇਗਾ। ਵਿਆਹ ਸ਼ਾਦੀਆਂ ਦੀਆਂ ਰੰਗੀਨੀਆਂ ਖ਼ਤਮ ਹੋ ਜਾਣਗੀਆਂ। ਮਹਿਫ਼ਲਾਂ ਲੱਗਣੋਂ ਹਟ ਜਾਣਗੀਆਂ। ਇਸ ਬਿਮਾਰੀ ਦੇ ਦੂਰਗਾਮੀ ਨਿਕਲਣ ਵਾਲੇ ਨਤੀਜਿਆਂ ਬਾਰੇ ਉਹ ਆਗਾਹ ਕਰਦੇ ਲਿਖਦੇ ਹਨ-

ਕਤਲਗਾਹਾਂ ਜੇ ਨਾ ਕੁੱਖ਼ਾਂ ਨੂੰ ਬਣਨ ਤੋਂ ਥੰਮ੍ਹਿਆਂ,
ਵੇਖਣੋਂ ਧੀਆਂ ਤੇ ਭੈਣਾਂ ਨੂੰ ਤਰਸ ਨਾ ਜਾਵੀਂ।
ਜੇ ਕਤਲੇਆਮ ਨਾ ਕੁੱਖ਼ਾਂ 'ਚੋਂ ਰੋਕਿਆ ਯਾਰੋ,
ਸੁਹਾਗ ਗਾਏਗਾ ਫਿਰ ਕੌਣ ਆਪਣੇ ਵੀਰਾਂ ਦੇ।

ਸ਼ਾਇਰ ਸਮਾਜਿਕ ਬਿਮਾਰੀਆਂ ਬਾਰੇ ਬਹੁਤ ਹੀ ਸੰਜੀਦਾ ਅਤੇ ਚਿੰਤਤ ਲੱਗਦਾ ਹੈ। ਸਮਾਜ ਵਿਚ ਝੂਠ, ਫ਼ਰੇਬ, ਦਗ਼ਾ ਅਤੇ ਹੇਰਾ ਫੇਰੀ ਭਾਰੂ ਹੋ ਗਈ ਹੈ, ਜਿਸ ਕਰਕੇ ਸਮਾਜਿਕ ਖੋਖਲਾਪਣ ਪੈਦਾ ਹੋ ਗਿਆ ਹੈ। ਸੱਚ ਬੋਲਣ ਦਾ ਲੋਕ ਹੀਆ ਹੀ ਨਹੀਂ ਕਰ ਰਹੇ ਜਾਂ ਜਾਣ ਬੁਝਕੇ ਸੱਚ ਨੂੰ ਦਬਾ ਰਹੇ ਹਨ। ਜੇਕਰ ਸੱਚ ਤੇ ਪਹਿਰਾ ਨਾ ਦਿੱਤਾ ਗਿਅ ਤਾਂ ਸਮਾਜ ਵਿਚ ਉਥਲ ਪੁਥਲ ਹੋ ਜਾਵੇ। ਇਸ ਬਾਰੇ ਉਹ ਲਿਖਦੇ ਹਨ-

ਅਸੀਂ ਦੇਵਾਂਗੇ ਪਹਿਰਾ, ਫ਼ਸਲ ਅੰਗਿਆਰਾਂ ਦੀ ਪੱਕਣ ਤੱਕ,
ਤੂੰ ਚਿੰਗਾਰੀ ਕੋਈ ਸੱਚ ਦੀ ਦਬਾ ਜਾਵੀਂ ਹਵਾਵਾਂ ਵਿਚ।

ਸਮਾਜਿਕ ਬੁਰਾਈਆਂ ਵਿਚ ਵਾਧਾ ਹੋਣ ਨਾਲ ਇਨਸਾਨ ਵਿਚ ਹੈਵਾਨੀਅਤ ਵਾਲੇ ਗੁਣ ਪੈਦਾ ਹੋ ਰਹੇ ਹਨ। ਲੋਕਾਂ ਵਿਚ ਨੇਕ ਨੀਤੀ ਦੀ ਪ੍ਰਵਿਰਤੀ ਪਰ ਲਾ ਕੇ ਉਡ ਗਈ ਹੈ। ਲੋਕ ਜ਼ਮੀਰ ਦੀ ਅਵਾਜ਼ ਸੁਣਨ ਤੋਂ ਆਕੀ ਹੋ ਗਏ ਹਨ। ਜਿਹੜੇ ਲੋਕਾਂ ਦੀ ਜ਼ਮੀਰ ਹੀ ਮਰ ਗਈ ਹੈ, ਉਹ ਨਿਗਰ ਸਮਾਜ ਨਹੀਂ ਸਿਰਜ ਸਕਦੇ। ਅਜਿਹੇ ਲੋਕਾਂ ਬਾਰੇ ਸ਼ਾਇਰ ਲਿਖਦੇ ਹਨ-

ਜ਼ਮੀਰੋਂ ਸੱਖ਼ਣੇ ਕਲਬੂਤ ਦਾ ਕੀ ਮਾਣ ਕਰਨਾ ਹੈ,
ਬਿਖ਼ਰਦਾ ਜਾ ਰਿਹਾ ਹੈ ਰਾਤ-ਦਿਨ ਸਾਹਾਂ ਦਾ ਸ਼ੀਰਾਜ਼ਾ।

ਅੰਮ੍ਰਿਤਪਾਲ ਸਿੰਘ ਸ਼ੈਦਾ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰ ਦੇ ਰਿਹਾ ਹਾਂ ਜੋ ਸ਼ਹਿਰ ਦੀ ਸਮਾਜ ਬਾਰੇ ਪ੍ਰਤੀਨਿਧਤਾ ਦਾ ਸਬੂਤ ਦੇ ਰਹੇ ਹਨ-

ਫ਼ਾਈਲਾਂ ਹੀ ਫ਼ਾਈਲਾਂ ਦੇ ਢੇਰ ਨੇ ਹਰ ਮੇਜ਼ ਉੱਤੇ,
ਦਰਦ ਦਾ ਭਰਪੂਰ ਦਫ਼ਤਰ ਫਿਰ ਵੀ ਬੇਕਸ ਹੈ ਮਿਰਾ ਦਿਲ।
ਅਸਾਡੇ ਸੀਨੇ 'ਚ ਖ਼ੰਜ਼ਰ ਉਤਾਰ ਸੌ ਵਾਰੀ,
ਨਿਸ਼ਾਨੇ ਲਾਇਆ ਨ ਕਰ ਸ਼ੈਦਾ ਸ਼ਬਦ-ਤੀਰਾਂ ਦੇ।
ਇਕੋ ਜੈਸੇ ਅੰਗਾਂ ਦਾ ਕਲਬੂਤ ਹੈ ਭਾਵੇਂ ਹਰ ਮਾਨਵ,
ਜ਼ਾਤਾਂ-ਪਾਤਾਂ ਦੇ ਨਰਕਾਂ ਵਿੱਚ ਪਰ ਮਾਨਵ ਨੇ ਰੋਲੀ ਦਾਤ।
ਸਾਉਣ ਨੂੰ ਪੀੜਾਂ ਦੀ ਬਦਲੀ ਨੇ ਝੜੀ ਕੀ ਲਾਈ,
ਰੂਹ ਦੀ ਪੈਲੀ 'ਚ ਫਿਰ ਜ਼ਖ਼ਮ ਹਰੇ ਹੋਏ।
ਖ਼ੁਸ਼ਬੂ-ਖ਼ੁਸ਼ਬੂ ਸੁਰਖ਼ ਗੁਲਾਬਾਂ ਦੇ ਚੁਗਿਰਦੇ ਅੱਖੀਆਂ ਨੇ,
ਆਪਣੀ ਹੋਂਦ ਜਤਾਂਦੇ ਤਿੱਖੇ-ਮੂੰਹੀਂ ਖ਼ਾਰ ਵੀ ਦੇਖੇ ਨੇ।
ਕੁਲ੍ਹਾੜਿਆਂ ਨੂੰ ਕਦੀ ਕੀ ਤਿਰਾ ਡਰ ਨਾ ਆਇਆ।
ਦਰੱਖ਼ਤ ਬਾਹਾਂ ਉਲਾਰੀ ਗਗਨ ਤੋਂ ਪੁਛਦੇ ਨੇ,

ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਸ਼ਇਰ ਦੀ ਪ੍ਰਬੀਨਤਾ ਸਮਾਜਿਕ ਸਰੋਕਾਰਾਂ ਬਾਰੇ ਇਤਨੀ ਮਹੀਨ ਹੈ ਕਿ ਇਕ ਦਿਨ ਸ਼ੈਦਾ ਨਾਮੀ ਗ਼ਜ਼ਲਗੋ ਬਣਕੇ ਸਾਹਮਣੇ ਆਵੇਗਾ।

ਸ਼ਾਲਾ ਉਨ੍ਹਾਂ ਦੇ ਹੋਰ ਬਿਹਤਰੀਨ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਹੋਣ ਤਾਂ ਜੋ ਪਾਠਕ ਉਨ੍ਹਾਂ ਦੀਆਂ ਗ਼ਜ਼ਲਾਂ ਦਾ ਆਨੰਦ ਮਾਣ ਸਕਣ।

# ਮਾਤਾ ਕੇਵਲ ਕੌਰ ਭੋਗਪੁਰ ਨੂੰ ਸ਼ਰਧਾਂਜਲੀਆਂ ਅਰਪਿਤ

**ਭੋਗਪੁਰ /ਸ਼ਾਮ ਚੁਰਾਸੀ 10 ਮਈ (ਕੁਲਦੀਪ ਚੁੰਬਰ)-** ਯੂ ਐਸ ਏ ਵੱਸਦੇ ਪ੍ਰਵਾਸੀ ਭਾਰਤੀ ਪ੍ਰਸਿੱਧ ਰੰਗ ਕਰਮੀ ਤੇ ਵੀਡੀਓ ਡਾਇਰੈਕਟਰ ਰਾਮ ਭੋਗਪੁਰੀਆ ਦੀ ਪੂਜਨੀਕ ਬੀਬੀ ਸ਼੍ਰੀਮਤੀ ਕੇਵਲ ਕੌਰ (77) ਪਤਨੀ ਸਵ. ਸ਼੍ਰੀ ਚਾਨਣ ਰਾਮ ਜੋ ਬੀਤੀ 30 ਅਪ੍ਰੈਲ ਨੂੰ ਅਕਾਲ ਚਲਾਣਾ ਕਰ ਗਏ ਸੀ ਨਮਿਤ ਭੋਗ ਅਤੇ ਅੰਤਿਮ ਅਰਦਾਸ ਕੋਵਿਡ 19 ਦੀ ਮਹਾਂਮਾਰੀ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਵਿਖ਼ੇ ਕੀਤੀ ਗਈ ਭੋਗ ਉਪਰੰਤ ਅਰਦਾਸ ਤੇ ਵੈਰਾਗਮਈ ਕੀਰਤਨ ਕੀਤਾ ਗਿਆ ਇਸ ਦੁੱਖ ਦੀ ਘੜੀ ਵਿਚ ਰਾਮ ਭੋਗ-ਪੁਰੀਆ ਨਾਲ ਗਾਇਕ ਸੁਰਿੰਦਰ ਲਾਡੀ , ਕੁਲਦੀਪ ਚੁੰਬਰ, ਦਿਨੇਸ਼ ਸ਼ਾਮਚੁਰਾਸੀ, ਤਾਜ ਨਗੀਨਾ, ਵੀਡੀਓ ਡਾਇਰੈਕਟਰ ਬਾਬਾ ਕਮਲ, ਧੰਨਪਤ ਰਾਏ ਯੂ ਐਸ ਏ, ਨਿਸ਼ਾਨ ਬਹਿਰਾਮੀਆ, ਪ੍ਰਗਟ ਕੌਹਜਾ, ਹਰੀ ਕ੍ਰਿਸ਼ਨ, ਪੱਤਰਕਾਰ ਦੀਪਕ ਬਹਿਲ, ਸਿੰਗਰ ਪੁਰੀ ਸਾਬ੍ਹ, ਵਿਕਾਸ ਮਾਲਵਾ, ਅਸ਼ਵਨੀ ਪੰਡਿਤ, ਸੁਖਦੇਵ ਬਿੱਲ, ਡਾਇਰੈਕਟਰ ਪੀ ਕੇ ਕਲੇਰ, ਰਾਜੇਸ਼ ਭਾਰਦਵਾਜ, ਰਾਜੇਸ਼ ਬੱਗਾ ਪ੍ਰਧਾਨ ਰਵਿਦਾਸ ਨਗਰ, ਬਲਬੀਰ ਸਿੰਘ, ਈ ਓ ਰਾਮਜੀਤ ਭੋਗਪੁਰ ਸਮੇਤ ਵੱਡੀ ਗਿਣਤੀ ਵਿਚ ਸੱਜਣ ਮਿੱਤਰ ਰਿਸ਼ਤੇਦਾਰ ਹਾਜ਼ਰ ਹੋਏ ਮਾਤਾ ਕੇਵਲ ਕੌਰ ਜੀ ਆਪਣੇ ਪਿੱਛੇ ਤਿੰਨ ਬੇਟੀਆਂ ਹੰਸ ਕੁਮਾਰੀ, ਪਵਨ ਕੁਮਾਰੀ, ਪਿੰਕੀ ਰਾਣੀ , ਦੋ ਬੇਟੇ ਬਲਰਾਮ ਜੀ ਅਤੇ ਰਾਮ ਜੀ ਭੋਗਪੁਰੀਆ ਯੂ ਐਸ ਏ, ਵਿਕਰਮ ਪੋਤਰਾ ਤੋਂ ਇਲਾਵਾ ਦੋਹਤੇ , ਦੋਹਤਰੀਆਂ ਦਾ ਖੁਸ਼ਹਾਲ ਪਰਿਵਾਰ ਛੱਡ ਗਏ।



# ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਨਜ਼ਰ ਦਲਿਤ ਵੋਟਰਾਂ 'ਤੇ

ਚੰਡੀਗੜ੍ਹ- ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਸਿਆਸੀ ਧਿਰਾਂ ਦਲਿਤ ਵੱਸੋਂ ਉਤੇ ਡੋਰੇ ਪਾਉਣ ਲਈ ਸਰਗਰਮ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਦਲਿਤ ਪੱਤਾ ਖੇਡਦਿਆਂ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਤਾ ਵਿਚ ਆਉਣ 'ਤੇ ਦਲਿਤ ਪਰਿਵਾਰ ਵਿਚੋਂ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ। ਜਦ ਕਿ ਭਾਜਪਾ ਨੇ ਇਸ ਤੋਂ ਇਕ ਕਦਮ ਅੱਗੇ ਜਾਂਦੇ ਹੋਏ ਆਖ ਦਿੱਤਾ ਹੈ ਕਿ ਜਿੱਤ ਤੋਂ ਬਾਅਦ ਮੁੱਖ ਮੰਤਰੀ ਦੀ ਕੁਰਸੀ ਦਲਿਤ ਆਗੂ ਨੂੰ ਸੌਂਪੀ ਜਾਵੇਗੀ। ਜਿਸ ਪਿੱਛੋਂ ਕਾਂਗਰਸ ਵੱਲੋਂ ਦਲਿਤਾਂ ਲਈ ਲੋਕ ਲਭਾਊ ਸਕੀਮਾਂ ਦੀ ਝੜੀ ਲਾਉਣੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਐਲਾਨਾਂ ਪਿੱਛੋਂ ਰਾਜ ਵਿਚ ਚੋਣਾਂ ਦੀ ਚਰਚਾ ਨੂੰ ਵੱਡੀਆਂ ਸਿਆਸੀ ਪਾਰਟੀਆਂ ਨੇ ਹੋਰ ਵੀ ਹਵਾ ਦੇ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਦੇ ਐਲਾਨ ਨੂੰ ਕਾਂਗਰਸ ਅਤੇ ਭਾਜਪਾ ਨੇ ਚੋਣ ਸਟੰਟ ਦਾ ਨਾਂ ਦਿੱਤਾ ਹੈ। ਸੂਬੇ ਵਿਚ 34 ਸੀਟਾਂ ਰਾਖਵੀਆਂ ਹਨ ਅਤੇ ਵਿਸ਼ੇਸ਼ ਤੌਰ ਉਤੇ ਦੁਆਬਾ ਖੇਤਰ ਵਿਚ ਦਲਿਤ ਭਾਈਚਾਰੇ ਦੀ ਵਸੋਂ ਵਧੇਰੇ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਐਲਾਨ ਵੀ ਕੀਤਾ ਹੈ ਕਿ ਸਰਕਾਰ ਦਾ 30 ਫੀਸਦੀ ਪੈਸਾ ਅਨੁਸੂਚਿਤ ਜਾਤੀਆਂ ਲਈ ਬਣਾਈਆਂ ਯੋਜਨਾਵਾਂ ਉਤੇ ਖਰਚ ਕੀਤਾ ਜਾਏਗਾ। ਜਿਸ ਨਾਲ ਸੂਬੇ ਵਿਚ ਜਾਤੀਵਾਦ ਦੇ ਹੋਰ ਵਧਣ ਦੀ ਸੰਭਾਵਨਾ ਵਧੇਰੇ ਬਣਦੀ ਨਜ਼ਰ ਆ ਰਹੀ ਹੈ। ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਵਿਚ ਕੁਝ ਮਹੀਨੇ ਬਾਕੀ ਹਨ। ਸੂਬੇ ਦੀ 32-33 ਫੀਸਦੀ ਵਸੋਂ ਦਲਿਤ ਹੈ ਪਰ ਬਹੁਜਨ ਸਮਾਜ ਪਾਰਟੀ ਇਥੇ ਆਪਣਾ ਵੱਡਾ ਆਧਾਰ ਨਹੀਂ ਬਣਾ ਸਕੀ। ਪੰਜਾਬ ਦੇ ਦਲਿਤ ਕਾਂਗਰਸ, ਅਕਾਲੀ ਦਲ ਅਤੇ ਕਮਿਊਨਿਸਟ ਪਾਰਟੀਆਂ ਦੇ ਵੋਟਰ ਰਹੇ ਹਨ। ਸਿੱਖ ਧਰਮ ਦੇ ਪ੍ਰਭਾਵ ਕਾਰਨ ਪੰਜਾਬੀ ਸਮਾਜ ਜ਼ਿਆਦਾ ਜਮਹੂਰੀ ਹੈ ਅਤੇ ਦਲਿਤਾਂ ਨਾਲ ਹੁੰਦੇ ਵਿਤਕਰੇ ਉਨੇ ਤਿੱਖੇ ਨਹੀਂ ਜਿੰਨੇ ਦੂਸਰੇ ਸੂਬਿਆਂ ਵਿਚ ਹਨ। ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਪੰਜਾਬ ਦਾ ਅਗਲਾ ਉਪ ਮੁੱਖ ਮੰਤਰੀ ਦਲਿਤ ਹੋਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਦਲਿਤ ਵਰਗ ਵੱਲ ਵਿਸ਼ੇਸ਼ ਧਿਆਨ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਾ। ਬੀ ਆਰ ਅੰਬੇਡਕਰ ਨੂੰ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤਰਫੋਂ ਸਾਰੀਆਂ ਸੂਬਾਈ ਯੋਜਨਾਵਾਂ ਵਿਚੋਂ ਘੱਟੋ-ਘੱਟ 30 ਫੀਸਦੀ ਫੰਡ ਪੰਜਾਬ ਦੀ ਅਨੁਸੂਚਿਤ ਜਾਤੀ ਵਸੋਂ ਦੀ ਭਲਾਈ ਲਈ ਖਰਚੇ ਜਾਣਗੇ। ਮੁੱਖ ਮੰਤਰੀ ਨੇ ਸੂਬਾ ਪੱਧਰੀ ਵਰਚੂਅਲ ਸਮਾਗਮ ਦੌਰਾਨ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ। ਅੰਬੇਡਕਰ ਨੂੰ ਸਰਧਾ ਦੇ ਫੁੱਲ ਭੇਟ ਕਰਦਿਆਂ ਸਾਰੇ ਵਿਭਾਗਾਂ ਵਿਚ ਐਸ।ਸੀ। ਅਸਾਮੀਆਂ ਦਾ ਬੈਕਲਾਗ ਪਹਿਲ ਦੇ ਆਧਾਰ 'ਤੇ ਭਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਸਿਯਾਜੀਰਾਓ ਗਾਇਕਵਾੜ ਵੱਲੋਂ ਸਥਾਪਤ ਸਕੀਮ ਤਹਿਤ ਬਾਬਾ ਸਾਹਿਬ ਨੂੰ ਦਿੱਤੀ ਗਈ ਬੜੌਦਾ ਸਟੇਟ ਸਕਾਲਰਸ਼ਿਪ ਸਕੀਮ ਦੀ ਤਰਜ਼ 'ਤੇ ਐਸਸੀ ਵਿਦਿਆਰਥੀਆਂ ਲਈ 'ਪੋਸਟ-ਮੈਟਿਰਕ ਓਵਰਸੀਜ ਸਕਾਲਰਸ਼ਿਪ' ਸਕੀਮ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਵੀ ਵਾਅਦਾ ਕੀਤਾ। ਮੁੱਖ ਮੰਤਰੀ ਨੇ ਵਿੱਤੀ ਸਾਲ 2022 ਲਈ ਪੇਂਡੂ ਲਿੰਕ ਸੜਕਾਂ ਲਈ 500 ਕਰੋੜ ਰੁਪਏ ਦੀ ਲਾਗਤ ਵਾਲੇ ਵਿਸ਼ੇਸ਼ ਪ੍ਰੋਜੈਕਟ ਦਾ ਵੀ ਐਲਾਨ ਕੀਤਾ। ਇਸ ਪ੍ਰੋਜੈਕਟ ਰਾਹੀਂ ਸ਼ਮਸ਼ਾਨ ਘਾਟ ਅਤੇ ਪੂਜਾ ਸਥਾਨ ਵੀ ਜੋੜੇ ਜਾਣਗੇ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਦੀ 50 ਫੀਸਦੀ ਤੋਂ ਵੱਧ ਅਬਾਦੀ ਵਾਲੇ ਪਿੰਡਾਂ ਦੇ ਆਧੁਨਿਕੀਕਰਨ ਲਈ ਸਾਲ 2021-22 ਵਿਚ 100 ਕਰੋੜ ਦੀ ਵਿਸ਼ੇਸ਼ ਰਾਸ਼ੀ ਪ੍ਰਸਤਾਵਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਬਾਰ੍ਹਵੀਂ ਜਮਾਤ ਦੇ ਸਾਰੇ ਐਸਸੀ ਵਿਦਿਆਰਥੀਆਂ ਨੂੰ ਸਮਾਰਟ ਫੋਨ ਦਿੱਤੇ ਜਾਣਗੇ।


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop

# ਮੇਅਰ ਹਰਦੀਪ ਸਿੰਘ ਅਤੇ ਪਰਿਵਾਰ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ

**ਕੌਰਨਿੰਗ (ਬਿਊਰੋ)–** ਹਰਦੀਪ ਸਿੰਘ (ਸਾਬਕਾ ਮੇਅਰ) ਅਤੇ ਉਹਨਾਂ ਦੀ ਸੁਪਤਨੀ ਸੁਖਵੰਤ ਕੌਰ ਅਤੇ ਸਮੂਹ ਪਰਿਵਾਰ ਨੇ ਆਪਣੇ ਗ੍ਰਹਿ ਹਿਊਗਟਨ ਐਵੇਨਿਊ, ਕੌਰਨਿੰਗ ਵਿਖੇ ਪਰਿਵਾਰ ਦੀ ਖੁਸ਼ਹਾਲੀ ਲਈ 6 ਮਈ 2021 ਦਿਨ ਵੀਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ। ਸ੍ਰੀ ਅਖੰਡ ਪਾਠ ਸਾਹਿਬ 6 ਮਈ ਨੂੰ 11.30 ਵਜੇ ਆਰੰਭ ਕਰਵਾਏ ਗਏ, ਜਿਹਨਾਂ ਦੇ ਭੋਗ 8 ਮਈ ਨੂੰ ਸਵੇਰ 10.30 ਵਜੇ ਪਾਏ ਗਏ। ਉਪਰੰਤ ਪ੍ਰਸਿੱਧ ਕੀਰਤਨੀ ਜਥਾ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ। ਇਸ ਮੌਕੇ ਕੋਰੋਨਾ ਨੂੰ ਮੁੱਖ ਰੱਖਦਿਆਂ ਸੰਗਤਾਂ ਨੇ ਹਾਜਰੀਆਂ ਭਰੀਆਂ ਅਤੇ ਮੇਅਰ ਪਰਿਵਾਰ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਅਤੇ ਸੰਗਤਾਂ ਨੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ।

ਗੁਰੂ ਕਾ ਲੰਗਰ ਅਤੁੱਟ ਵਰਤਿਆ।

















Pictured: Prem Chumber Desh Doaba









# ਮੇਅਰ ਹਰਦੀਪ ਸਿੰਘ ਅਤੇ ਪਰਿਵਾਰ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ


















Pictured: Prem Chumber Desh Doaba






# ਮੇਅਰ ਹਰਦੀਪ ਸਿੰਘ ਅਤੇ ਪਰਿਵਾਰ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ



















Pictured: Prem Chumber Desh Doaba

# ਮੇਅਰ ਹਰਦੀਪ ਸਿੰਘ ਅਤੇ ਪਰਿਵਾਰ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ












Pictured: Prem Chumber Desh Doaba



